ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 5 | 29 January 2020 to 4 February 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਦੇ ਮੁੱਖ ਮੰਤਰੀ ਵਲੋਂ ਹੈਰੀਟੇਜ ਸਟਰੀਟ ਅੰਮ੍ਰਿਤਸਰ ’ਚੋਂ ਬੁੱਤ ਹਟਾਉਣ ਦੇ ਹੁਕਮ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਂਦੀ ਹੈਰੀਟੇਜ ਸਟਰੀਟ ਵਿਚ ਲੱਗੇ ਵਿਵਾਦਿਤ ਬੁੱਤਾਂ ਨੂੰ ਹਟਾਉਣ ਦੇ ਆਦੇਸ਼ ਦਿੱਤੇ ਹਨ। ਪਹਿਲਾਂ ਇਸ ਮਾਮਲੇ ਸਬੰਧੀ ਮੁੱਖ ਮੰਤਰੀ ਵਲੋਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਨਾਲ ਗੱਲਬਾਤ ਕੀਤੀ ਗਈ।

ਸਰਕਾਰੀ ਬੁਲਾਰੇ ਅਨੁਸਾਰ ਮੁੱਖ ਮੰਤਰੀ ਵਲੋਂ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਆਦੇਸ਼ ਦਿੱਤੇ ਗਏ ਹਨ ਕਿ ਹੈਰੀਟੇਜ ਸਟਰੀਟ ਵਿਚੋਂ ਵਿਵਾਦਿਤ ਬੁੱਤਾਂ ਨੂੰ ਹਟਾ ਕੇ ਕਿਸੇ ਹੋਰ ਥਾਂ ’ਤੇ ਸਥਾਪਤ ਕਰ ਦਿੱਤਾ ਜਾਵੇ। ਇਸੇ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਨੇ ਡੀਜੀਪੀ ਨੂੰ ਆਖਿਆ ਹੈ ਕਿ ਬੁੱਤ ਹਟਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਨੌਜਵਾਨਾਂ ਖਿਲਾਫ ਕੇਸ ਬਾਰੇ ਮੁੜ ਵਿਚਾਰ ਕੀਤਾ ਜਾਵੇ ਅਤੇ ਉਨਾਂ ਖਲਿਾਫ ਲਾਈ ਗਈ ਸਖਤ ਧਾਰਾ ਹਟਾਈ ਜਾਵੇ। ਸੂਤਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਫੋਨ ’ਤੇ ਗੱਲਬਾਤ ਕੀਤੀ। ਜਥੇਦਾਰ ਹਰਪ੍ਰੀਤ ਸਿੰਘ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਇਹ ਬੁੱਤ ਸਿੱਖ ਰਹਿਤ ਮਰਿਆਦਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਰੂਹਾਨੀਅਤ ਦੇ ਅਨੁਕੂਲ ਨਹੀਂ ਹਨ। ਇੱਥੇ ਗੁਰੂ ਘਰ ਦੀ ਰੂਹਾਨੀਅਤ ਅਤੇ ਅਧਿਆਤਮਿਕਤਾ ਦੇ ਅਨੁਕੂਲ ਬੁੱਤ ਹੀ ਹੋਣੇ ਚਾਹੀਦੇ ਹਨ। ਇਸ ’ਤੇ ਮੁੱਖ ਮੰਤਰੀ ਨੇ ਹੈਰੀਟੇਜ ਸਟਰੀਟ ਵਿੱਚੋਂ ਵਿਵਾਦ ਦਾ ਕਾਰਨ ਬਣੇ ਭੰਗੜਾ ਤੇ ਗਿੱਧਾ ਪਾਉਂਦੇ ਗੱਭਰੂ ਤੇ ਮੁਟਿਆਰਾਂ ਦੇ ਬੁੱਤ ਹਟਾਉਣ ਦਾ ਭਰੋਸਾ ਦਿੱਤਾ। ਉਨਾਂ ਨੇ ਇਨਾਂ ਵਿਵਾਦਿਤ ਬੁੱਤਾਂ ਦੀ ਥਾਂ ’ਤੇ ਸਿੱਖ ਜਥੇਬੰਦੀਆਂ ਦੀ ਮੰਗ ਮੁਤਾਬਕ ਬੁੱਤ ਲਾਉਣ ਲਈ ਆਖਿਆ। ਇਸ ਤੋਂ ਇਲਾਵਾ ਬੁੱਤ ਢਾਹੁਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਦੀ ਰਿਹਾਈ ਦਾ ਵੀ ਭਰੋਸਾ ਦਿੱਤਾ ਗਿਆ।

ਦੱਸਣਯੋਗ ਹੈ ਕਿ ਇਨਾਂ ਬੁੱਤਾਂ ਨੂੰ ਹਟਾਉਣ ਦੀ ਮੰਗ ਸਬੰਧੀ ਸਿੱਖ ਜਥੇਬੰਦੀਆਂ ਵਲੋਂ ਪਿਛਲੇ ਛੇ ਦਿਨਾਂ ਤੋਂ ਧਰਨਾ ਦਿੱਤਾ ਹੋਇਆ ਹੈ। ਇਸ ਧਰਨੇ ਨੂੰ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸਮਰਥਨ ਵੀ ਦਿੱਤਾ ਹੈ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਵੱਲੋਂ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਨੂੰ ਬੁੱਤ ਹਟਾਉਣ ਲਈ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਆਖਿਆ ਗਿਆ ਸੀ। ਇਹ ਕਮੇਟੀ ਬੀਤੇ ਦਿਨ ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੂੰ ਮਿਲੀ ਸੀ, ਜਿਨਾਂ ਨੇ ਬੁੱਤ ਹਟਾਉਣ ਲਈ ਸਰਕਾਰ ਨਾਲ ਮੀਟਿੰਗ ਕਰਾਉਣ ਦਾ ਭਰੋਸਾ ਦਿੱਤਾ ਸੀ। ਇਨਾਂ ਵਿਵਾਦਿਤ ਬੁੱਤਾਂ ਨੂੰ ਹਟਾਉਣ ਦੇ ਮਾਮਲੇ ਵਿਚ ਪੁਲੀਸ ਨੇ ਨੌਂ ਸਿੱਖ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨਾਂ ਖਿਲਾਫ ਹੋਰ ਧਾਰਾਵਾਂ ਤੋਂ ਇਲਾਵਾ ਧਾਰਾ 307 ਵੀ ਦਰਜ ਕੀਤੀ ਗਈ ਸੀ। ਸਿੱਖ ਜਥੇਬੰਦੀਆਂ ਮੰਗ ਕਰ ਰਹੀਆਂ ਸਨ ਕਿ ਇਹ ਸੰਗੀਨ ਜੁਰਮ ਵਾਲੀ ਧਾਰਾ ਰੱਦ ਕੀਤੀ ਜਾਵੇ ਅਤੇ ਨੌਜਵਾਨਾਂ ਨੂੰ ਰਿਹਾਅ ਕੀਤਾ ਜਾਵੇ।

## ਤਰਨਜੀਤ ਸੰਧੂ ਅਮਰੀਕਾ ’ਚ ਭਾਰਤ ਦੇ ਰਾਜਦੂਤ



**ਨਵੀਂ ਦਿੱਲੀ/ਏ.ਟੀ.ਨਿਊਜ਼:** ਕੇਂਦਰ ਸਰਕਾਰ ਨੇ 1988 ਬੈਚ ਦੇ ਆਈਐੱਫਐੱਸ ਅਧਿਕਾਰੀ ਤਰਨਜੀਤ ਸਿੰਘ ਸੰਧੂ ਨੂੰ ਅਮਰੀਕਾ ਵਿੱਚ ਭਾਰਤ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਹੈ। ਸ੍ਰੀ ਸੰਧੂ ਮੌਜੂਦਾ ਸਮੇਂ ਕੋਲੰਬੋ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਹਨ। ਸ੍ਰੀ ਸੰਧੂ ਅਮਰੀਕਾ ਵਿੱਚ ਹਰਸ਼ ਵਰਧਨ ਸ਼੍ਰਿੰਗਲਾ ਦੀ ਥਾਂ ਲੈਣਗੇ। ਸ਼੍ਰਿੰਗਲਾ ਨੂੰ ਵਿਜੈ ਗੋਖਲੇ ਦੀ ਥਾਂ ਵਿਦੇਸ਼ ਸਕੱਤਰ ਦੀ ਨਵੀਂ ਜ਼ਿੰਮੇਵਾਰੀ ਸੌਂਪਣ ਲਈ ਵਾਪਸ ਸੱਦਿਆ ਗਿਆ ਹੈ। ਇਸ ਤੋਂ ਪਹਿਲਾਂ ਸੰਧੂ ਵਾਸ਼ਿੰਗਟਨ ਡੀਸੀ ਵਿਚਲੀ ਭਾਰਤੀ ਅੰਬੈਸੀ ਵਿੱਚ ਡਿਪਟੀ ਚੀਫ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਸੂਤਰਾਂ ਮੁਤਾਬਕ ਕੋਲੰਬੋ ਵਿੱਚ ਸੰਧੂ ਦੀ ਜਗ੍ਹਾ ਗੋਪਾਲ ਬਾਗਲੇ ਨੂੰ ਭੇਜਿਆ ਜਾਵੇਗਾ। ਸ੍ਰੀ ਬਾਗਲੇ ਇਸ ਵੇਲੇ ਪ੍ਰਧਾਨ ਮੰਤਰੀ ਦਫਤਰ ਵਿੱਚ ਤਾਇਨਾਤ ਹਨ।

# ਹੁਣ ਤੱਕ 120 ਲੋਕਾਂ ਦੀ ਜਾਨ ਲੈਣ ਵਾਲਾ ਕੋਰੋਨਾਵਾਇਰਸ ਕੀ ਹੈ ?

**ਬੀਜ਼ਿੰਗ/ਏ.ਟੀ.ਨਿਊਜ਼:** ਚੀਨ ਵਿਚ ਫੈਲਿਆ ਕੋਰੋਨਾਵਾਇਰਸ ਹੁਣ ਤੱਕ 120 ਲੋਕਾਂ ਦੀ ਜਾਨ ਲੈ ਚੁੱਕਿਆ ਹੈ ਤੇ ਇਸ ਦਾ ਪ੍ਰਭਾਵ ਵੱਧਦਾ ਜਾ ਰਿਹਾ ਹੈ। ਚੀਨ ਸਰਕਾਰ ਨੇ ਲੋਕਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਿਕਲਣੋਂ ਨਾਹ ਕੀਤੀ ਹੈ। ਹੁਣ ਤੱਕ ਚੀਨ ਵਿਚ ਇਸ ਵਾਇਰਸ ਦੇ 2,744 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਸਭ ਤੋਂ ਵੱਧ ਪ੍ਰਭਾਵਿਤ ਚੀਨ ਦਾ ਹੁਬਈ ਸੂਬਾ ਹੋਇਆ ਹੈ।

ਦੱਸ ਦਈਏ ਕਿ ਇਹਨਾਂ ਦਿਨਾਂ ‘ਚ ਚੀਨ ਵਿਚ ਲੂਨਰ ਨਿਊ ਯੀਅਰ ਦੇ ਜਸ਼ਨ ਮਨਾਏ ਜਾਂਦੇ ਹਨ ਤੇ ਦੁਨੀਆ ਭਰ ਤੋਂ ਵੱਡੀ ਗਿਣਤੀ ‘ਚ ਲੋਕ ਚੀਨ ਪਹੁੰਚਦੇ ਹਨ। ਸਰਕਾਰ ਵੱਲੋਂ ਵਾਇਰਸ ਦੇ ਹਮਲੇ ਕਾਰਨ ਇਹਨਾਂ ਜਸ਼ਨਾਂ ‘ਤੇ ਵੀ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ।

ਚੀਨ ਦੇ ਨਾਲ ਨਾਲ ਹਾਂਗਕਾਂਗ ਅਤੇ ਮਕਾਊ ਵਿਚ ਵੀ ਇਸ ਵਾਇਰਸ ਦੇ ਮਾਮਲੇ ਸਾਹਮਣੇ ਆਏ ਹਨ। ਦੱਖਣੀ ਕੋਰੀਆ ਵਿਚ ਵੀ ਚਾਰ ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਤੋਂ ਇਲਾਵਾ ਥਾਈਲੈਂਡ, ਜਪਾਨ, ਤਾਈਵਾਨ, ਅਮਰੀਕਾ, ਵੀਅਤਨਾਮ, ਸਿੰਘਾਪੋਰ, ਮਲੇਸ਼ੀਆ, ਨੇਪਾਲ, ਫਰਾਂਸ, ਕੈਨੇਡਾ ਅਤੇ ਅਸਟ੍ਰੇਲੀਆ ਵਿਚੋਂ ਵੀ ਕੁੱਝ ਮਾਮਲੇ ਸਾਹਮਣੇ ਆਏ ਹਨ।

ਇਸ ਵਾਇਰਸ ਦੇ ਸ਼ਿਕਾਰ ਲੋਕਾਂ ਨੂੰ ਸਾਹ ਲੈਣ ‘ਚ ਤਕਲੀਫ ਹੁੰਦੀ ਹੈ ਤੇ ਮੌਤ ਦਾ ਕਾਰਨ ਬਣਦਾ ਹੈ। ਇਸ ਦੇ ਲੱਛਣ 2002 ‘ਚ ਚੀਨ ‘ਚ ਉਪਜੇ ਐਸਏਆਰਐਸ ਪੈਥੋਜਨ ਨਾਲ ਮਿਲਦੇ ਹਨ ਜਿਸ ਕਾਰਨ ਚੀਨ ਵਿਚ ਸੈਂਕੜੇ ਲੋਕਾਂ ਦੀ ਮੌਤ ਹੋਈ ਸੀ।

ਵਿਸ਼ਵ ਸਿਹਤ ਸੰਸਥਾ (WHO) ਦੇ ਦੱਸਣ ਮੁਤਾਬਕ ਕੋਰੋਨਾਵਾਇਰਸਿਸ ਵਾਇਰਸਾਂ ਦਾ ਇਕ ਪਰਿਵਾਰ ਹੈ ਜੋ ਜ਼ੁਖਾਮ ਤੋਂ ਲੈ ਕੇ ਸਾਹ ਦੀਆਂ ਬਿਮਾਰੀਆਂ ਤਕ ਦੀ ਵਜਾ ਬਣਦੇ ਹਨ, ਜੋ ਦੋ ਪ੍ਰਕਾਰ ਦੀਆਂ ਹਨ: ਐਮਈਆਰਐਸ ਅਤੇ ਐਸਏਆਰਐਸ।

ਇਹ ਵਾਇਰਸ ਮੁੱਖ ਤੌਰ ‘ਤੇ ਜਾਨਵਰਾਂ ਅਤੇ ਬੰਦਿਆਂ ‘ਚ ਇਕ ਦੂਜੇ ਵਿਚ ਫੈਲਦਾ ਹੈ। ਐਸਏਆਰਐਸ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਸਿਵਟ ਬਿੱਲੀਆਂ ਤੋਂ ਬੰਦਿਆਂ ਵਿਚ ਫੈਲਦਾ ਹੈ ਜਦਕਿ ਐਮਈਆਰਐਸ ਊਠਾਂ ਤੋਂ ਬੰਦਿਆਂ ਵਿਚ ਫੈਲਦਾ ਹੈ। ਇਸ ਹਮਲੇ ਤੋਂ ਪਹਿਲਾਂ ਤਕ ਦੀ ਜਾਣਕਾਰੀ ਮੁਤਾਬਕ ਕਈ ਤਰਾਂ ਦੇ ਕੋਰੋਨਾਵਾਇਰਸ ਜਾਨਵਰਾਂ ‘ਚ ਮਿਲਦੇ ਸਨ ਪਰ ਉਹਨਾਂ ਦਾ ਬੰਦਿਆਂ ‘ਤੇ ਕੋਈ ਅਸਰ ਨਹੀਂ ਦੇਖਿਆ ਗਿਆ ਸੀ।

### ਬਿਮਾਰੀ ਦੇ ਲੱਛਣ

ਵਿਸ਼ਵ ਸਿਹਤ ਸੰਸਥਾ ਮੁਤਾਬਕ ਇਸ ਦੇ ਸ਼ਿਕਾਰ ਲੋਕਾਂ ਨੂੰ ਬੁਖਾਰ, ਖੰਘ, ਸਾਹ ਦਾ ਚੜਨਾ ਅਤੇ ਸਾਹ ਲੈਣ ‘ਚ ਤਕਲੀਫ ਹੋਣ ਵਰਗੀਆਂ ਸਮੱਸਿਆਵਾਂ ਹੁੰਦੀਆਂ ਹਨ। ਇਹ ਸਮੱਸਿਆਵਾਂ ਨਮੂਨੀਆ, ਕਿਡਨੀ ਖਰਾਬ ਹੋਣ ਅਤੇ ਮੌਤ ਤੱਕ ਪਹੁੰਚ ਸਕਦੀਆਂ ਹਨ।

### ਇਲਾਜ

ਫਿਲਹਾਲ ਹੁਣ ਤੱਕ ਇਸ ਵਾਇਰਸ ਦੇ ਇਲਾਜ ਲਈ ਕੋਈ ਦਵਾਈ ਨਹੀਂ ਹੈ। ਚੀਨ ਵਿਚ ਜਿੱਥੇ ਇਸ ਵਾਇਰਸ ਦਾ ਅਸਰ ਹੈ ਉਸ ਇਲਾਕੇ ਨੂੰ ਬਾਕੀ ਇਲਾਕੇ ਨਾਲੋਂ ਤੋੜ ਦਿੱਤਾ ਗਿਆ ਹੈ ਅਤੇ ਲੋਕਾਂ ਨੂੰ ਇਕ ਦੂਜੇ ਦੇ ਸੰਪਰਕ ‘ਚ ਆਉਣ ਤੋਂ ਗੁਰੇਜ਼ ਕਰਨ ਲਈ ਕਿਹਾ ਜਾ ਰਿਹਾ ਹੈ।

# ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਆਗੂ ਹਰਮੀਤ ਸਿੰਘ ਪੀਐਚਡੀ ਦਾ ਕਤਲ



**ਅੰਮ੍ਰਿਤਸਰ/ਸੁਖਵਿੰਦਰ ਸਿੰਘ:** ਸਿੱਖ ਅਜ਼ਾਦੀ ਲਈ ਸੰਘਰਸ਼ਸ਼ੀਲ ਹਥਿਆਰਬੰਦ ਜਥੇਬੰਦੀ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਆਗੂ ਹਰਮੀਤ ਸਿੰਘ ਪੀਐਚਡੀ ਦੀ ਮੌਤ ਦੀ ਖਬਰ ਆ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਲਾਹੌਰ ਨਜ਼ਦੀਕ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀਆਂ ਮਾਰ ਕੇ ਹਰਮੀਤ ਸਿੰਘ ਪੀਐਚਡੀ ਦਾ ਕਤਲ ਕਰਨ ਦੀ ਜਾਣਕਾਰੀ ਹੈ।

ਬਰਤਾਨੀਆ ਦੀ ਸਿੱਖ ਜਥੇਬੰਦੀ ਵੱਲੋਂ ਹਰਮੀਤ ਸਿੰਘ ਪੀਐਚਡੀ ਦੀ ਫੋਟੋ ਸਾਂਝੀ ਕਰਦਿਆਂ ਆਪਣੇ ਟਵਿੱਟਰ ਖਾਤੇ ’ਤੇ ਲਿਖਿਆ ਗਿਆ ਕਿ, ‘ਪਾਕਿਸਤਾਨ ਸਥਿਤ ਗੁਰਦੁਆਰਾ ਚਾਹਲ ਸਾਹਿਬ ਤੋਂ ਵਾਪਸ ਆਪਣੇ ਘਰ ਆਉਂਦਿਆਂ ਦੋ ਹਿੰਦੋਸਤਾਨੀ ਏਜੰਟਾਂ ਵੱਲੋਂ ਹਰਮੀਤ ਸਿੰਘ ਪੀਐਚਡੀ ’ਤੇ ਗੋਲੀਆਂ ਚਲਾਈਆਂ ਗਈਆਂ।’ ਉਨਾਂ ਲਿਖਿਆ, ‘ਇਸ ਦੌਰਾਨ ਹੋਈ ਝੜਪ ’ਚ ਦੁਸ਼ਮਣ ਨਾਲ ਲੜਦਿਆਂ ਭਾਈ ਸਾਹਬ ਦੇ ਕਈ ਗੋਲੀਆਂ ਲੱਗੀਆਂ। ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਥੇਦਾਰ ਭਾਈ ਹਰਮੀਤ ਸਿੰਘ ਪੀਐਚਡੀ ਨੇ ਸ਼ਹਾਦਤ ਪ੍ਰਾਪਤ ਕੀਤੀ।’ ਸਿੱਖ ਯੂਥ ਯੂ.ਕੇ. ਵੱਲੋਂ ਕੀਤੇ ਟਵੀਟ ਵਿਚ ਲਿਖਿਆ ਗਿਆ, ‘ਪੀਐਚਡੀ ਅੱਜ ਦੇ ਖਾਲਿਸਤਾਨੀ ਜੁਝਾਰੂਆਂ ’ਚ ਸਭ ਤੋਂ ਵੱਧ ਪੜਿਆਂ ਲਿਖਿਆਂ ਵਿਚੋਂ ਇਕ ਸੀ। ਪਿਛਲੇ 10 ਸਾਲਾਂ ’ਚ ਕੇਐਲਐਫ ਦੇ ਬਹੁਤੇ ਐਕਸ਼ਨਾਂ ਪਿੱਛੇ ਉਨਾਂ ਦਾ ਹੀ ਦਿਮਾਗ ਕੰਮ ਕਰਦਾ ਸੀ।’


















ਮਰਦਮਸ਼ੁਮਾਰੀ
CALIFORNIA ALL
2020

# ਜਨਗਣਨਾ ਹੋਣ ਵਾਲੀ ਹੈ ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ

ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ

ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।

ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

CaliforniaCensus.org 'ਤੇ ਹੋਰ ਜਾਣੋ

# ਸੰਗਤ ਨੂੰ ਝੂਠ ਬੋਲ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ : ਸਿੱਖ ਪੰਚਾਇਤ

**ਫਰੀਮੌਂਟ/ਏ.ਟੀ.ਨਿਊਜ਼:** ਸਿੱਖ ਪੰਚਾਇਤ ਨੇ ਅਖ਼ਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਪਿਛਲੇ ਹਫ਼ਤੇ ਹਰਮਿੰਦਰ ਸਿੰਘ, ਕੁਲਜੀਤ ਸਿੰਘ ਤੇ ਹਰਜੀਤ ਸਿੰਘ ਵੱਲੋਂ ਇੱਕ ਇਸ਼ਤਿਹਾਰ ਲਾ ਕੇ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਗਈ ਹੈ। ਸਿੱਖ ਪੰਥ ਵਿੱਚ ਸੰਗਤ ਨੂੰ ਉੱਤਮ ਦਰਜਾ ਦਿੱਤਾ ਗਿਆ ਹੈ ਪਰ ਇਹ ਤਿੰਨ ਅਤੇ ਰੇਡੀਉ ਮਿਰਚੀ ਵਾਲਾ ਐਸ ਪੀ ਸੰਗਤ ਨੂੰ ਹੀ ਝੂਠੀਆਂ ਖ਼ਬਰਾਂ ਦੇ ਰਹੇ ਹਨ। ਪਿਛਲੇ ਹਫ਼ਤੇ ਇਨਾਂ ਨੇ ਖ਼ਬਰ ਵਿੱਚ ਅਨੇਕਾਂ ਹੀ ਝੂਠ ਬੋਲੇ ਹਨ ਪਰ ਅਸੀਂ ਇੱਥੇ ਸਿਰਫ ਇੱਕ ਦਾ ਹੀ ਜ਼ਿਕਰ ਕਰਾਂਗੇ ਤਾਂ ਜੋ ਸੰਗਤ ਨੂੰ ਇਨਾਂ ਦੇ ਕਿਰਦਾਰ ਤਾਂ ਪਤਾ ਲੱਗ ਸਕੇ। ਇਨਾਂ ਨੇ ਲਿਖਿਆ ਹੈ ਕਿ ਇਨਾਂ ਨੂੰ ਕਿਸੇ ਨੇ 2017 ਦੀਆਂ ਬੈਂਕ ਸਟੇਟਮੈਂਟਾਂ ਦਿਖਾਈਆਂ ਹਨ ਤੇ ਜਿਨਾਂ ਤੋਂ ਪਤਾ ਲੱਗਿਆ ਹੈ ਕਿ ਭਾਈ ਐਚ ਪੀ ਸਿੰਘ ਹਰ ਮਹੀਨੇ ਬੈਂਕ ਵਿੱਚ 1 ਲੱਖ 16 ਹਜ਼ਾਰ ਹੀ ਜਮਾਂ ਕਰਾਉਂਦੇ ਰਹੇ ਹਨ।

ਭਾਈ ਹਰਿੰਦਰਪਾਲ ਸਿੰਘ ਨੇ ਕਿਹਾ ਕਿ ਮੈਂ ਸੰਗਤ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨਾਂ ਨੇ ਇੱਕ ਲਾਈਨ ਵਿੱਚ ਤਿੰਨ ਝੂਠ ਬੋਲੇ ਹਨ। ਪਹਿਲਾ, ਇਨਾਂ ਨੇ ਕਿਹਾ ਹੈ ਕਿ ਕਿਸੇ ਨੇ ਬੈਂਕ ਸਟੇਟਮੈਂਟਾਂ ਦਿਖਾਈਆਂ ਹਨ ਜਦੋਂ ਕਿ ਮੈਂ ਇਨਾਂ ਦੇ ਵਕੀਲ ਨੂੰ ਸਤੰਬਰ 2019 ਦੀਆਂ ਦਿੱਤੀਆਂ ਹੋਈਆਂ ਹਨ। ਇਹ ਆਮ ਹੀ ਕਹਿੰਦੇ ਹਨ ਕਿ ਮੈਂ ਹਿਸਾਬ ਨਹੀਂ ਦਿਖਾਉਂਦਾ ਜਦੋਂ ਕਿ ਇਨਾਂ ਦੇ ਵਕੀਲ ਕੋਲ ਹਿਸਾਬ ਹੈ।

ਦੂਜਾ, ਬੈਂਕ ਵਿੱਚ 2017 ਕੁੱਲ 2.1 ਮਿਲੀਅਨ ਜਮਾਂ ਹੋਇਆ ਹੈ ਜਿਹੜਾ ਔਸਤਨ 1 ਲੱਖ 75 ਹਜ਼ਾਰ ਬਣਦਾ ਹੈ। ਇਨਾਂ ਤਿੰਨ ਅੰਮ੍ਰਿਤਧਾਰੀਆਂ ਨੂੰ ਝੂਠ ਬੋਲਣ ਲੱਗੇ ਸੌ ਵਾਰ ਸੋਚਣਾ ਚਾਹੀਦਾ ਸੀ ਕਿਉਂਕਿ ਇਹ ਸੰਗਤ ਨੂੰ ਮਹੀਨੇ ਦਾ ਤਕਰੀਬਨ 60 ਹਜ਼ਾਰ ਘੱਟ ਦੱਸ ਰਹੇ ਹਨ। ਸੱਜੇ ਹੱਥ ਦਿੱਤੇ ਸਬੂਤਾਂ ਤੋਂ ਤੁਹਾਨੂੰ ਸਹਿਜੇ ਹੀ ਪਤਾ ਲੱਗ ਜਾਵੇਗਾ ਕਿ ਇਹ ਲੋਕ ਸੰਗਤ ਨੂੰ ਕਿਸ ਲੈਵਲ ਤੱਕ ਗੁੰਮਰਾਹ ਕਰ ਸਕਦੇ ਹਨ।

ਤੀਜਾ, ਹਰਜੀਤ ਸਿੰਘ ਨੇ ਵੀ ਗੁਰਦੁਆਰਾ ਸਾਹਿਬ ਖ਼ਜ਼ਾਨਚੀ ਦੀ ਸੇਵਾ ਕੀਤੀ ਹੈ ਅਤੇ ਇਹ ਤਕਰੀਬਨ ਮਹੀਨੇ ਦੇ 1 ਲੱਖ 16 ਹਜ਼ਾਰ ਜਮਾਂ ਕਰਾਉਂਦਾ ਰਿਹਾ ਹੈ। ਅਸੀਂ ਇਸਨੂੰ ਉਲਟਾ ਸੁਆਲ ਵੀ ਕਰ ਸਕਦੇ ਹਾਂ ਕਿ ਜੇ ਹੁਣ ਗੁਰਦੁਆਰਾ ਸਾਹਿਬ ਦਾ ਚੜਾਵਾ 1 ਲੱਖ 75 ਹੈ ਤਾਂ ਇਹ ਦੇ ਵੇਲੇ ਘੱਟ ਕਿਉਂ ਸੀ ? ਪਰ ਅਸੀਂ ਇਹ ਕੰਮ ਨਹੀਂ ਕਰਦੇ ਤੇ ਇਸ ਨਾਲ ਸੰਗਤ ਦੇ ਮੰਨ ਵਿੱਚ ਗੁਰੂ-ਘਰ ਲਈ ਸ਼ੰਕੇ ਖੜੇ ਹੁੰਦੇ ਹਨ।ਇਹ ਕਰਕੇ ਅਸੀਂ ਸੰਗਤ ਨੂੰ ਸਿਰਫ ਨਿਰਾਸ਼ ਹੀ ਨਹੀਂ ਕਰਦੇ ਸਗੋਂ ਗੁਰੂਆਂ ਵੱਲੋਂ ਸਥਾਪਿਤ ਸੰਸਥਾ ਦਾ ਅਕਸ਼ ਵੀ ਲੋਕਾਂ ਵਿੱਚ ਵਿਗਾੜਦੇ ਹੈ। ਅਜਿਹੇ ਲੋਕਾਂ ਦੇ ਬਿਆਨਾਂ ਕਰਕੇ ਹੀ ਲੋਕ ਕਹਿ ਦਿੰਦੇ ਹਨ ਕਿ ਗੋਲਕ ਦੀ ਲੜਾਈ ਹੈ।

ਭਾਈ ਜਸਜੀਤ ਸਿੰਘ ਨੇ ਕਿਹਾ ਕਿ ਅਸਲ ਸਚਾਈ ਇਹ ਕਿ ਇਨਾਂ ਵਿੱਚੋਂ ਹਰਮਿੰਦਰ ਸਿੰਘ ਤੇ ਹਰਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਪੈਸੇ ਨੂੰ ਸੰਕੋਚ ਨਾਲ ਖਰਚ ਕਰਨ ਦੀ ਬਜਾਏ ਫ਼ਜ਼ੂਲ ਖ਼ਰਚੀ ਕੀਤੀ ਹੈ ਤੇ ਭਾਈ ਐਚ ਪੀ ਸਿੰਘ ਨੇ ਚਾਰਜ ਲੈਣ ਤੋਂ ਬਾਅਦ ਸਖ਼ਤੀ ਨਾਲ ਪਹਿਰਾ ਦਿੱਤਾ ਤੇ ਅਜਿਹੇ ਲੋਕਾਂ ਦੀ ਫ਼ਜ਼ੂਲ ਖ਼ਰਚੀ ਬੰਦ ਕੀਤੀ। ਇਹੀ ਕਾਰਨ ਹੈ ਕਿ ਇਹ ਲੋਕ ਐਚ ਪੀ ਸਿੰਘ ਬਾਰੇ ਕਹਿੰਦੇ ਕਿ ਖ਼ਜ਼ਾਨੇ ਤੇ ਨਾਗਵਲ਼ ਪਾਈ ਬੈਠਾ ਹੈ। ਇਹ ਗੱਲ ਇਨਾਂ ਦੀ ਬਿਲਕੁਲ ਸੱਚ ਹੈ ਕਿਉਂਕਿ ਭਾਈ ਐਚ ਪੀ ਨੇ ਹੀ ਨੰਗਾਂ ਦੀ ਮੰਡਲੀ ਤੋਂ ਸੰਗਤ ਦਾ ਖ਼ਜ਼ਾਨਾ ਬਚਾ ਕੇ ਰੱਖਣਾ ਹੈ। ਇੱਥੇ ਮੈਂ ਪੈਸੇ ਵੱਲੋਂ ਨੰਗ ਨਹੀਂ ਸਗੋਂ ਨੀਅਤ ਦੇ ਨੰਗਾਂ ਦੀ ਗੱਲ ਕਰ ਰਿਹਾ ਹਾਂ। ਇਨਾਂ ਵੱਲੋਂ ਐਸ ਪੀ ਦੇ ਰੇਡੀਉ ਨੂੰ 2500 ਡਾਲਰ ਮਹੀਨਾ ਮੰਗਦਾ, ਹਰਮਿੰਦਰ ਵੱਲੋਂ ਆਪਣੇ ਚਹੇਤੇ ਜੱਥਿਆਂ ਨੂੰ ਵੱਧ ਭੇਟਾ ਦੇਣ ਦੀ ਮੰਗ ਕਰਨੀ ਆਦਿ, ਇਨਾਂ ਵੱਲੋਂ ਸਿੱਖ ਪੰਚਾਇਤ ਛੱਡ ਕੇ ਜਾਣ ਦੇ ਕਾਰਨ ਹਨ। ਕਹਿੰਦੇ ਹਨ ਰੱਬ ਸੱਚ ਸਾਹਮਣੇ ਲੈ ਹੀ ਆਉਂਦਾ ਹੈ। ਮੈਨੂੰ ਉਸ ਵੇਲੇ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਨਾਂ ਦੇ ਵਕੀਲ ਨੇ ਗੁਰਦੁਆਰਾ ਸਾਹਿਬ ਨੂੰ ਚਿੱਠੀ ਲਿੱਖ ਮਾਰੀ ਕਿ ਉਹ ਦੀ ਫ਼ੀਸ ਵੀ ਗੁਰਦੁਆਰਾ ਦੇਵੇ। ਜਿਹੜੇ ਨੰਗ ਲੋਕ ਅਕਾਊਂਟ ਦੀ ਪਾਰਦਰਸ਼ਤਾ ਦੀ ਗੱਲ ਕਰਦੇ ਹਨ ਉਹ ਕਿਵੇਂ ਗੁਰੂ ਦੀ ਗੋਲਕ ਦੀ ਆਪਦੀ ਚੌਧਰ ਬਰਕਰਾਰ ਰੱਖਣ ਲਈ ਦੁਰਵਰਤੋਂ ਕਰ ਸਕਦੇ ਹਨ। ਸੰਗਤ ਨੂੰ ਇੱਕ ਗੱਲ ਦੱਸ ਦਈਏ ਕਿ ਇਨਾਂ ਦਾ ਪਹਿਲਾ ਵਕੀਲ ਵੀ ਇਨਾਂ ਵੱਲੋਂ ਫ਼ੀਸ ਨਾ ਦੇਣ ਕਾਰਨ ਭੱਜਿਆ ਹੈ।

Bank of America — Your checking account

GURDWARA SAHIB SF BAY AREA FREMONT | Account # 0010 6676 0605 | January 1, 2017 to January 31, 2017
Total deposits and other credits $134,743.91

GURDWARA SAHIB SF BAY AREA FREMONT | Account # 0010 6676 0605 | February 1, 2017 to February 28, 2017
Total deposits and other credits $80,447.25

GURDWARA SAHIB SF BAY AREA FREMONT | Account # 0010 6676 0605 | March 1, 2017 to March 31, 2017
Total deposits and other credits $164,078.35

GURDWARA SAHIB SF BAY AREA FREMONT | Account # 0010 6676 0605 | April 1, 2017 to April 30, 2017
Total deposits and other credits $126,334.13

GURDWARA SAHIB SF BAY AREA FREMONT | Account # 0010 6676 0605 | May 1, 2017 to May 31, 2017
Total deposits and other credits $140,316.36

GURDWARA SAHIB SF BAY AREA FREMONT | Account # 0010 6676 0605 | June 1, 2017 to June 30, 2017
Total deposits and other credits $113,425.85

GURDWARA SAHIB SF BAY AREA FREMONT | Account # 0010 6676 0605 | July 1, 2017 to July 31, 2017
Total deposits and other credits $127,675.77

GURDWARA SAHIB SF BAY AREA FREMONT | Account # 0010 6676 0605 | August 1, 2017 to August 31, 2017
Total deposits and other credits $148,078.17

GURDWARA SAHIB SF BAY AREA FREMONT | Account # 0010 6676 0605 | September 1, 2017 to September 30, 2017
Total deposits and other credits $207,156.76

GURDWARA SAHIB SF BAY AREA FREMONT | Account # 0010 6676 0605 | October 1, 2017 to October 31, 2017
Total deposits and other credits $183,445.27

GURDWARA SAHIB SF BAY AREA FREMONT | Account # 0010 6676 0605 | November 1, 2017 to November 30, 2017
Total deposits and other credits $133,580.33

GURDWARA SAHIB SF BAY AREA FREMONT | Account # 0010 6676 0605 | December 1, 2017 to December 31, 2017
Total deposits and other credits $118,967.00

Bank of America — Your checking account

GURDWARA SAHIB SF BAY AREA FREMONT | Account # 0011 4804 2877 | January 1, 2017 to January 31, 2017
Total deposits and other credits $137,963.32

GURDWARA SAHIB SF BAY AREA FREMONT | Account # 0011 4804 2877 | February 1, 2017 to February 28, 2017
Total deposits and other credits $74,479.44

GURDWARA SAHIB SF BAY AREA FREMONT | Account # 0011 4804 2877 | March 1, 2017 to March 31, 2017
Total deposits and other credits $137,650.36

GURDWARA SAHIB SF BAY AREA FREMONT | Account # 0011 4804 2877 | April 1, 2017 to April 30, 2017
Total deposits and other credits $117,475.12

GURDWARA SAHIB SF BAY AREA FREMONT | Account # 0011 4804 2877 | May 1, 2017 to May 31, 2017
Total deposits and other credits $79,300.65

GURDWARA SAHIB SF BAY AREA FREMONT | Account # 0011 4804 2877 | June 1, 2017 to June 30, 2017
Total deposits and other credits $27,293.74

GURDWARA SAHIB SF BAY AREA FREMONT | Account # 0011 4804 2877 | July 1, 2017 to July 31, 2017
Total deposits and other credits $78,443.93

GURDWARA SAHIB SF BAY AREA FREMONT | Account # 0011 4804 2877 | August 1, 2017 to August 31, 2017
Total deposits and other credits $47,176.25

GURDWARA SAHIB SF BAY AREA FREMONT | Account # 0011 4804 2877 | September 1, 2017 to September 30, 2017
Total deposits and other credits $108,578.20

GURDWARA SAHIB SF BAY AREA FREMONT | Account # 0011 4804 2877 | October 1, 2017 to October 31, 2017
Total deposits and other credits $116,894.46

GURDWARA SAHIB SF BAY AREA FREMONT | Account # 0011 4804 2877 | November 1, 2017 to November 30, 2017
Total deposits and other credits $15,162.52

GURDWARA SAHIB SF BAY AREA FREMONT | Account # 0011 4804 2877 | December 1, 2017 to December 31, 2017
Total deposits and other credits $104,847.49

# ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਲਿਬਰੇਸ਼ਨ ਫੋਰਸ ਦੇ ਜੁਝਾਰੂ ਭਾਈ ਹਰਮੀਤ ਸਿੰਘ ਨੂੰ ਪ੍ਰਣਾਮ

## ਪਾਕਿਸਤਾਨ ਸਰਕਾਰ ਨੂੰ ਕਾਤਲਾਂ ਨੂੰ ਬੇਨਕਾਬ ਕਰਕੇ ਸਜਾ ਦੇਣ ਦੀ ਅਪੀਲ

**ਲੰਡਨ/ਏ.ਟੀ.ਨਿਊਜ਼:**ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜੁਝਾਰੂ ਭਾਈ ਹਰਮੀਤ ਸਿੰਘ ਉਰਫ ਹੈਪੀ ਪੀ.ਐਚ.ਡੀ ਨੂੰ ਗੁਰਦੁਆਰਾ ਬੇਬੇ ਨਾਨਕੀ ਡੇਰਾ ਚਾਹਲ ਲਾਹੌਰ ਪਾਕਿਸਤਾਨ ਵਿਖੇ ਧੋਖੇ ਨਾਲ ਸ਼ਹੀਦ ਕੀਤੇ ਜਾਣ ਦੀ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਖਤ ਨਿਖੇਧੀ ਕੀਤੀ ਗਈ ਹੈ। ਭਾਈ ਹਰਮੀਤ ਸਿੰਘ ਦੇ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇਸ ਨੂੰ ਭਾਰਤੀ ਏਜੰਸੀਆਂ ਦੇ ਤਨਖਾਹਦਾਰ ਕਰਿੰਦਿਆਂ ਦਾ ਕੋਝਾ ਅਤੇ ਕਮੀਨਾ ਕਾਰਾ ਆਖਿਆ ਹੈ ਜਿਸ ਦੀ ਤਹਿ ਤੱਕ ਜਾਣ ਦੀ ਖਾਸ ਜ਼ਰੂਰਤ ਹੈ। ਹਿੰਦੂਤਵੀ ਮੀਡੀਏ ਵਲੋਂ ਵੱਖ ਵੱਖ ਤਰਾਂ ਦੀਆਂ ਬੇਤੁਕੀਆਂ ਅਫਵਾਹਾਂ ਫੈਲਾਈਆਂ ਜਾਣਗੀਆਂ ਜਿਹਨਾਂ ਤੋਂ ਸਿੱਖ ਕੌਮ ਨੂੰ ਸੁਚੇਤ ਰਹਿਣ ਦੀ ਜਰੂਰਤ ਹੈ । ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਹਰਮੀਤ ਸਿੰਘ ਦੀਆਂ ਖਾਲਿਸਤਾਨ ਦੇ ਸੰਘਰਸ਼ ਦੌਰਾਨ ਕੀਤੀਆਂ ਗਈਆਂ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਕਰਦਿਆਂ ਉਸ ਦੀ ਸ਼ਹਾਦਤ ਨੂੰ ਕੇਸਰੀ ਪ੍ਰਣਾਮ ਕੀਤਾ ਗਿਆ । ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਪੀਲ ਕੀਤੀ ਗਈ ਕਿ ਪਾਕਿਸਤਾਨ ਵਿੱਚ ਸਾਡੇ ਸਿੱਖ ਭਰਾ ਦੇ ਕਤਲ ਨੂੰ ਗੰਭੀਰਤਾ ਨਾਲ ਲੈਂਦਿਆਂ ਇਸਦੀ ਉੱਚ ਪੱਧਰੀ ਜਾਂਚ ਕਰਵਾਕੇ ਸੱਚਾਈ ਸਾਹਮਣੇ ਲਿਆਂਦੀ ਜਾਵੇ। ਕਾਤਲਾਂ ਨੂੰ ਬੇਨਕਾਬ ਕਰਨਾ ਅਤੇ ਸਜਾ ਦੇਣੀ ਪਾਕਿਸਤਾਨ ਸਰਕਾਰ ਦਾ ਜਰੂਰੀ ਫਰਜ਼ ਹੈ । ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਰਤ ਸਰਕਾਰ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਭਾਰਤੀ ਏਜੰਸੀਆਂ ਦੇ ਅਜਿਹੇ ਘਿਨਾਉਣੇ ਕਾਰਨਾਮੇ ਖਾਲਿਸਤਾਨ ਦੇ ਸੰਘਰਸ਼ ਦਾ ਰਸਤਾ ਨਹੀਂ ਰੋਕ ਸਕਦੇ । ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ ਜਿਸਦੀ ਨੀਹ ਦਮਦਮੀ ਟਕਸਾਲ ਦੇ ਜਥੇਦਾਰ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਰੱਖੀ ਗਈ ਹੈ ਅਤੇ ਇਸ ਵਿੱਚ ਹਜਾਰਾਂ ਸਿੱਖਾਂ ਨੇ ਆਪਣੇ ਸੀਸ ਕੁਰਬਾਨ ਕਰਕੇ ਸੰਘਰਸ਼ ਦੀ ਸ਼ਮਾਂ ਨੂੰ ਰੌਸ਼ਨ ਕੀਤਾ ਹੈ ।






# ਆਸਟਰੇਲੀਆ : ਅੱਗ 'ਤੇ ਕਾਬੂ ਪਾਉਂਦਾ ਹਵਾਈ ਟੈਂਕਰ ਜਹਾਜ਼ ਹਾਦਸਾਗ੍ਰਸਤ

**ਸਿਡਨੀ/ਏ.ਟੀ.ਨਿਊਜ਼ :** ਨਿਊ ਸਾਊਥ ਵੇਲਜ਼ ਦੇ ਦੱਖਣੀ ਖੇਤਰ ਵਿਚ ਅੱਜ ਅੱਗ 'ਤੇ ਕਾਬੂ ਪਾਉਣ ਵਿਚ ਲੱਗਿਆ ਹਵਾਈ ਟੈਂਕਰ ਜਹਾਜ਼ (ਸੀ-130) ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਪਾਇਲਟ ਸਮੇਤ ਅਮਲੇ ਦੇ ਦੋ ਹੋਰ ਮੈਂਬਰ ਵੀ ਮਾਰੇ ਗਏ ਹਨ। ਤਿੰਨੋਂ ਮ੍ਰਿਤਕ ਅਮਰੀਕਾ ਵਾਸੀ ਸਨ।

ਆਸਟਰੇਲੀਆ ਨੇ ਜੰਗਲਾਂ ਦੀ ਅੱਗ 'ਤੇ ਕਾਬੂ ਪਾਉਣ ਲਈ ਹਾਲ ਹੀ ਵਿੱਚ ਅਮਰੀਕਾ ਦੀ ਇੱਕ ਕੰਪਨੀ ਤੋਂ ਜਹਾਜ਼ ਅਤੇ ਅਮਲਾ ਮੰਗਵਾਇਆ ਸੀ। ਇਹ ਜਹਾਜ਼ ਟੈਂਕ ਵਿੱਚ 15 ਹਜ਼ਾਰ ਲੀਟਰ ਪਾਣੀ ਭਰ ਕੇ ਅੱਗ ਵਾਲੀ ਥਾਂ 'ਤੇ ਸੁੱਟ ਰਿਹਾ ਸੀ। ਮੰਨਿਆ ਜਾ ਰਿਹਾ ਹੈ ਕਿ ਜਹਾਜ਼ ਅੱਗ 'ਤੇ ਪਾਉਣ ਸਮੇਂ ਜੰਗਲੀ ਦਰੱਖਤਾਂ ਨਾਲ ਟਕਰਾ ਕੇ ਨਸ਼ਟ ਹੋਇਆ ਹੈ ਪ੍ਰੰਤੂ ਹਾਦਸੇ ਦੇ ਕਾਰਨਾਂ ਦੀ ਜਾਂਚ ਹਾਲੇ ਜਾਰੀ ਹੈ। ਸੂਬੇ ਦੀ ਪ੍ਰੀਮੀਅਰ ਨੇ ਹਾਦਸੇ 'ਤੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਬੜੀ ਗੰਭੀਰ ਸਥਿਤੀ ਵਿਚ ਅੱਗ ਬੁਝਾਊ ਅਮਲਾ ਕੰਮ ਕਰ ਰਿਹਾ ਹੈ। ਕਰੀਬ ਦੋ ਹਫ਼ਤੇ ਪਹਿਲਾਂ ਵੀ ਅਜਿਹੀ ਹੀ ਸਥਿਤੀ ਵਿਚ ਪਾਣੀ ਵਾਲਾ ਟੈਂਕਰ ਹਵਾਈ ਜਹਾਜ਼ ਤਬਾਹ ਹੋਇਆ ਸੀ। ਉਧਰ, ਸਾਬਕਾ ਪ੍ਰਧਾਨ ਮੰਤਰੀ ਮੈਲਕਮ ਟਰਨਬੁਲ ਨੇ ਪਾਰਟੀ ਦੇ ਮੌਜੂਦਾ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਬਾਰੇ ਟਿੱਪਣੀ ਕੀਤੀ ਕਿ ਦੇਸ਼ ਦੀ ਲੀਡਰਸ਼ਿਪ ਅੱਗ ਨਾਲ ਨਜਿੱਠਣ ਵਿਚ ਅਵੇਸਲੀ ਰਹੀ ਹੈ, ਜਿਸ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।






# ਕੈਲੀਫੋਰਨੀਆ ਦੇ ਹੈਲੀਕਾਪਟਰ ਹਾਦਸੇ ਵਿੱਚ ਕੋਬੀ ਬ੍ਰਾਇਅੰਟ ਸਮੇਤ 9 ਲੋਕਾਂ ਦੀ ਮੌਤ






**ਵਾਸ਼ਿੰਗਟਨ/ਰਾਜ ਗੋਗਨਾ:** ਬੀਤੇ ਦਿਨ ਕੈਲੀਫੋਰਨੀਆ ਸੂਬੇ ਦੇ ਕੈਲਾਬੈਸਲ ਹੈਲੀਕਾਪਟਰ ਹਾਦਸੇ ਵਿੱਚ ਬਾਸਕਟਬਾਲ ਸਿਤਾਰਾ ਕੋਬੀ ਬ੍ਰਾਇਅੰਟ ਸਮੇਤ 9 ਲੋਕਾਂ ਦੀ ਮੌਤ ਹੋ ਗਈ। ਲਾਸ ਏਂਜਲਸ ਕਾਉਂਟੀ ਸ਼ੈਰਿਫ ਵਿਭਾਗ ਦੇ ਅਨੁਸਾਰ ਅਧਿਕਾਰੀ ਅਜੇ ਵੀ ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ । ਯਾਦ ਰਹੇ ਕਿ ਲੰਘੇ ਐਤਵਾਰ ਨੂੰ ਸਵੇਰ ਦੇ 10:30 ਦੇ ਕਰੀਬ ਲਾਸ ਏਂਜਲਸ ਦੇ ਬਾਹਰ ਐੱਨਬੀਏ ਦੇ ਮਸ਼ਹੂਰ ਖੇਡ ਸਟਾਰ ਸਮੇਤ ਸਾਰੇ 9 ਯਾਤਰੀ ਹੈਲੀਕਾਪਟਰ 'ਚ ਸਵਾਰ ਸਨ ਜੋ ਹਾਦਸਾਗ੍ਰਸਤ ਹੋ ਗਿਆ ਸੀ ।ਜਿਸ ਵਿੱਚ ਕੋਬੇ ਬ੍ਰਾਇਅੰਟ ਅਤੇ ਉਸ ਦੀ 13 ਸਾਲਾ ਦੀ ਬੇਟੀ ਗੀਆਨਾ ਵੀ ਹੈਲੀਕਾਪਟਰ ਵਿੱਚ ਸਵਾਰ ਸੀ, ਸਥਿੱਤੀ ਬਾਰੇ ਜਾਣਕਾਰੀ ਵਾਲੇ ਇੱਕ ਵਿਅਕਤੀ ਨੇ ਯੂਐਸਏ ਟੂਡੇ ਸਪੋਰਟਸ ਦੇ ਮਾਰਕ ਮਦੀਨਾ ਨੂੰ ਦੱਸਿਆ ਇੱਕ ਵਿਅਕਤੀ ਜਿਸ ਨੇ ਆਪਣਾ ਗੁਪਤ ਨਾਮ ਦਿੱਤਾ ਗਿਆ ਕਿਉਂਕਿ ਉਸ ਨੂੰ ਇਸ ਮਾਮਲੇ ਬਾਰੇ ਬੋਲਣ ਦਾ ਅਧਿਕਾਰ ਨਹੀਂ ਸੀ, ਨੇ ਕਿਹਾ ਕਿ ਗਿਆਨਾ ਅਤੇ ਉਸ ਦੇ ਪਿਤਾ ਐਤਵਾਰ ਸਵੇਰੇ ਇੱਕ ਏਏਯੂ ਬਾਸਕਟਬਾਲ ਖੇਡ ਵਿੱਚ ਜਾ ਰਹੇ ਸਨ ਜਦੋਂ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਗਿਆਨਾ, ਜਿਸ ਨੂੰ ਅਕਸਰ 'ਗੀਜੀ' ਕਿਹਾ ਜਾਂਦਾ ਸੀ, ਬ੍ਰਾਇਅੰਟ ਦੀਆਂ ਚਾਰ ਬੇਟੀਆਂ ਵਿਚੋਂ ਦੂਜੀ ਸਭ ਤੋਂ ਵੱਡੀ ਸੀ, ਬ੍ਰਾਇਅੰਟ ਨੇ ਪਿਛਲੇ ਦੋ ਸਾਲਾਂ ਤੋਂ ਗਿਆਨਾ ਦੀ ਏਏਯੂ ਟੀਮ ਨੂੰ ਹਜ਼ਾਰਾਂ ਓਕਸ ਵਿੱਚ ਆਪਣੀ ਸਪੋਰਟਸ ਅਕੈਡਮੀ ਸਿਖਲਾਈ ਸਹੂਲਤ ਵਿੱਚੋਂ ਕੋਚਿੰਗ ਦਿੱਤੀ ਸੀ। ਜੋ ਇਕ ਸਰਵੋਤਮ ਖਿਡਾਰੀ ਵਜੋ ਉਭਰ ਰਹੀ ਸੀ। ਉਸ ਦੀ ਖੇਡ ਨੂੰ ਵੇਖਣ ਲਈ ਹਰ ਕੋਈ ਉਤਸੁਕ ਰਹਿੰਦਾ ਸੀ। ਪਰ ਹਾਦਸੇ ਨੇ ਉਸ ਨੂੰ ਸਦਾ ਲਈ ਸਵਾ ਦਿੱਤਾ । ਜਿਸ ਕਰਕੇ ਪੂਰੇ ਜਗਤ ਦੇ ਖੇਡ ਪ੍ਰੇਮੀਆਂ ਵਿੱਚ ਮਾਤਮ ਛਾ ਗਿਆ ਹੈ। ਕੋਬੇ ਦੀ ਬਾਸਕਟਬਾਲ ਟੀਮ ਚਾਰ ਵਾਰ ਰਾਸ਼ਟਰੀ ਚੈਪੀਅਨ ਤੇ ਇਕ ਵਾਰ ਉਲੰਪਿਕ ਚੈਂਪੀਅਨ ਰਹੀ ਸੀ । ਜਿਸ ਦੀ ਦੋ ਬਿਲੀਅਨ ਦੀ ਜਾਇਦਾਦ ਸੀ ਜੋ ਉਸ ਨੇ 41 ਸਾਲ ਦੀ ਉਮਰ ਵਿੱਚ ਆਪਣੀ ਕਾਬਲੀਅਤ ਤੇ ਖੇਡ ਮਿਹਨਤ ਨਾਲ ਹਾਸਲ ਕਰ ਲਈ ਸੀ । ਉਹ ਅਮਰੀਕਾ ਦਾ ਖੇਡ ਸਿਤਾਰਾ ਸੀ । ਜਿਸ ਦਾ ਸਿੱਕਾ ਬਾਸਕਟਬਾਲ ਖੇਡ ਵਿੱਚ ਅੱਜ ਵੀ ਕਾਇਮ ਸੀ। ਉਸ ਦੀ ਮੌਤ 'ਤੇ ਸਾਬਕਾ ਤੇ ਮੌਕੇ ਦੇ ਰਾਸ਼ਟਰਪਤੀ ਨੇ ਵੀ ਦੁੱਖ ਦਾ ਇਜਹਾਰ ਕੀਤਾ। ਪੂਰੇ ਮੁਲਕ ਦਾ ਖੇਡ ਜਗਤ ਉਸ ਦੇ ਅਫ਼ਸੋਸ ਵਿੱਚ ਡੁੱਬਿਆ ਹੋਇਆ ਹੈ। ਕੋਬੇ ਨੂੰ ਉਸ ਦੀ ਖੇਡ ਜਗਤ ਕਰਕੇ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਹਿੰਦੂ ਰਾਸ਼ਟਰਵਾਦ ਤੋਂ ਸੁਚੇਤ ਰਹੋ:ਭਾਈ ਹਵਾਰਾ

ਅੰਮ੍ਰਿਤਸਰ-ਭਾਈ ਜਗਤਾਰ ਸਿੰਘ ਹਵਾਰਾ ਦੇ ਹਵਾਲੇ ਨਾਲ ਹਵਾਰਾ ਕਮੇਟੀ ਦੇ ਮੁੱਖ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਨੇ ਇਕ ਬਿਆਨ ਰਾਹੀਂ ਗਣਤੰਤਰ ਦਿਵਸ 'ਤੇ ਸਿੱਖ ਸੰਗਤਾਂ ਨੂੰ ਹਿੰਦੂ ਰਾਸ਼ਟਰਵਾਦ ਦੇ ਮਨਸੂਬੇ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਪ੍ਰੋ. ਬਲਜਿੰਦਰ ਸਿੰਘ ਨੇ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਭਾਈ ਹਵਾਰਾ ਨੇ ਕਿਹਾ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਹਿੰਦੂ ਲੀਡਰਾਂ ਵਲੋਂ ਸਿੱਖ ਕੌਮ ਨਾਲ ਵਾਅਦਾ ਕੀਤਾ ਗਿਆ ਸੀ ਕਿ ਆਜ਼ਾਦ ਭਾਰਤ ਵਿਚ ਕੋਈ ਵੀ ਐਸਾ ਸੰਵਿਧਾਨ ਲਾਗੂ ਨਹੀਂ ਕੀਤਾ ਜਾਵੇਗਾ ਜੋ ਸਿੱਖਾਂ ਨੂੰ ਪ੍ਰਵਾਨ ਨਹੀਂ ਹੋਵੇਗਾ ਪਰ 26 ਜਨਵਰੀ 1950 ਨੂੰ ਸਿੱਖਾਂ ਦੀ ਸਹਿਮਤੀ ਬਿਨਾਂ ਭਾਰਤ ਦਾ ਸੰਵਿਧਾਨ ਸਾਡੇ 'ਤੇ ਮੜ ਦਿੱਤਾ ਗਿਆ। ਇਤਿਹਾਸ ਗਵਾਹ ਹੈ ਕਿ ਆਜ਼ਾਦੀ ਲਈ 85 ਫ਼ੀਸਦੀ ਕੁਰਬਾਨੀਆਂ



ਸਿੱਖਾਂ ਨੇ ਦਿੱਤੀਆਂ ਸਨ ਪਰ ਆਜ਼ਾਦੀ ਤੋਂ ਬਾਅਦ ਗ਼ੁਲਾਮੀ ਦਾ ਅਹਿਸਾਸ ਕਰਾਉਂਦਿਆਂ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਘੋਸ਼ਿਤ ਕਰਕੇ ਸਿੱਖਾਂ ਨਾਲ ਵੱਡਾ ਧੋਖਾ ਕੀਤਾ ਗਿਆ। ਭਾਰਤੀ ਸੰਵਿਧਾਨ ਅਧੀਨ 2-3 ਦਹਾਕਿਆਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਰਾਜਸੀ ਸਿੱਖ ਕੈਦੀਆਂ ਦਾ ਇਨਸਾਫ਼, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਇਨਸਾਫ਼, ਬਹਿਬਲ ਕਲਾਂ ਗੋਲੀ ਕਾਂਡ ਅਤੇ ਨਕੋਦਰ ਗੋਲੀ ਕਾਂਡ ਦਾ ਇਨਸਾਫ਼ ਅਜੇ ਤੱਕ ਨਹੀਂ ਮਿਲਿਆ।

# 'ਗੋਲਡਨ ਬਜ਼ਰ' ਰਾਹੀਂ ਮੁੰਬਈ ਦਾ ਡਾਂਸ ਗਰੁੱਪ ਅਮਰੀਕਾ ਦੇ ਮਸ਼ਹੂਰ ਟੈਲੇਂਟ ਸ਼ੋਅ ਦੇ ਫਾਈਨਲ ਵਿੱਚ ਪੁੱਜਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਮੁੰਬਈ ਦਾ ਡਾਸ ਗਰੁੱਪ 'ਵੀ ਅਨਬੀਟੇਬਲ' ਸਖਤ ਮੁਕਾਬਲੇ ਤੋਂ ਬਾਅਦ ਅਮਰੀਕਾ ਦੇ ਟੈਲੇਂਟ ਸ਼ੋਅ (ਏ. ਜੀ. ਟੀ) ਦੇ ਫਾਈਨਲ ਵਿਚ ਪੁੱਜ ਗਿਆ ਹੈ। ਪਿਛਲੇ ਸਾਲ 16 ਹਫਤਿਆਂ ਦੌਰਾਨ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਨ ਵਾਲਾ 30 ਮੈਂਬਰੀ ਗਰੁੱਪ ਹਾਲਾਂਕਿ ਦਰਸ਼ਕਾਂ ਕੋਲੋਂ ਲੋੜੀਂਦੀਆਂ ਵੋਟਾਂ ਨਹੀਂ ਹਾਸਲ ਕਰ ਸਕਿਆ ਸੀ ਪਰ ਪਿਛਲੇ ਦਿਨ ਹੋਏ ਸੈਮੀਫਾਈਨਲ ਵਿਚ ਜੱਜ ਹੋਵੀ ਮੰਡਲ ਨੂੰ ਗਰੁੱਪ ਨੇ ਏਨਾ ਪ੍ਰਭਾਵਿਤ ਕੀਤਾ ਕਿ ਉਹ 'ਗੋਲਡਨ ਬਜ਼ਰ' ਦਾ ਬਟਨ ਦਬਾਉਣ ਲਈ ਮਜਬੂਰ ਹੋ ਗਏ ਜਿਸ ਦਾ ਸਿੱਧਾ ਮਤਲਬ ਸੀ ਕਿ ਗਰੁੱਪ ਟੇਲੈਂਟ ਸ਼ੋਅ ਦੇ ਫਾਈਨਲ ਵਿਚ ਪੁੱਜ ਗਿਆ ਹੈ। ਗਰੁੱਪ ਮੈਂਬਰਾਂ ਨੇ 'ਧੂਮ ਮਚਾਲੇ ਧੂਮ' ਗਾਣੇ 'ਤੇ ਅਜਿਹੀ ਧਮਾਲ ਪਾਈ ਕਿ ਉਨਾਂ ਦੇ ਵਿਰੋਧੀ ਫਿੱਕੇ ਪੈ ਗਏ। ਮੇਜ਼ਬਾਨ ਟੈਰੀ ਕਰੀਊਜ



ਨੇ ਗਰੁੱਪ ਦੀ ਪ੍ਰਾਪਤੀ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਉਨਾਂ ਦੀ ਪਿਛਲੀ ਕਾਰਗੁਜ਼ਾਰੀ ਏਨੀ ਜਬਰਦਸਤ ਸੀ ਕਿ ਉਨਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਸੀ। ਬਾਕੀ ਜੱਜਾਂ ਸਿਮਨ ਕੋਵੈਲ, ਅਲੇਸ਼ਾ ਡਿਕਸਨ ਤੇ ਜੱਜ ਹੈਦੀ ਕਲੂਮ ਨੇ ਵੀ ਗਰੁੱਪ ਮੈਂਬਰਾਂ ਦੇ ਪ੍ਰਦਰਸ਼ਨ ਦੀ ਜੋਰਦਾਰ ਸ਼ਬਦਾਂ ਵਿਚ ਪ੍ਰਸੰਸਾ ਕੀਤੀ। ਗਰੁੱਪ ਮੈਂਬਰਾਂ ਨੇ ਮੰਚ ਉਪਰ ਆਪਣੀ ਖੁਸ਼ੀ ਦਾ ਇਜਹਾਰ ਕਰਦਿਆਂ ਕਿਹਾ ਕਿ 'ਏ ਜੀ ਟੀ ਨੇ ਉਨਾਂ ਦਾ ਜੀਵਨ ਬਦਲ ਦਿੱਤਾ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# GLOBAL ALLIANZ LAW FIRM LLP

US IMMIGRATION MADE EASY



## ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ

Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

**3096 Farrar Ave Modesto, CA 95354**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਪੰਜ ਮੈਂਬਰੀ ਕਮੇਟੀ ਵਲੋਂ ਅਮਰੀਕਾ ਵਿੱਚ ਪਾਰਟੀ ਦੀ ਮੈਂਬਰਸ਼ਿੱਪ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਪੰਜ ਮੈਂਬਰੀ ਕਮੇਟੀ ਨੇ ਆਪਣੇ ਲਿਖਤੀ ਬਿਆਨ ਵਿੱਚ ਕਿਹਾ ਹੈ ਕਿ ਜਿਸ ਵੀ ਵਿਅਕਤੀ ਨੇ ਪਾਰਟੀ ਦੀ ਅਮਰੀਕਾ ਵਿੱਚ ਨਵੀਂ ਮੈਂਬਰ ਸ਼ਿੱਪ ਲੈਣੀ ਹੋਵੇ ਉਹ ਪਾਰਟੀ ਵਲੋਂ ਕੁਝ ਸਮਾਂ ਪਹਿਲਾਂ ਸ਼ੁਰੂ ਕੀਤੀ ਗਈ ਵੈੱਬ ਸਾਈਟ ਤੇ ਜਾ ਕਿ ਮੈਂਬਰਸ਼ਿੱਪ ਲੈ ਸਕਦਾ ਹੈ। ਇਹ ਮੈਂਬਰ ਸ਼ਿੱਪ ਉਹ ਵੀਰ ਭੈਣ ਵੀ ਲੈ ਸਕਦੇ ਹਨ। ਜੋ ਪਹਿਲਾਂ ਤੋਂ ਹੀ ਪਾਰਟੀ ਨਾਲ ਚਲੇ ਆ ਰਹੇ ਹਨ ਪਰ ਜਿੰਨਾਂ ਅਜੇ ਤੱਕ ਅਮਰੀਕਾ ਵਿੱਚ ਪਾਰਟੀ ਦੀ ਮੈਂਬਰਸ਼ਿੱਪ ਨਹੀਂ ਲਈ। ਇਸ ਤੋਂ ਇਲਾਵਾ ਜੋ ਵੀ ਵੀਰ ਭੈਣ ਪਾਰਟੀ ਦੀ ਕਿਸੇ ਤਰਾਂ ਦੀ ਮਦਦ ਕਰਨੀ ਚਾਹੁੰਦਾ ਹੋਵੇ ਉਹ ਵੀ ਵੈਬਸਾਇਟ ਤੇ ਜਾ ਕੇ ਮਦਦ ਕਰ ਸਕਦਾ ਹੈ। ਪਾਰਟੀ ਦੀ ਸਾਇਟ ਦਾ ਨਾਮ www.sadausa.org ਹੈ।ਆਪ ਇਸ ਵੈਬਸਾਇਟ ਤੇ ਜਾ ਕਿ ਕਿਸੇ ਵੀ ਤਰਾਂ ਦੀ ਜਾਣਕਾਰੀ ਹਾਸਿਲ ਕਰ ਸਕਦੇ ਹੋ।ਪੰਜ ਮੈਂਬਰੀ ਕਮੇਟੀ ਵਲੋਂ ਹਰ ਇਕ ਵੀਰ ਭੈਣ ਨੂੰ ਸਾਵਧਾਨ ਵੀ ਕੀਤਾ ਜਾਂਦਾ ਹੈ ਕਿ ਬਾਹਰਲੀ ਹਰ ਲੁੱਟ ਘਸੁੱਟ ਤੋਂ ਬਚਿਆ ਜਾਵੇ। ਪਾਰਟੀ ਦੇ ਧਿਆਨ ਵਿੱਚ ਆਇਆ ਕਿ ਕਈ ਲੋਕਾਂ ਵਲੋਂ ਪਾਰਟੀ ਦਾ ਨਾਮ ਵਰਤ ਕੇ ਫੰਡ ਇਕੱਤਰ ਕੀਤਾ ਜਾਂਦਾ ਹੈ। ਇਹ ਵੀ ਕਿਹਾ ਗਿਆ ਹੈ ਕਿ ਕਿਸੇ ਨੂੰ ਵੀ ਫੰਡ ਜਾਂ ਮੈਂਬਰਸ਼ਿੱਪ ਜਾਂ ਹੋਰ ਕਿਸੇ ਵੀ ਲੋੜੀਂਦੇ ਕਾਗਜਾਤ ਲੈਣ ਵਾਸਤੇ ਕੈਸ਼ ਮਨੀ ਨਾ ਦਿੱਤੀ ਜਾਵੇ।ਇਥੇ ਇਹ ਵੀ ਦੱਸਿਆ ਜਾਂਦਾ ਕਿ ਪਾਰਟੀ ਦੇ ਕੈਲੇਫੋਰਨੀਆ ਯੂਨਿਟ ਦੇ ਪ੍ਰਧਾਨ ਸ੍ਰ ਤਰਸੇਮ ਸਿੰਘ ਟੁਲੇਰੀ ਹਨ ਅਤੇ ਯੂਥਵਿੰਗ ਦੇ ਪ੍ਰਧਾਨ ਸ੍ਰ ਅਰਵਿੰਦਰ ਸਿੰਘ ਸੰਧੂ ਹਨ। ਪਾਰਟੀ ਦੀ ਪੰਜ ਮੈਂਬਰੀ ਕਮੇਟੀ ਨੂੰ ਆਪ ਜੀ ਹੇਠ ਲਿੱਖੇ ਨੰਬਰਾਂ ਤੇ ਵੀ ਸੰਪਰਕ ਕਰ ਸਕਦੇ ਹੋ ਪਾਰਟੀ ਪ੍ਰਧਾਨ ਸ੍ਰ ਸੁਰਜੀਤ ਸਿੰਘ ਕੁਲਾਰ 1-917-434-2483,ਕਨਵੀਨਰ ਸ੍ਰ ਬੂਟਾ ਸਿੰਘ ਖੜੌਦ 1-609-351-0321, ਕੌਮੀ ਜਨਰਲ ਸਕੱਤਰ ਸ੍ਰ ਜੀਤ ਸਿੰਘ ਆਲੋਅਰਖ 1-559-470-5595,ਸਕੱਤਰ ਜਨਰਲ ਸ੍ਰ ਰੁਪਿੰਦਰ ਸਿੰਘ ਬਾਠ 1-937-467-3012, ਜਨਰਲ ਸਕੱਤਰ ਸ੍ਰ ਮੱਖਣ ਸਿੰਘ ਕਲੇਰ 1-630-827-9752

# ਮਾਈਕਰੋਸਾਫ਼ਟ ਸੀ ਈ ਓ ਸਤਿਆ ਨਡੇਲਾ ਸੀ ਏ ਏ ਬਾਰੇ ਟਿੱਪਣੀ ਕਰਕੇ ਵਿਵਾਦਾਂ ਵਿਚ ਘਿਰੇ

**ਨਿਊਯਾਰਕ/ਹੁਸਨ ਲੜੋਆ ਬੰਗਾ :** ਭਾਰਤ ਸਰਕਾਰ ਵੱਲੋਂ ਬਣਾਏ ਨਾਗਰਿਕਤਾ ਸੋਧ ਕਾਨੂੰਨ ( ਸੀ ਏ ਏ) ਦੀ ਅਲੋਚਨਾ ਕਰਕੇ ਭਾਰਤੀ ਮੂਲ ਦੇ ਅਮਰੀਕੀ ਮਾਈਕਰੋਸਾਫਟ ਸੀ ਈ ਓ ਸਤਿਆ ਨਡੇਲਾ ਵਿਵਾਦਾਂ ਵਿਚ ਘਿਰ ਗਏ ਹਨ। ਉਨਾਂ ਨੇ ਨਾਗਰਿਕਤਾ ਸੋਧ ਕਾਨੂੰਨ ਉਪਰ ਇਕ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਸੀ ਕਿ ਜੋ ਕੁਝ ਭਾਰਤ ਵਿਚ ਹੋ ਰਿਹਾ ਹੈ ਉਹ ਬੁਰਾ ਹੋ ਰਿਹਾ ਹੈ। ਮੈਨਹਟਨ (ਨਿਊਯਾਰਕ) ਵਿਚ ਨਡੇਲਾ, ਜਿਨਾਂ ਦਾ ਪਿਛੋਕੜ ਹੈਦਰਾਬਾਦ ਨਾਲ ਜੁੜਿਆ ਹੋਇਆ ਹੈ, ਨੇ ਸੰਪਾਦਕਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਚਹੁੰਦੇ ਹਨ ਕਿ ਪ੍ਰਵਾਸੀ ਭਾਰਤ ਵਿਚ ਆਉਣ ਤੇ ਇਥੇ ਸਥਾਪਿਤ ਹੋਣ। ਬੇਨ ਸਮਿਥ ਐਡੀਟਰ ਇਨ ਚੀਫ ਬਜ਼ਫੀਡ ਨਿਊਜ਼ ਡਾਟ ਕਾਮ ਅਨੁਸਾਰ ਨਾਗਰਿਕਤਾ ਸੋਧ ਕਾਨੂੰਨ ਬਾਰੇ ਨਡੇਲਾ ਨੇ ਕਿਹਾ ਸੀ ਕਿ ' ਮੈ ਸੋਚਦਾ ਹਾਂ ਕਿ ਜੋ ਕੁਝ ਵਾਪਰ ਰਿਹਾ ਹੈ, ਉਹ ਬੁਰਾ ਹੈ। ਮੈ ਇਹ ਵੇਖਕੇ ਖੁਸ਼ ਹੋਵਾਂਗਾ ਕਿ ਇਕ ਬੰਗਲਾਦੇਸ਼ੀ ਭਾਰਤ ਆਵੇ ਤੇ ਅਗਲੀ ਯੁਨੀਕਾਮ ਪੈਦਾ ਕਰੇ ਜਾਂ ਇਨਫੋਇਸਜ਼ ਦਾ ਅਗਲਾ ਸੀ.ਈ. ਓ.ਬਣੇ" ਹਾਲਾਂ ਕਿ ਬਾਅਦ ਵਿਚ ਮਾਈਕਰੋਸਾਫਟ ਨੇ ਨਡੇਲਾ ਦੀ ਤਰਫੋਂ ਸਫਾਈ ਦਿੰਦਿਆਂ ਇਕ ਬਿਆਨ ਜਾਰੀ ਕੀਤਾ ਸੀ ਜਿਸ ਵਿਚ ਉਨਾਂ ਕਿਹਾ ਸੀ ਕਿ ' ਹਰ ਇਕ ਦੇਸ਼ ਨੂੰ ਆਪਣੀਆਂ ਸਰਹੱਦਾਂ ਦੀ ਵਿਆਖਿਆ ਕਰਨ, ਰਾਸ਼ਟਰੀ ਸੁਰੱਖਿਆ ਦੀ ਹਿਫ਼ਾਜਤ ਕਰਨ ਤੇ ਉਸ ਅਨੁਸਾਰ ਇਮੀਗ੍ਰੇਸ਼ਨ ਨੀਤੀ ਬਣਾਉਣ ਦਾ ਅਧਿਕਾਰ ਹੈਂ'। ਪਰ ਇਸ ਦੇ ਬਾਵਜੂਦ ਸੋਸ਼ਲ ਮੀਡੀਆ ਉਪਰ ਨਡੇਲਾ ਦੀ ਅਲੋਚਨਾ ਹੋ ਰਹੀ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਕੀ ਲੋਕ ਮਾਈਕਰੋਸਾਫ਼ਟ ਦਾ ਬਾਈਕਾਟ ਕਰਨਗੇ ?



# ਗਰਭਵਤੀ ਔਰਤਾਂ ਨੂੰ ਅਮਰੀਕਾ ਆਉਣੋਂ ਰੋਕਣ ਲਈ ਨਵੇਂ ਨਿਯਮ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕੀ ਵਿਦੇਸ਼ ਵਿਭਾਗ ਨੇ ਗਰਭਵਤੀ ਔਰਤਾਂ ਨੂੰ ਅਮਰੀਕਾ ਆਉਣ ਤੋਂ ਰੋਕਣ ਲਈ ਵੀਜ਼ਾ ਅਧਿਕਾਰੀਆਂ ਨੂੰ ਹੋਰ ਅਧਿਕਾਰ ਦਿੱਤੇ ਹਨ। ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਸੈਰ ਸਪਾਟੇ ਤਹਿਤ ਆਉਂਦੀਆਂ ਗਰਭਵਤੀ ਔਰਤਾਂ ਨੂੰ ਵੀਜ਼ਾ ਦੇਣਾ ਬੰਦ ਕਰੇ ਕਿਉਂਕਿ 'ਬਰਥ ਟੂਰਿਜ਼ਮ' ਦਾ ਮਕਸਦ ਆਪਣੇ ਬੱਚਿਆਂ ਲਈ ਅਮਰੀਕੀ ਨਾਗਰਿਕਤਾ ਹਾਸਲ ਕਰਨਾ ਹੁੰਦਾ ਹੈ। ਸ਼ੁੱਕਰਵਾਰ ਤੋਂ ਅਮਰੀਕੀ ਪ੍ਰਸ਼ਾਸਨ ਨੇ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ। ਨਵੇਂ ਨਿਯਮਾਂ ਤਹਿਤ ਮੈਡੀਕਲ ਇਲਾਜ਼ ਜਾਂ ਆਪਣੇ ਮਿੱਤਰਾਂ- ਦੋਸਤਾਂ ਨੂੰ ਮਿਲਣ ਲਈ ਆਉਣ ਵਾਲੇ ਲੋਕਾਂ ਨੂੰ ਵੀਜ਼ਾ ਦੇਣ ਦੀ ਵਿਵਸਥਾ ਹੈ। ਇਥੇ ਵਰਣਨਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਮੁੱਦੇ ਉਪਰ ਸ਼ੁਰੂ ਤੋਂ ਹੀ ਸਖ਼ਤ ਰੁਖ ਅਖਤਿਆਰ ਕੀਤਾ ਹੋਇਆ ਹੈ। ਉਹ ਉਸ ਸੰਵਿਧਾਨਕ ਵਿਵਸਥਾ ਦੇ ਵੀ ਵਿਰੋਧੀ ਹਨ ਜਿਸ ਤਹਿਤ ਅਮਰੀਕਾ ਦੀ ਧਰਤੀ 'ਤੇ ਜਨਮੇ ਬੱਚਿਆਂ ਨੂੰ ਅਮਰੀਕੀ ਨਾਗਰਿਕਤਾ ਦਿੱਤੀ ਜਾਂਦੀ ਹੈ। ਅਮਰੀਕੀ ਪ੍ਰਸ਼ਾਸਨ ਦਾ ਇਹ ਵੀ ਤਰਕ ਹੈ ਕਿ 'ਬਰਥ ਟੂਰਿਜ਼ਮ' ਨਾਲ ਦੇਸ਼ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੁੰਦਾ ਹੈ ਪਰੰਤੂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਅਮਰੀਕੀ ਅਧਿਕਾਰੀ ਇਕ ਵੀ ਅਜਿਹੀ ਉਦਾਹਰਣ ਦੇਣ ਵਿਚ ਅਸਫਲ ਰਹੇ ਜਿਸ ਨਾਲ 'ਬਰਥ ਟੂਰਿਜ਼ਮ' ਨਾਲ ਕੌਮੀ ਸੁਰੱਖਿਆ ਨੂੰ ਖਤਰਾ ਪੈਦਾ ਹੋਇਆ ਹੋਵੇ।




ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS
CALIFORNIA
IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.

Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com





# ਨਟੋਮਸ ਵਿਖੇ ਨਵੇਂ ਗੁਰਦੁਆਰਾ ਸੰਤ ਸਾਗਰ ਵਿੱਚ 13 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇਗਾ

**ਸੈਕਰਾਮੈਂਟੋ /ਹੁਸਨ ਲੜੋਆ ਬੰਗਾ:** ਗੁਰਦੁਆਰਾ ਸੰਤ ਸਾਗਰ ਨਿਊਯਾਰਕ ਦੇ ਸੰਚਾਲਕ ਭਾਈ ਸੱਜਣ ਸਿੰਘ ਜੀ ਦੇ ਉੱਦਮ ਨਾਲ ਸੈਕਰਾਮੈਂਟੋ ਵਿਚ ਵੀ ਗੁਰਦੁਆਰਾ ਸੰਤ ਸਾਗਰ ਦੀ ਸਥਾਪਨਾ ਕੀਤੀ ਗਈ ਹੈ। ਇਸ ਤੋਂ ਪਹਿਲਾਂ ਟਰਲੱਕ ਵਿਚ ਇਕ ਬਿਲਡਿੰਗ ਖਰੀਦ ਲਈ ਗਈ ਸੀ ਪਰ ਕਾਨੂੰਨੀ ਅੜਚਨਾਂ ਕਰਕੇ ਉਸ ਬਿਲਡਿੰਗ ਨੂੰ ਵੇਚ ਕੇ ਇਹ ਚਰਚ ਬਿਲਡਿੰਗ ਖਰੀਦੀ ਗਈ ਹੈ। ਹੁਣ ਇਸ ਵਿਚ 13 ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਜਾਵੇਗੀ। ਬੀਤੇ ਦਿਨ ਭਾਈ ਸੱਜਣ ਸਿੰਘ ਜੀ ਇਸ ਸਥਾਨ ’ਤੇ ਖੁਦ ਪਹੁੰਚੇ ਅਤੇ ਉਨਾਂ ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਸਬੰਧੀ ਵਿਚਾਰਾਂ ਵੀ ਕੀਤੀਆਂ। ਇਸ ਮੌਕੇ ਸ. ਨਰਿੰਦਰਪਾਲ ਸਿੰਘ ਹੁੰਦਲ, ਲਖਵਿੰਦਰ ਸਿੰਘ ਲੱਖੀ, ਪ੍ਰੋ ਮੁਖਤਾਰ ਸਿੰਘ ਗਿੱਲ, ਅਜੀਤ ਸਿੰਘ ਕੌਸ਼ਲ, ਨਿਰਮਲ ਥਿਆੜਾ, ਜਸਵਿੰਦਰ ਨਿੱਝਰ, ਕੁਲਵਿੰਦਰ ਸਿੰਘ, ਰਜਿੰਦਰ ਸਿੰਘ, ਓਲੰਪੀਅਨ ਮਹਿੰਦਰ ਸਿੰਘ ਗਿੱਲ, ਕਰਨੈਲ ਸਿੰਘ ਸੈਣੀ, ਕੁਲਦੀਪ ਸਿੰਘ ਜੋਧਾਂਵਾਲਾ, ਬਾਬਾ ਬਲਦੇਵ ਸਿੰਘ ਗਿੱਲ, ਗਿਆਨੀ ਭਗਤ ਸਿੰਘ, ਗਿਆਨੀ ਹਰਦੇਵ ਸਿੰਘ ਸਾਬਕਾ ਹੈੱਡ ਗ੍ਰੰਥੀ ਰਿਚਮੰਡ ਹਿੱਲ ਨਿਊਯਾਰਕ, ਗਿਆਨੀ ਗੁਰਦੇਵ ਸਿੰਘ ਸਾਬਕਾ ਹੈੱਡ ਗ੍ਰੰਥੀ ਟਾਇਰਾ ਬਿਊਨਾ ਯੂਬਾ ਸਿਟੀ ਗਿਆਨੀ ਚਮਨ ਸਿੰਘ ਗਰੇਵਾਲ ਯੂਬਾ ਸਿਟੀ, ਬਾਬਾ ਬਲਵੀਰ ਸਿੰਘ ਕਾਲੇਕੇ ਗੁਰਦੁਆਰਾ ਮਸਤੂਆਣਾ ਸਾਹਿਬ ਯੂਬਾ ਸਿਟੀ, ਰਜਿੰਦਰ ਸਿੰਘ ਚੌਹਾਨ ਯੂਬਾ ਸਿਟੀ, ਮੇਜਰ ਸਿੰਘ ਚੌਹਾਨ, ਨਵਿੰਦਰ ਸਿੰਘ ਭੰਡਾਲ, ਅਜੀਤ ਸਿੰਘ ਕੋਮਲ, ਮੇਜਰ ਸਿੰਘ ਚੌਹਾਨ, ਜਗਦੇਵ ਸਿੰਘ ਮਾਂਗਟ, ਕਸ਼ਮੀਰ ਸਿੰਘ ਥਾਂਦੀ ਨੈਸ਼ਨਲ ਟਰੱਕ ਡਰਾਈਵਿੰਗ ਸਕੂਲ, ਦਵਿੰਦਰ ਢਿੱਲੋਂ, ਅਜੀਤ ਸਿੰਘ ਸਰਪੰਚ, ਸੁਰਿੰਦਰ ਬਿੰਦਰਾ, ਅਵਤਾਰ ਸਿੰਘ ਡੌਡ, ਰਾਣਾ ਦਵਿੰਦਰ ਸਿੰਘ, ਭਾਈ ਜਸਪਾਲ ਸਿੰਘ ਸਾਰੰਗ, ਰਾਗੀ ਸੁਖਜੀਵਨ ਸਿੰਘ, ਰਾਗੂ ਜਸਵੰਤ ਸਿੰਘ, ਰਾਗੀ ਨਿਰਮਲ ਸਿੰਘ ਨਾਗਪੁਰੀ, ਰਾਗੀ ਕੁਲਵਿੰਦਰ ਸਿੰਘ, ਰਾਗੀ ਪ੍ਰਮਿੰਦਰ ਸਿੰਘ, ਰਾਗੀ ਗੁਰਇਕਬਾਲ ਸਿੰਘ , ਹਰਬੰਸ ਸਿੰਘ, ਮੇਜਰ ਸਿੰਘ ਚੌਹਾਨ, ਗਿਆਨ ਸਿੰਘ ਢੱਟ, ਤਰਲੋਚਨ ਸਿੰਘ ਗੜਾਂਗ, ਗੁਰਮੀਤ ਸਿੰਘ ਸੰਧੂ (ਗੈਰੀ) ਵੀ ਹਾਜ਼ਰ ਸਨ। ਰੀਅਲ ਅਸਟੇਟ ਬਰੋਕਰ ਜੇਕ ਐਲਨ ਤੇ ਬੌਬੀ ਸਿੰਘ ਐਲਨ ਆਪਣੀ ਮਾਤਾ ਜੀ ਬਲਵੀਰ ਕੌਰ (ਪਤਨੀ ਸ. ਲਖਵਿੰਦਰ ਲੱਖੀ) ਨਾਲ ਵਿਸ਼ੇਸ਼ ਤੌਰ ’ਤੇ ਪਹੁੰਚੇ ਜਿਨਾਂ ਦੀਆਂ ਕੋਸ਼ਿਸ਼ਾਂ ਨਾਲ ਇਹ ਚਰਚ ਇਮਾਰਤ ਖਰੀਦੀ ਗਈ ਹੈ। ਵਿਚਾਰਾਂ ਕਰਨ ਉਪਰੰਤ ਭਾਈ ਸੱਜਣ ਸਿੰਘ ਜੀ ਨੇ ਦੱਸਿਆ ਕਿ ਮਿਤੀ 13 ਮਾਰਚ ਦਿਨ ਸ਼ੁੱਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਵੇਗਾ ਅਤੇ ਇਸੇ ਦਿਨ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜਾਉਣ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ ਜਿਨਾਂ ਦੇ 15 ਮਾਰਚ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਵਿਸ਼ਾਲ ਸਥਪਨਾ ਸਮਾਗਮ ਕੀਤਾ ਜਾਵੇਗਾ।



# ਪੰਜਾਬ ਆਰਥਿਕ ਸੰਕਟ ’ਚ ਬੁਰੀ ਤਰਾਂ ਫਸਿਆ

## ਕਰੀਬ ਛੇ ਹਜ਼ਾਰ ਕਰੋੜ ਰੁਪਏ ਦੀਆਂ ਦੇਣਦਾਰੀਆਂ ਖੜੀਆਂ, 31 ਮਾਰਚ ਤੱਕ ਪੰਜਾਬ ਸਿਰ ਹੋਵੇਗਾ 2,29,611 ਕਰੋੜ ਕਰਜ਼ਾ

ਚੰਡੀਗੜ-ਪੰਜਾਬ ਸਰਕਾਰ ਦੀ ਸੰਕਟਮਈ ਵਿੱਤੀ ਹਾਲਤ ਦੇ ਮੱਦੇਨਜ਼ਰ ਵਿੱਤ ਵਿਭਾਗ ਵੱਲੋਂ ਹਾਲਤ ਸੁਧਾਰਨ ਦੇ ਕਦਮਾਂ ਨੂੰ ਤੀਜੇ ਸਾਲ ਦੌਰਾਨ ਵੀ ਬੂਰ ਪੈਂਦਾ ਦਿਖਾਈ ਨਹੀਂ ਦੇ ਰਿਹਾ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਫਰਵਰੀ ਵਿਚ ਕੈਪਟਨ ਸਰਕਾਰ ਦਾ ਚੌਥਾ ਬਜਟ ਪੇਸ਼ ਕਰਨਗੇ ਪਰ ਮਾਲੀ ਹਾਲਤ ਪਿਛਲੀ ਬਾਦਲ ਸਰਕਾਰ ਨਾਲੋਂ ਵੀ ਵਿਗੜੀ ਹੋਈ ਹੈ। ਸਰਕਾਰ ਸਿਰ ਇਸ ਵਿੱਤੀ ਸਾਲ ਦੇ ਅੰਤ ਭਾਵ 31 ਮਾਰਚ 2020 ਤੱਕ 2,29,611 ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਸਰਕਾਰ ਦੇ ਬੱਝਵੇਂ ਖਰਚਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ 26,978 ਕਰੋੜ ਰੁਪਏ ਤਨਖਾਹਾਂ, 10,875 ਕਰੋੜ ਰੁਪਏ ਪੈਨਸ਼ਨਾਂ ’ਤੇ ਖ਼ਰਚ ਹੁੰਦੇ ਹਨ। ਬਿਜਲੀ ਸਬਸਿਡੀ ਦੇ ਰੂਪ ਵਿੱਚ ਸਰਕਾਰ ਨੇ ਪਾਵਰਕੌਮ ਨੂੰ 12,393 ਕਰੋੜ ਰੁਪਏ ਦੀ ਅਦਾਇਗੀ ਇਸ ਸਾਲ ਕਰਨੀ ਹੈ। ਸਰਕਾਰ ਇਸ ਮਾਲੀ ਸਾਲ ਦੌਰਾਨ ਕੰਮ ਚਲਾਉਣ ਲਈ 17,334 ਕਰੋੜ ਰੁਪਏ ਕਰਜ਼ਾ ਲਵੇਗੀ ਤੇ ਇਸ ਦੇ ਉਲਟ ਪਹਿਲਾਂ ਲਏ ਕਰਜ਼ੇ ਦੇ ਵਿਆਜ ਦੀ ਅਦਾਇਗੀ 30,309 ਕਰੋੜ ਰੁਪਏ ਕਰਨੀ ਹੈ ਤੇ ਮੂਲ ਦੀਆਂ ਕਿਸ਼ਤਾਂ ਦਾ ਸਾਲਾਨਾ ਭਾਰ 12,639 ਕਰੋੜ ਰੁਪਏ ਹੈ।

ਵਿੱਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਜੀਐੱਸਟੀ ਦੀ ਬਕਾਇਆ ਰਾਸ਼ੀ ਵਿੱਚ ਲਗਾਤਾਰ ਦੇਰੀ ਕੀਤੇ ਜਾਣ ਕਾਰਨ ਨਿੱਤ ਦੇ ਖ਼ਰਚੇ ਕਰਨੇ ਵੀ ਔਖੇ ਹੋਏ ਪਏ ਹਨ। ਰਾਜ ਸਰਕਾਰ ਨੇ ਕੇਂਦਰ ਤੋਂ ਜੀ.ਐੱਸ.ਟੀ. ਦੇ ਬਕਾਏ ਵਜੋਂ ਇਸ ਵੇਲੇ 4100 ਕਰੋੜ ਰੁਪਏ ਦੀ ਰਾਸ਼ੀ ਲੈਣੀ ਹੈ। ਰਾਜ ਸਰਕਾਰ ਵੱਲੋਂ ਕੇਂਦਰੀ ਵਿੱਤ ਮੰਤਰਾਲੇ ਤੱਕ ਪਹੁੰਚ ਤਾਂ ਕੀਤੀ ਜਾ ਰਹੀ ਹੈ ਪਰ ਇਸ ਦੀ ਅਦਾਇਗੀ ਸਬੰਧੀ ਕੇਂਦਰ ਵੱਲੋਂ ਬੇਯਕੀਨੀ ਦਾ ਆਲਮ ਬਣਿਆ ਹੋਇਆ ਹੈ। ਕੇਂਦਰ ਸਰਕਾਰ ਤੋਂ ਪੈਸਾ ਨਾ ਮਿਲਣ ਅਤੇ ਰਾਜ ਸਰਕਾਰ ਦੀ ਆਮਦਨ ਵਿੱਚ ਸੁਧਾਰ ਨਾ ਹੋਣ ਕਾਰਨ ਇਸ ਸਮੇਂ ਕਰੀਬ ਛੇ ਹਜ਼ਾਰ ਕਰੋੜ ਰੁਪਏ ਦੀਆਂ ਦੇਣਦਾਰੀਆਂ ਖੜੀਆਂ ਹਨ। ਇਸ ਵਿੱਚ 4500 ਕਰੋੜ ਰੁਪਏ ਬਿਜਲੀ ਸਬਸਿਡੀ ਅਤੇ ਸੇਵਾਮੁਕਤ ਹੋਏ ਮੁਲਾਜ਼ਮਾਂ ਨੂੰ ਸੇਵਾਮੁਕਤੀ ਲਾਭ ਨਾ ਦਿੱਤੇ ਜਾਣ ਕਾਰਨ 600 ਕਰੋੜ ਰੁਪਏ ਦੇ ਬਿੱਲ ਖ਼ਜ਼ਾਨੇ ਵਿੱਚ ਰੁਕੇ ਪਏ ਹਨ। ਇਸੇ ਤਰਾਂ ਹੋਰ ਦੇਣਦਾਰੀਆਂ ਸਮੇਤ ਸਰਕਾਰ ਨੇ ਛੇ ਹਜ਼ਾਰ ਕਰੋੜ ਰੁਪਏ ਦੇਣੇ ਹਨ। ਵਿੱਤ ਵਿਭਾਗ ਦੇ ਬਜਟ ਅਫ਼ਸਰ ਵੱਲੋਂ 21 ਜਨਵਰੀ ਨੂੰ ਹਦਾਇਤਾਂ ਜਾਰੀ ਕਰਕੇ ਦਫ਼ਤਰਾਂ ਲਈ ਨਵਾਂ ਫਰਨੀਚਰ ਨਾ ਖ਼ਰੀਦਣਾ, ਮੰਤਰੀਆਂ ਤੇ ਅਧਿਕਾਰੀਆਂ ਵਲੋਂ ਸਰਕਾਰ ਦੀ ਇੱਕੋ ਗੱਡੀ ਦੀ ਵਰਤੋਂ ਕਰਨਾ, ਬਿਜਲੀ ਤੇ ਪਾਣੀ ਦੇ ਖ਼ਰਚ ਵਿਚ ਹੱਥ ਘੁੱਟਣ ਸਮੇਤ ਹਰ ਤਰਾਂ ਦੇ ਖ਼ਰਚੇ ਵਿੱਚ ਕਫ਼ਾਇਤਾਂ ਕਰਨ ਲਈ ਕਿਹਾ ਗਿਆ ਹੈ। ਵਿੱਤੀ ਸੰਕਟ ਕਾਰਨ ਕੈਪਟਨ ਸਰਕਾਰ ਚਲੰਤ ਮਾਲੀ ਸਾਲ ਦੌਰਾਨ ਕਈ ਵਾਰੀ ‘ਓਵਰਡਰਾਫਟ’ ਵਿੱਚ ਚਲੀ ਗਈ ਸੀ।

HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office 4127 Bay Street, Suite 8 Fremont, CA 94538 Email: asrtimes@gmail.com
Tel: (510) 240-5949 Fax: (888) 323-6950 ਐਡਵਰਟਾਈਜ਼ਮੈਂਟ ਲਈ ਸੰਪਰਕ (408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

NJ Truck Lines
WANTED
OWNER OPERATORS and DRIVERS
• Dry vans only
• Grater Midwest area/East /Tx
• Phoenix/Portland
• Competitive Rates
• Next Day Pay
• Fuel card/Fuel Discounts
• Dispatch With Rate Confirmation copy
• No Forced Dispatch
APPLY TODAY
CALL: 209 341 9196
dispatch@njtruckline.com

# ਅਯੁੱਧਿਆ ਕੇਸ: ਸਿੱਖ ਧਰਮ ਨੂੰ 'ਕਲਟ' ਦੱਸੇ ਜਾਣ ਦਾ ਮਾਮਲਾ ਸੁਪਰੀਮ ਕੋਰਟ ਪੁੱਜਿਆ

**ਅੰਮ੍ਰਿਤਸਰ/ਏ.ਟੀ.ਨਿਊਜ਼:** ਅਯੁੱਧਿਆ ਕੇਸ ਦੇ ਫ਼ੈਸਲੇ ਵਿਚ ਸਿੱਖ ਧਰਮ ਬਾਰੇ ਵਰਤੇ ਗਏ ਸ਼ਬਦ 'ਕਲਟ' ਨੂੰ ਹਟਾਉਣ ਦਾ ਮਾਮਲਾ ਸੁਪਰੀਮ ਕੋਰਟ ਪੁੱਜ ਗਿਆ ਹੈ। ਇਸ ਸਬੰਧ ਵਿਚ ਸਿੱਖ ਨੇਸ਼ਨ ਆਰਗੇਨਾਈਜੇਸ਼ਨ ਵਲੋਂ ਦਾਇਰ ਕੀਤੀ ਪਟੀਸ਼ਨ ਵਿਚ ਇਸ ਇਤਰਾਜ਼ਯੋਗ ਸ਼ਬਦ ਅਤੇ ਗੁਰੂ ਨਾਨਕ ਦੇਵ ਦੀ ਅਯੁੱਧਿਆ ਫੇਰੀ ਦੌਰਾਨ ਮੂਰਤੀ ਪੂਜਾ ਕਰਨ ਸਬੰਧੀ ਦਿੱਤੇ ਹਵਾਲਿਆਂ ਨੂੰ ਹਟਾਉਣ ਦੀ ਅਪੀਲ ਕੀਤੀ ਗਈ ਹੈ।

ਸਿੱਖ ਨੇਸ਼ਨ ਆਰਗੇਨਾਈਜੇਸ਼ਨ ਦੇ ਪ੍ਰਧਾਨ ਡਾ. ਮਨਜੀਤ ਸਿੰਘ ਰੰਧਾਵਾ ਵਲੋਂ ਦਾਇਰ ਕੀਤੀ ਇਹ ਪਟੀਸ਼ਨ ਵਕੀਲ ਇਸ਼ਮਾ ਰੰਧਾਵਾ, ਧਨੰਜਯ ਗਰੋਵਰ ਅਤੇ ਅਨਿਰਬਾਨ ਭੱਟਾਚਾਰੀਆ ਨੇ ਤਿਆਰ ਕੀਤੀ ਹੈ। ਹਾਲ ਹੀ ਵਿੱਚ ਦਾਇਰ ਕੀਤੀ ਇਸ ਪਟੀਸ਼ਨ 'ਤੇ ਸੁਪਰੀਮ ਕੋਰਟ ਵਲੋਂ ਸੁਣਵਾਈ ਕਰਨ ਦੀ ਸਹਿਮਤੀ ਦੇ ਦਿੱਤੀ ਗਈ ਹੈ। ਇਸ ਪਟੀਸ਼ਨ 'ਤੇ ਸੁਣਵਾਈ ਅਗਲੇ ਹਫ਼ਤੇ ਸ਼ੁਰੂ ਹੋਣ ਅਤੇ ਇਸ ਦੀ ਪੈਰਵੀ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਵਲੋਂ ਕੀਤੇ ਜਾਣ ਦੀ ਸੰਭਾਵਨਾ ਹੈ।

ਇਸ ਸਬੰਧੀ ਵਿੱਚ ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਡਾ. ਰੰਧਾਵਾ ਨੇ ਦੱਸਿਆ ਕਿ ਸੁਪਰੀਮ ਕੋਰਟ ਵਲੋਂ ਅਯੁੱਧਿਆ ਕੇਸ ਬਾਰੇ ਦਿੱਤੇ ਫ਼ੈਸਲੇ ਵਿਚ ਸਿੱਖ ਧਰਮ ਬਾਰੇ ਵਿਸ਼ੇਸ਼ ਤੌਰ 'ਤੇ ਇਕ ਸ਼ਬਦ 'ਕਲਟ' (cult) ਵਰਤਿਆ ਗਿਆ ਹੈ। ਉਨਾਂ ਵੱਖ-ਵੱਖ ਸ਼ਬਦਕੋਸ਼ਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਇਹ ਸ਼ਬਦ ਨਾਂਹ-ਪੱਖੀ ਭਾਵਨਾ ਵਾਲਾ ਹੈ। ਅਦਾਲਤ ਵਲੋਂ ਸਿੱਖ ਧਰਮ ਨੂੰ ਇਸ ਸ਼ਬਦ ਰਾਹੀਂ ਇਕ ਗੁੱਟ ਕਰਾਰ ਦਿੱਤਾ ਗਿਆ ਹੈ ਜਦੋਂਕਿ ਸੰਯੁਕਤ ਰਾਸ਼ਟਰ ਵਲੋਂ ਸਿੱਖ ਧਰਮ ਨੂੰ ਵਿਸ਼ਵ ਦੇ ਛੇਵੇਂ ਮੁਕੰਮਲ ਧਰਮ ਵਜੋਂ ਮਾਨਤਾ ਮਿਲ ਚੁੱਕੀ ਹੈ। ਉਨਾਂ ਕਿਹਾ ਕਿ ਜੇ ਇਹ ਸ਼ਬਦ ਨਾ ਹਟਾਇਆ ਗਿਆ ਤਾਂ ਇਹ ਭਵਿੱਖ ਵਿਚ ਕਈ ਹੋਰ ਥਾਵਾਂ 'ਤੇ ਵੀ ਸਿੱਖ ਧਰਮ ਲਈ ਵਰਤਿਆ ਜਾ ਸਕਦਾ ਹੈ। ਇਸ ਲਈ ਇਸ ਗਲਤੀ ਨੂੰ ਹੁਣੇ ਸੁਧਾਰਨਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਬਾਰੇ ਗ਼ਲਤ ਹਵਾਲਿਆਂ 'ਤੇ ਇਤਰਾਜ਼ ਪਟੀਸ਼ਨ ਵਿਚ ਦਰਜ ਕੀਤੇ ਦੂਜੇ ਮੁੱਦੇ ਬਾਰੇ ਉਨਾਂ ਕਿਹਾ ਕਿ ਅਯੁੱਧਿਆ ਮਾਮਲੇ ਵਿਚ ਆਰਐੱਸਐੱਸ ਨਾਲ ਸਬੰਧਤ ਰਾਜਿੰਦਰ ਸਿੰਘ ਨਾਂ ਦੇ ਵਿਅਕਤੀ ਨੇ ਗਵਾਹੀ ਦਿੱਤੀ ਹੈ ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਗੁਰੂ ਨਾਨਕ ਦੇਵ ਵਲੋਂ ਇੱਕ ਸ਼ਰਧਾਲੂ ਵਜੋਂ ਰਾਮ ਜਨਮ ਭੂਮੀ ਅਯੁੱਧਿਆ ਦੇ ਦਰਸ਼ਨ ਕੀਤੇ ਗਏ ਸਨ ਅਤੇ ਉੱਥੇ ਉਨਾਂ ਨੇ ਮੰਦਰ ਵਿਚ ਭਗਵਾਨ ਰਾਮ ਦੀ ਮੂਰਤੀ ਦੀ ਪੂਜਾ ਵੀ ਕੀਤੀ ਸੀ। ਪਟੀਸ਼ਨਕਰਤਾ ਨੇ ਦਾਅਵਾ ਕੀਤਾ ਕਿ ਰਾਜਿੰਦਰ ਸਿੰਘ ਵਲੋਂ ਆਪਣੀ ਗਵਾਹੀ ਵਿਚ ਗੁਰੂ ਨਾਨਕ ਦੇਵ ਬਾਰੇ ਅਦਾਲਤ ਨੂੰ ਗਲਤ ਹਵਾਲੇ ਦਿੱਤੇ ਗਏ ਹਨ। ਉਨਾਂ ਦਾਅਵਾ ਕੀਤਾ ਕਿ ਇਹ ਗਵਾਹ ਕੋਈ ਮਾਨਤਾਪ੍ਰਾਪਤ ਇਤਿਹਾਸਕਾਰ ਨਹੀਂ ਹੈ ਅਤੇ ਉਸ ਨੇ ਆਪਣੇ ਦਾਅਵੇ ਬਾਰੇ ਕੋਈ ਪੁਖਤਾ ਸਬੂਤ ਵੀ ਨਹੀਂ ਦਿੱਤੇ ਹਨ। ਉਨਾਂ ਦੱਸਿਆ ਕਿ ਇਸ ਚੁਣੌਤੀ ਪਟੀਸ਼ਨ ਵਿਚ ਮਾਨਤਾ ਪ੍ਰਾਪਤ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੇ ਵਿਚਾਰ ਵੀ ਨੱਥੀ ਕੀਤੇ ਗਏ ਹਨ। ਉਨਾਂ ਕਿਹਾ ਕਿ ਗੁਰੂ ਨਾਨਕ ਦੇਵ ਖੁਦ ਕਰਮਕਾਂਡਾਂ ਅਤੇ ਮੂਰਤੀ ਪੂਜਾ ਦਾ ਵਿਰੋਧ ਕਰਦੇ ਸਨ, ਇਸ ਲਈ ਉਹ ਖ਼ੁਦ ਕਿਵੇਂ ਮੂਰਤੀ ਪੂਜਾ ਕਰ ਸਕਦੇ ਸਨ। ਉਨਾਂ ਕਿਹਾ ਕਿ ਅਦਾਲਤ ਵਲੋਂ ਦਰਜ ਕੀਤੀ ਇਹ ਗਵਾਹੀ ਕਾਨੂੰਨੀ ਦਸਤਾਵੇਜ਼ ਬਣ ਜਾਵੇਗੀ ਜਿਸ ਨਾਲ ਭਵਿੱਖ ਵਿਚ ਹੋਰ ਵੀ ਦੁਬਿਧਾਵਾਂ ਪੈਦਾ ਹੋਣਗੀਆਂ। ਇਸ ਲਈ ਇਸ ਨੂੰ ਹਟਾਇਆ ਜਾਣਾ ਚਾਹੀਦਾ ਹੈ।

ਇੱਕ ਸਵਾਲ ਦੇ ਜਵਾਬ ਵਿਚ ਉਨਾਂ ਕਿਹਾ ਕਿ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਕੋਲ ਵੀ ਰੱਖਿਆ ਸੀ ਪ੍ਰੰਤੂ ਉਨਾਂ ਵਲੋਂ ਇਸ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੇ ਜਾਣ ਕਾਰਨ ਹੀ ਉਨਾਂ ਨੇ ਖ਼ੁਦ ਅਦਾਲਤ ਵਿਚ ਇਸ ਮਾਮਲੇ ਨੂੰ ਚੁਣੌਤੀ ਦਿੱਤੀ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.




BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!
Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

ੴ

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

# HOLLYWOOD SIKH TEMPLE GURUDWARA SAHIB, VERMONT








## CELEBRATIONS OF 50TH ANNIVERSARY

**PROGRAM :**

ON 16th FEBRUARY, 2020 (SUNDAY)

10:00 AM TO 11:40 AM **(ASA KI VAAR BHAI AJIT SINGH)**

11:40 AM TO 12:30 PM **BHAI SURDEEP SINGH JI**

12:30 PM TO 1:15 PM **BHAI RAVINDER SINGH JI RASIYA**

!:15 PM TO 1:45 PM **BHAI AJIT SINGH , BHAI MANEET SINGH**







BHAI SURDEEP SINGH JI

BHAI RAVINDER SINGH JI RASIYA

BHAI AJEET SINGH RAAGI JATHA

**PLEASE COME AND JOIN US ON THIS HISTORIC DAY**

**323 - 665 - 7707**

PRESIDENT
**BHUPINDER SINGH DHILON.**
**323-514-6347**

GEN SECRETARY
**AMRIK SINGH RASIA**
**818-331-1459**

# ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵਲੋਂ ਅੰਮ੍ਰਿਤਸਰ ਤੋਂ ਬਿਹਤਰ ਹਵਾਈ ਸੰਪਰਕ ਬਨਾਉਣ ਲਈ ਏਅਰਲਾਈਨਾਂ ਨਾਲ ਮੁਲਾਕਾਤ

**ਬੰਗਲੌਰ/ ਏ.ਟੀ.ਨਿਊਜ਼:** ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਅਤੇ ਪੰਜਾਬ ਖੇਤਰ ਲਈ ਘਰੇਲੂ ਅਤੇ ਅੰਤਰਰਾਸ਼ਟਰੀ ਸੰਪਰਕ ਨੂੰ ਵਧਾਉਣ ਦੇ ਯਤਨਾਂ ਨੂੰ ਜਾਰੀ ਰੱਖਦੇ ਹੋਏ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਕਨਵੀਨਰ ਦੀ ਅਗਵਾਈ ਵਿਚ ਵਫਦ ਨੇ ਬੀਤੇ ਦਿਨੀ ਸਟਾਰ ਏਅਰ ਇੰਡੀਆ, ਥਾਈ ਏਅਰਵੇਜ਼, ਥਾਈ ਸਮਾਈਲ ਅਤੇ ਏਅਰ ਏਸ਼ੀਆ ਦੇ ਅਧਿਕਾਰੀਆਂ ਨਾਲ ਦਿੱਲੀ ਅਤੇ ਬੰਗਲੌਰ ਵਿਖੇ ਮੁਲਾਕਾਤ ਕੀਤੀ।

ਪ੍ਰੈਸ ਨੂੰ ਜਾਰੀ ਬਿਆਨ ਵਿਚ ਫਲਾਈ ਅੰਮ੍ਰਿਤਸਰ ਦੇ ਗਲੋਬਲ ਕਨਵੀਨਰ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ, ਅਮਰੀਕਾ ਵਾਸੀ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਹਨਾਂ ਮੀਟਿੰਗਾਂ ਵਿਚ ਉਹਨਾਂ ਵਲੋਂ ਅਤੇ ਫਲਾਈ ਅੰਮ੍ਰਿਤਸਰ ਦੇ ਭਾਰਤ ਵਿਚ ਕਨਵੀਨਰ, ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਏਅਰਪੋਰਟ ਅਤੇ ਯਾਤਰੀਆਂ ਦੀ ਗਿਣਤੀ ਬਾਰੇ ਅਧਿਕਾਰੀਆਂ ਨੂੰ ਵਿਸਥਾਰਤ ਅੰਕੜੇ ਪੇਸ਼ ਕੀਤੇ।

ਉਹਨਾਂ ਨੇ ਦਿੱਲੀ ਵਿਖੇ ਭਾਰਤ ਦੀ ਹਵਾਈ ਕੰਪਨੀ ਸਟਾਰ ਏਅਰ ਦੇ ਸੀ.ਈ.ਓ. ਸ. ਸਿਮਰਨ ਸਿੰਘ ਟਿਵਾਣਾ ਨਾਲ ਗੱਲਬਾਤ ਕੀਤੀ ਅਤੇ ਅੰਮ੍ਰਿਤਸਰ ਨੂੰ ਅਹਿਮਦਾਬਾਦ ਅਤੇ ਹੋਰਨਾ ਹਵਾਈ ਅੱਡਿਆਂ ਨਾਲ ਜੋੜਣ ਬਾਰੇ ਤੱਥ ਪੇਸ਼ ਕੀਤੇ। ਸਟਾਰ ਏਅਰ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਉਡਾਣ ਯੋਜਨਾ ਦੇ ਤਹਿਤ ਕਈ ਰੂਟਾਂ ਤੇ ਉਡਾਣਾਂ ਦੀ ਸ਼ੁਰੂਆਤ ਕਰ ਰਹੀ ਹੈ।

ਮੋਦੀ ਸਰਕਾਰ ਦੇ ਪਿਛਲੇ ਕਾਰਜਕਾਲ ਦੌਰਾਨ ਫਲਾਈ ਅੰਮ੍ਰਿਤਸਰ ਦੇ ਨਾਲ ਪ੍ਰਸਿਧ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਨੁਮਾਇੰਦਿਆਂ ਨੇ ਸ਼ਹਿਰੀ ਹਵਾਬਾਜੀ ਮੰਤਰੀ ਸ਼੍ਰੀ ਜੈਅੰਤ ਸਿਨਹਾ ਨਾਲ ਅੰਮ੍ਰਿਤਸਰ ਨੂੰ ਉਡਾਣ-3 ਸਕੀਮ ਵਿਚ ਸ਼ਾਮਲ ਕਰਨ ਸੰਬੰਧੀ ਦਿੱਲੀ ਵਿਖੇ ਮੀਟਿੰਗ ਕੀਤੀ ਸੀ। ਇਸ ਉਪਰੰਤ ਸਪਾਈਸ ਜੈਟ ਵਲੋਂ ਅੰਮ੍ਰਿਤਸਰ ਤੋਂ ਜੈਪੁਰ ਅਤੇ ਇੰਡੀਗੋ ਵਲੋਂ ਸਿੱਧੀਆਂ ਕੋਲਕਤਾ ਲਈ ਚਲ ਰਹੀਆਂ ਉਡਾਣਾਂ ਵੀ ਉੜੇ ਦੇਸ਼ ਕਾ ਆਮ ਨਾਗਰਿਕ ਸਕੀਮ ਤਹਿਤ ਹੀ ਸ਼ੁਰੂ ਕੀਤੀਆਂ ਗਈਆਂ ਹਨ।



ਅੰਮ੍ਰਿਤਸਰ ਨੂੰ ਸਿੱਧੀਆਂ ਥਾਈਲੈਂਡ ਦੇ ਸ਼ਹਿਰ ਬੈਂਕਾਕ ਨਾਲ ਜੋੜਣ ਲਈ ਇਹ ਆਗੂ ਦਿੱਲੀ ਵਿਖੇ ਥਾਈ ਏਅਰਵੇਜ਼ ਦੇ ਅਧਿਕਾਰੀਆਂ ਨਾਲ ਵੀ ਮਿਲੇ। ਥਾਈ ਏਅਰ ਕੰਪਨੀ ਬੈਂਕਾਕ ਤੋਂ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਕਈ ਸ਼ਹਿਰਾਂ ਮੈਲਬੋਰਨ, ਸਿਡਨੀ, ਆਕਲੈਂਡ, ਕਰਾਈਸਟਚਰਚ ਆਦਿ ਲਈ ਸਿੱਧੀਆਂ ਉਡਾਣਾਂ ਚਲਾਉਂਦੀ ਹੈ ਜਿੱਥੇ ਵੱਡੀ ਗਿਣਤੀ ਵਿਚ ਪੰਜਾਬੀ ਵੱਸਦੇ ਹਨ। ਉਹਨਾਂ ਏਅਰ ਏਸ਼ੀਆ ਐਕਸ, ਸਕੂਟ ਅਤੇ ਮਲੀਨਡੋ ਏਅਰ ਵਲੋਂ ਅੰਮ੍ਰਿਤਸਰ ਤੋਂ ਸਿੱਧੀਆਂ ਕੁਆਲਾਲੰਪੁਰ ਅਤੇ ਸਿੰਘਾਪੁਰ ਲਈ ਚਲਾਈਆਂ ਜਾ ਰਹੀਆਂ ਉਡਾਣਾਂ ਅਤੇ ਇਹਨਾਂ ਉਡਾਣਾਂ ਤੇ ਪੰਜਾਬੀ ਕਿਹੜੇ ਕਿਹੜੇ ਵਿਦੇਸ਼ੀ ਹਵਾਈ ਅੱਡਿਆਂ ਤੋਂ ਆ ਰਹੇ ਹਨ ਬਾਰੇ ਅੰਕੜੇ ਸਾਂਝੇ ਕੀਤੇ।

ਬੈਂਕਾਕ ਦੁਨੀਆ ਦੇ ਵੱਡੇ ਟੂਰਿਸਟ ਅਤੇ ਵਪਾਰਕ ਸ਼ਹਿਰਾਂ ਵਿਚ ਸ਼ਾਮਲ ਹੈ। ਪੰਜਾਬ ਤੋਂ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਲੋਕ ਉੱਥੇ ਘੁੰਮਣ ਫਿਰਨ ਅਤੇ ਵਪਾਰ ਸੰਬੰਧੀ ਜਾਂਦੇ ਹਨ। ਇਸ ਸਿੱਧੀ ਉਡਾਣ ਨਾਲ ਨਾ ਸਿਰਫ ਪੰਜਾਬ ਤੋਂ ਵਪਾਰੀਆਂ ਨੂੰ ਲਾਭ ਮਿਲੇਗਾ ਬਲਕਿ ਅੰਮ੍ਰਿਤਸਰ ਜੋ ਕਿ ਇਕ ਵੱਡਾ ਟੂਰਿਸਟ ਹੈ, ਬੈਂਕਾਕ ਰਾਹੀਂ ਹੋਰਨਾਂ ਸ਼ਹਿਰਾਂ ਅਤੇ ਮੁਲਕਾਂ ਨਾਲ ਜੁੜ ਜਾਵੇਗਾ।

ਗੁਮਟਾਲਾ ਅਤੇ ਕਾਮਰਾ ਨੇ ਬੰਗਲੌਰ ਵਿਖੇ ਵੀ ਏਅਰ ਏਸ਼ੀਆ ਦੇ ਦਫਤਰ ਵਿਖੇ ਅਧਿਕਾਰੀਆਂ ਨਾਲ ਏਅਰ ਏਸ਼ੀਆ ਐਕਸ ਦੀ ਅੰਮ੍ਰਿਤਸਰ ਤੋਂ ਸਿੱਧੀ ਕੁਆਲਾਲੰਪੁਰ ਲਈ ਚਲ ਰਹੀ ਉਡਾਣ ਸੰਬੰਧੀ ਅਤੇ ਏਅਰ ਏਸ਼ੀਆ ਨੂੰ ਅੰਮ੍ਰਿਤਸਰ ਤੋਂ ਬੈਂਕਾਕ, ਦਿੱਲ਼ੀ ਤੇ ਭਾਰਤ ਦੇ ਹੋਰਨਾਂ ਸ਼ਹਿਰਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਸੰਬੰਧੀ ਗੱਲਬਾਤ ਕੀਤੀ।

ਉਹਨਾਂ ਨੇ ਏਅਰ ਏਸ਼ੀਆ ਦੀ ਅਗਸਤ 2018 ਤੋਂ ਚਲ ਰਹੀ ਇਸ ਉਡਾਣ ਲਈ ਏਅਰ ਏਸ਼ੀਆ ਦਾ ਧੰਨਵਾਦ ਕੀਤਾ। ਇਹਨਾਂ ਆਗੂਆਂ ਨੇ ਖੁਸ਼ੀ ਜਾਹਰ ਕੀਤੀ ਕਿ ਇਹ ਉਡਾਣ ਜੋ ਕਿ ਫਲਾਈ ਅੰਮ੍ਰਿਤਸਰ ਦੇ ਉਪਾਰਲੇ ਸਦਕਾ ਅਗਸਤ 2018 ਵਿਚ ਸ਼ੁਰੂ ਹੋਈ, ਸਫਲਤਾ ਪੂਰਵਕ ਪੰਜਾਬੀਆਂ ਨੂੰ ਕੁਆਲਾਲੰਪੁਰ ਰਾਹੀਂ ਆਸਟਰੇਲੀਆ, ਮਲੇਸ਼ੀਆ, ਥਾਈਲੈਂਡ, ਤੇ ਕਈ ਹੋਰਨਾਂ ਦੇਸ਼ਾਂ ਨਾਲ ਜੋੜ ਰਹੀ ਹੈ ਤੇ ਉਹਨਾ ਦਾ ਸਫਰ ਬਹੁਤ ਹੀ ਸੁਖਾਲਾ ਹੋ ਗਿਆ ਹੈ। ਫਲਾਈ ਅੰਮ੍ਰਿਤਸਰ ਦੇ ਆਗੂਆਂ ਨੂੰ ਉਮੀਦ ਹੈ ਕਿ 2020 ਵਿਚ ਅੰਮ੍ਰਿਤਸਰ ਫਿਰ ਤੋਂ ਬੈਂਕਾਕ ਨਾਲ ਜੁੜ ਸਕੇਗਾ।

## ਰੋਹਿੰਗੀਆ ਮੁਸਲਮਾਨਾਂ ਦੀ ਨਸਲਕੁਸ਼ੀ ਰੋਕਣ ਦੇ ਹੁਕਮ

**ਹੇਗ/ਏ.ਟੀ.ਨਿਊਜ਼:** ਰੋਹਿੰਗੀਆ ਮੁਸਲਮਾਨਾਂ ਨੂੰ ਕਾਨੂੰਨੀ ਤੌਰ 'ਤੇ ਉਸ ਸਮੇਂ ਵੱਡੀ ਜਿੱਤ ਮਿਲੀ ਜਦੋਂ ਸੰਯੁਕਤ ਰਾਸ਼ਟਰ ਦੀ ਸਿਖਰਲੀ ਅਦਾਲਤ ਨੇ ਮਿਆਂਮਾਰ ਨੂੰ ਹੁਕਮ ਦਿੱਤੇ ਕਿ ਉਹ ਰੋਹਿੰਗੀਆ ਭਾਈਚਾਰੇ ਦੀ ਹੋ ਰਹੀ ਨਸਲਕੁਸ਼ੀ ਨੂੰ ਰੋਕਣ ਲਈ ਹਰ ਹਰਬਾ ਵਰਤੇ। ਕੌਮਾਂਤਰੀ ਨਿਆਂ ਅਦਾਲਤ (ਆਈਸੀਜੇ) ਦੇ ਪ੍ਰਧਾਨ ਜੱਜ ਅਬਦੁੱਲਕਾਵੀ ਅਹਿਮਦ ਯੂਸੁਫ਼ ਨੇ ਕਿਹਾ ਕਿ ਮਿਆਂਮਾਰ 'ਚ ਰੋਹਿੰਗੀਆ ਮੁਸਲਮਾਨਾਂ ਦੀ ਹਾਲਤ ਤਰਸਯੋਗ ਹੈ ਅਤੇ ਅਦਾਲਤ ਵੱਲੋਂ ਦਿੱਤੇ ਗਏ ਹੁਕਮਾਂ ਦਾ ਮਿਆਂਮਾਰ ਪਾਲਣ ਕਰੇ। ਕਰੀਬ ਇਕ ਘੰਟੇ ਦੀ ਸੁਣਵਾਈ ਮਗਰੋਂ ਜੱਜਾਂ ਨੇ ਮਿਆਂਮਾਰ ਸਰਕਾਰ ਨੂੰ ਹੁਕਮ ਦਿੱਤੇ ਕਿ ਉਸ ਵੱਲੋਂ ਉਠਾਏ ਗਏ ਕਦਮਾਂ ਦੀ ਰਿਪੋਰਟ ਚਾਰ ਮਹੀਨਿਆਂ 'ਚ ਦਿੱਤੀ ਜਾਵੇ। ਰੋਹਿੰਗੀਆ ਭਾਈਚਾਰੇ ਨੂੰ ਬਚਾਉਣ ਲਈ ਕੀਤੇ ਗਏ ਉਪਰਾਲਿਆਂ ਬਾਰੇ ਰਿਪੋਰਟ ਫਿਰ ਹਰ ਛੇ ਮਹੀਨੇ ਬਾਅਦ ਦੇਣੀ ਪਵੇਗੀ। ਮਨੁੱਖੀ ਹੱਕਾਂ ਬਾਰੇ ਕਾਰਕੁਨਾਂ ਨੇ ਸਰਬਸੰਮਤੀ ਨਾਲ ਲਏ ਗਏ ਫ਼ੈਸਲੇ ਦਾ ਤੁਰੰਤ ਸਵਾਗਤ ਕੀਤਾ ਹੈ।




ਨਿਊਯਾਰਕ ਆਧਾਰਿਤ ਮਨੁੱਖੀ ਅਧਿਕਾਰ ਸੰਸਥਾ ਦੇ ਕੌਮਾਂਤਰੀ ਨਿਆਂ ਸਹਾਇਕ ਡਾਇਰੈਕਟਰ ਪਰਮ ਪ੍ਰੀਤ ਸਿੰਘ ਨੇ ਕਿਹਾ ਕਿ ਆਈਸੀਜੇ ਵੱਲੋਂ ਰੋਹਿੰਗੀਆ ਖ਼ਿਲਾਫ਼ ਹੋਰ ਵਧੀਕੀਆਂ ਨੂੰ ਰੋਕਣ ਲਈ ਦਿੱਤਾ ਗਿਆ ਹੁਕਮ ਇਤਿਹਾਸਕ ਹੈ। ਅਫ਼ਰੀਕੀ ਮੁਲਕ ਗਾਂਬੀਆ ਨੇ ਮੁਸਲਿਮ ਮੁਲਕਾਂ ਦੀ ਸੰਸਥਾ ਵੱਲੋਂ ਇਹ ਕੇਸ ਦਾਖ਼ਲ ਕੀਤਾ ਸੀ ਜਿਨਾਂ ਦੋਸ਼ ਲਾਇਆ ਸੀ ਕਿ ਮਿਆਂਮਾਰ ਰੋਹਿੰਗੀਆ ਭਾਈਚਾਰੇ ਦਾ ਘਾਣ ਕਰ ਰਿਹਾ ਹੈ। ਪਿਛਲੇ ਮਹੀਨੇ ਸੁਣਵਾਈ ਦੌਰਾਨ ਵਕੀਲਾਂ ਨੇ ਨਕਸ਼ਿਆਂ, ਸੈਟੇਲਾਈਟਾਂ ਤਸਵੀਰਾਂ ਅਤੇ ਗ੍ਰਾਫਿਕਸ ਦੇ ਹਵਾਲੇ ਨਾਲ ਦੋਸ਼ ਲਾਇਆ ਸੀ ਕਿ ਮਿਆਂਮਾਰ ਦੀ ਫ਼ੌਜ ਵੱਲੋਂ ਰੋਹਿੰਗੀਆ ਮੁਸਲਮਾਨਾਂ ਖ਼ਿਲਾਫ਼ ਮੁਹਿੰਮ ਚਲਾਈ ਗਈ ਅਤੇ ਉਨਾਂ ਦਾ ਵੱਡੇ ਪੱਧਰ 'ਤੇ ਕਤਲ ਕੀਤਾ ਗਿਆ ਅਤੇ ਔਰਤਾਂ ਨਾਲ ਜਬਰ-ਜਨਾਹ ਹੋਇਆ ਜਦਕਿ ਹਜ਼ਾਰਾਂ ਘਰਾਂ ਨੂੰ ਸਾੜ ਦਿੱਤਾ ਗਿਆ। ਕਦੇ ਫ਼ੌਜ ਖ਼ਿਲਾਫ਼ ਬਗ਼ਾਵਤ ਕਰਨ ਵਾਲੀ ਮਿਆਂਮਾਰ ਦੀ ਆਗੂ ਆਂਗ ਸਾਂ ਸੂ ਕੀ ਨੇ ਫ਼ੌਜੀ ਕਾਰਵਾਈ ਦੀ ਵਕਾਲਤ ਕਰਦਿਆਂ ਨਸਲਕੁਸ਼ੀ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ।

## ਅਸਟ੍ਰੇਲੀਆ ਦੀ ਰਾਜਧਾਨੀ 'ਚ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਛੋਟ ਮਿਲੀ

**ਕੈਨਬਰਾ/ ਏ.ਟੀ.ਨਿਊਜ਼:** ਅਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਵਿਚ ਸਿੱਖਾਂ ਨੂੰ ਬਾਈਕ ਚਲਾਉਂਦਿਆਂ ਹੈਲਮਟ ਪਾਉਣ ਤੋਂ ਛੋਟ ਦੇ ਦਿੱਤੀ ਗਈ ਹੈ। ਸਰਕਾਰ ਨੇ ਇਹ ਕਦਮ ਸਾਈਕਲ ਦੀ ਵਰਤੋਂ ਵਧਾਉਣ ਦੇ ਇਰਾਦੇ ਨਾਲ ਚੁੱਕਿਆ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਸਿੱਖ ਨੌਜਵਾਨ ਜਗਦੀਪ ਸਿੰਘ ਵੱਲੋਂ ਸੜਕ ਸੁਰੱਖਿਆ ਮਹਿਕਮੇ ਦੇ ਮੰਤਰੀ ਸ਼ੇਨ ਰੈਟਨਬਰੀ ਨੂੰ ਭੇਜੀ ਸ਼ਿਕਾਇਤ ਮਗਰੋਂ ਇਹ ਫੈਂਸਲਾ ਕੀਤਾ ਗਿਆ ਹੈ।

ਸ਼ਿਕਾਇਤ ਵਿਚ ਜਗਦੀਪ ਸਿੰਘ ਨੇ ਕਿਹਾ ਸੀ ਕਿ ਉਹ ਸਾਈਕਲ ਚਲਾਉਣ ਦਾ ਬਹੁਤ ਸ਼ੌਕੀਨ ਹੈ ਅਤੇ ਮੈਲਬੋਰਨ ਵਿਚ ਹੈਲਮਟ ਦੀ ਸ਼ਰਤ ਨਾ ਹੋਣ ਕਾਰਨ ਸਿੱਖ ਹੋਣ ਨਾਅਤੇ ਉਸਨੂੰ ਸਾਈਕਲ ਚਲਾਉਣ ਵਿਚ ਕੋਈ ਮੁਸ਼ਕਿਲ ਨਹੀਂ ਸੀ, ਪਰ ਇੱਥੇ ਕੈਨਬਰਾਂ ਵਿਚ ਹੈਲਮਟ ਲਾਜ਼ਮੀ ਹੋਣ ਕਾਰਨ ਉਹ ਸਾਈਕਲ ਨਹੀਂ ਚਲਾ ਸਕਦਾ।

ਇਸ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਮੰਤਰੀ ਨੇ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਛੋਟ ਦੇ ਦਿੱਤੀ ਹੈ। ਮੰਤਰੀ ਨੇ ਕਿਹਾ ਕਿ ਕੈਨਬਰਾ ਵਿਚ ਹਰ ਇੱਕ ਨੂੰ ਆਪਣੇਪਨ ਦਾ ਅਹਿਸਾਸ ਕਰਾਉਣਾ ਉਹਨਾਂ ਦੀ ਜ਼ਿੰਮੇਵਾਰੀ ਹੈ।

ਇਸ ਤੋਂ ਪਹਿਲਾਂ ਅਸਟ੍ਰੇਲੀਆ ਦੇ ਕੁਈਨਜ਼ਲੈਂਡ, ਵਿਕਟੋਰੀਆ, ਪੱਛਮੀ ਅਸਟ੍ਰੇਲੀਆ, ਦੱਖਣੀ ਅਸਟ੍ਰੇਲੀਆ ਸੂਬਿਆਂ 'ਚ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਛੋਟ ਮਿਲ ਚੁੱਕੀ ਹੈ। ਸਿਰਫ ਨਿਊ ਸਾਊਥ ਵੇਲਜ਼ ਅਜਿਹਾ ਸੂਬਾ ਬਚਿਆ ਹੈ ਜਿੱਥੇ ਸਿੱਖ ਹੈਲਮਟ ਤੋਂ ਛੋਟ ਹਾਸਲ ਕਰਨ ਲਈ ਰਾਜਨੀਤਕ ਆਗੂਆਂ ਨਾਲ ਗੱਲਬਾਤ ਕਰ ਰਹੇ ਹਨ।

## ਕੇਰਲਾ, ਪੰਜਾਬ ਤੋਂ ਬਾਅਦ ਰਾਜਸਥਾਨ ਨੇ ਨਾਗਰਿਕਤਾ ਕਾਨੂੰਨ ਵਿਰੁੱਧ ਕੀਤਾ ਮਤਾ ਪਾਸ

**ਜੈਪੁਰ/ਏ.ਟੀ.ਨਿਊਜ਼:** ਰਾਜਸਥਾਨ ਦੀ ਕਾਂਗਰਸ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦੇ ਵਿਰੁੱਧ ਵਿਧਾਨ ਸਭਾ ਵਿਚ ਇੱਕ ਮਤਾ ਪਾਸ ਕੀਤਾ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੂੰ ਇਸ ਕਾਨੂੰਨ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ। ਰਿਪੋਰਟ ਅਨੁਸਾਰ ਮਤੇ ਵਿਚ ਕਿਹਾ ਗਿਆ ਹੈ, "ਸੰਸਦ ਵਿਚ ਹਾਲ ਹੀ ਵਿੱਚ ਪਾਸ ਕੀਤੇ ਗਏ ਨਾਗਰਿਕਤਾ ਸੋਧ ਕਾਨੂੰਨ ਦਾ ਉਦੇਸ਼ ਧਰਮ ਦੇ ਅਧਾਰ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਲੱਗ ਕਰਨਾ ਹੈ। ਧਰਮ ਦੇ ਅਧਾਰ 'ਤੇ ਅਜਿਹਾ ਵਿਤਕਰਾ ਸੰਵਿਧਾਨ ਵਿਚ ਦਰਜ ਧਰਮ ਨਿਰਪੱਖ ਵਿਚਾਰਾਂ ਦੇ ਅਨੁਕੂਲ ਨਹੀਂ ਹੈ ਅਤੇ ਸਪੱਸ਼ਟ ਤੌਰ' ਤੇ ਧਾਰਾ 14 ਦੀ ਉਲੰਘਣਾ ਹੈ।"

ਜ਼ਿਕਰਯੋਗ ਹੈ ਕਿ ਕੇਰਲ ਪਹਿਲਾ ਸੂਬਾ ਹੈ, ਜਿਸ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਸੀ। ਇਸ ਦੇ ਨਾਲ ਹੀ ਕੇਰਲ ਸਰਕਾਰ ਨੇ ਇਸ ਕਾਨੂੰਨ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਇਸ ਤੋਂ ਬਾਅਦ ਪੰਜਾਬ ਵਿਚ ਸੱਤਾਧਾਰੀ ਕਾਂਗਰਸ ਨੇ ਵਿਧਾਨ ਸਭਾ ਵਿਚ ਸੀਏਏ ਦੇ ਵਿਰੁੱਧ ਮਤਾ ਪਾਸ ਕੀਤਾ ਸੀ। ਇਸ ਮਤੇ ਵਿਚ ਨਾਗਰਿਕਤਾ ਸੋਧ ਕਾਨੂੰਨ ਨੂੰ ਗੈਰ-ਸੰਵਿਧਾਨਕ ਦੱਸਦਿਆਂ ਕਾਂਗਰਸ ਨੇ ਮੰਗ ਕੀਤੀ ਕਿ ਇਸ ਕਾਨੂੰਨ ਨੂੰ ਖਤਮ ਕੀਤਾ ਜਾਵੇ।

## ਭਾਰਤ ਵਿੱਚ ਮੁਸਲਮਾਨ ਵਧੇਰੇ ਸੁਰੱਖਿਅਤ: ਗੋਇਲ

**ਦਾਵੋਸ/ਏ.ਟੀ.ਨਿਊਜ਼:** ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਭਾਰਤ ਵਿੱਚ ਮੁਸਲਮਾਨ ਦੁਨੀਆਂ ਦੇ ਬਹੁਤੇ ਹਿੱਸਿਆਂ ਦੇ ਮੁਕਾਬਲੇ ਸੁਰੱਖਿਅਤ ਹਨ। ਇੱਥੇ ਸਟਰੈਟਜਿਕ ਆਊਟਲੁੱਕ: ਇੰਡੀਆ 2020 ਸੈਸ਼ਨ ਦੌਰਾਨ ਸ੍ਰੀ ਗੋਇਲ ਨੇ ਕਿਹਾ ਕਿ ਭਾਰਤ ਯਕੀਨੀ ਤੌਰ ਉੱਤੇ ਵਿਸ਼ਵ ਦੇ ਬਹੁਲਤਾਵਾਦੀ ਭਾਈਚਾਰਿਆਂ ਵਿੱਚੋਂ ਇੱਕ ਹੈ। ਭਾਰਤ ਇੱਕ ਅਜਿਹਾ ਦੇਸ਼ ਹੈ ਜੋ ਹਰ ਵੱਖਰੇ ਵਿਚਾਰ ਅਤੇ ਨਜ਼ਰੀਏ ਦਾ ਸਵਾਗਤ ਕਰਦਾ ਹੈ ਅਤੇ ਬਰਾਬਰ ਮੌਕੇ ਹਾਸਲ ਕਰਨ ਦੇ ਮਾਮਲੇ ਵਿੱਚ ਮੁਸਲਮਾਨ ਦੁਨੀਆਂ ਦੇ ਬਹੁਤੇ ਹਿੱਸਿਆਂ ਦੇ ਮੁਕਾਬਲੇ ਭਾਰਤ ਵਿੱਚ ਵਧੇਰੇ ਸੁਰੱਖਿਅਤ ਹਨ। ਉਨਾਂ ਇਸ ਨੁਕਤੇ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਵਿੱਚ ਇਸ ਮੁੱਦੇ ਉੱਤੇ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੈ। ਉਨਾਂ ਕਿਹਾ ਕਿ ਜਦੋਂ ਅਸੀਂ ਕਿਸੇ ਘਰ ਨੂੰ ਬਿਜਲੀ, ਗੈਸ ਜਾਂ ਕੋਈ ਹੋਰ ਸਹੂਲਤ ਦਿੰਦੇ ਹਾਂ ਤਾਂ ਉਨਾਂ ਦਾ ਧਰਮ ਜਾਂ ਰੰਗ ਨਸਲ ਨਹੀਂ ਪੁੱਛਦੇ। ਸਾਰੀਆਂ ਸਹੂਲਤਾਂ ਸਾਰਿਆਂ ਲਈ ਬਰਾਬਰ ਹਨ।

ਇਸ ਮੌਕੇ ਉਨਾਂ ਨਾਗਰਿਕਤਾ ਸੋਧ ਕਾਨੂੰਨ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਧਾਰਮਿਕ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਲੋਕਾਂ ਦੀ ਸੁਰੱਖਿਆ ਕਰਨੀ ਭਾਰਤ ਦਾ ਫਰਜ਼ ਹੈ। ਭਾਰਤ ਦੇ ਰੇਲਵੇ ਵਣਜ ਤੇ ਉਦਯੋਗ ਮੰਤਰੀ ਨੇ ਵੱਖ ਵੱਖ ਦਲੀਲਾਂ ਦੇ ਕੇ ਭਾਰਤ ਦੇ ਨਵੇਂ ਨਾਗਰਿਕਤਾ ਕਾਨੂੰਨ ਦੀ ਪੂਰੀ ਤਰਾਂ ਪ੍ਰੋੜਤਾ ਕੀਤੀ। ਉਨਾਂ ਕਿਹਾ ਦੁਨੀਆਂ ਵਿੱਚ 57 ਦੇ ਕਰੀਬ ਇਸਲਾਮਿਕ ਦੇਸ਼ ਹਨ ਅਤੇ ਇੱਕ ਦੋ ਨੂੰ ਛੱਡ ਕੇ ਸਾਰੇ ਭਾਰਤ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਫੈਸਲਿਆਂ ਦਾ ਸਤਿਕਾਰ ਕਰਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES
29 ਜਨਵਰੀ 2020 ਤੋਂ 4 ਫਰਵਰੀ 2020

# ਸਿੱਖ ਕੌਮ ਦੀ ਵੱਡੀ ਪ੍ਰਾਪਤੀ

ਸਿੱਖ ਕੌਮ ਨੂੰ ਅਮਰੀਕਾ ਵਿੱਚ ਇੱਕ ਐਥਨਿਕ ਗਰੁੱਪ ਵਜੋਂ ਮਾਨਤਾ ਮਿਲਣ ਦੀ ਘਟਨਾ ਇੱਕ ਬਹੁਤ ਹੀ ਵੱਡੀ, ਮਾਣਮੱਤੀ ਅਤੇ ਇਤਿਹਾਸਕ ਪ੍ਰਾਪਤੀ ਹੈ। ਇਹ ਉਸ ਰਾਜਨੀਤਕ ਚੇਤਨਾ ਦੀ ਪਹਿਲੀ ਪੌੜੀ ਹੈ ਜੋ ਸਾਡੇ ਅੰਦਰ ਇੱਕ ਵੱਖਰੇ ਮੁਲਕ ਨੂੰ ਹਾਸਲ ਕਰਨ ਦੀ ਰੀਝ ਅਤੇ ਤਾਂਘ ਨੂੰ ਜਗਾਉਂਦੀ ਹੈ ਤੇ ਪ੍ਰਚੰਡ ਵੀ ਕਰਦੀ ਹੈ।

ਇਹ ਪ੍ਰਾਪਤੀ ਸਾਡੀ ਖਿੰਡੀ ਹੋਈ ਕੌਮ ਨੂੰ ਇਕੱਠੇ ਰਹਿਣ ਵੱਲ ਵੀ ਪ੍ਰੇਰਦੀ ਹੈ ਤੇ ਸਾਡੇ ਅੰਦਰ ਨਵੀਂ ਲੀਡਰਸ਼ਿਪ ਪੈਦਾ ਕਰਨ ਦੀਆਂ ਸੰਭਾਵਨਾਵਾਂ ਵੀ ਜਗਾਉਂਦੀ ਹੈ ਜੋ ਲੀਡਰਸ਼ਿਪ ਅਜੇ ਪੈਦਾ ਨਹੀਂ ਹੋ ਰਹੀ। ਇਹ ਪ੍ਰਾਪਤੀ ਵੱਖਰੇ ਮੁਲਕ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ, ਵਿਅਕਤੀਆਂ, ਜਗਿਆਸੂਆਂ ਤੇ ਬੁੱਧੀਜੀਵੀਆਂ ਦੀ ਰਾਜਨੀਤਕ ਅਤੇ ਧਾਰਮਿਕ ਚੇਤਨਾ ਨੂੰ ਪ੍ਰਚੰਡ ਕਰਦੀ ਹੈ ਜੋ ਹਾਲ ਦੀ ਘੜੀ ਇਹੋ ਜਿਹੇ ਮਹੱਤਵਪੂਰਨ ਮੁੱਦਿਆਂ ਦੀ ਰੌਸ਼ਨੀ ਵਿੱਚ ਨਿਕਲਣ ਵਾਲੇ ਦੂਰ ਰਸ ਸਿੱਟਿਆਂ ਬਾਰੇ ਨਾ ਤਾਂ ਗੰਭੀਰ ਹਨ ਅਤੇ ਨਾ ਹੀ ਆਪਣੇ ਕਾਡਰ ਵਿੱਚ ਇਸ ਸਬੰਧੀ ਚੇਤਨਾ ਪੈਦਾ ਕਰਦੇ ਹਨ ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕੋਈ ਵੀ ਖੁਦਮੁਖਤਿਆਰ ਮੁਲਕ ਸਾਨੂੰ "ਨੇਸ਼ਨ" ਵਜੋਂ ਅਜੇ ਮਾਨਤਾ ਨਹੀਂ ਦੇਣ ਲੱਗਾ, ਕਿਉਂਕਿ ਇਹ ਨੇਸ਼ਨ- ਸਟੇਟ ਦੇ ਦਿੱਤੇ ਹੋਏ ਸਿਧਾਂਤਾਂ ਦੀ ਉਲੰਘਣਾ ਹੈ। ਇਹ ਪ੍ਰਾਪਤੀ ਸਾਨੂੰ ਇੱਕ ਮਜ਼ਬੂਤ ਜਥੇਬੰਦੀ ਉਸਾਰਨ ਵਾਲੇ ਪਾਸੇ ਲਿਜਾ ਕੇ ਵੀ ਜਾਂਦੀ ਹੈ ਤਾਂ ਜੋ ਅਸੀਂ ਇੱਕ ਅਜਿਹੇ ਪੜਾਅ ਤੇ ਪਹੁੰਚ ਜਾਈਏ ਜਿੱਥੇ ਅਸੀਂ ਘੱਟੋ ਘੱਟ ਆਤਮ ਨਿਰਣੇ ਦੀ ਮੰਗ ਕਰਨ ਦੇ ਯੋਗ ਤਾਂ ਹੋ ਸਕੀਏ।

ਇੱਥੇ ਇਹ ਚੇਤੇ ਕਰਨਾ ਵੀ ਜ਼ਰੂਰੀ ਹੈ ਕਿ ਡੈਕਲੇਰੇਸ਼ਨ ਆਫ਼ ਹਿਊਮਨ ਰਾਈਟਸ-1948 ਮੁਤਾਬਕ ਅਸੀਂ ਆਤਮ ਨਿਰਣੇ ਦੀ ਮੰਗ ਕਰ ਸਕਦੇ ਹਾਂ ਤੇ ਇਹ ਇੱਕ ਅਜਿਹਾ ਐਲਾਨਨਾਮਾ ਹੈ ਜਿਸ ਉੱਤੇ ਭਾਰਤ ਸਮੇਤ ਸਭ ਮੁਲਕਾਂ ਨੇ ਵੀ ਦਸਤਖ਼ਤ ਕੀਤੇ ਹਨ। ਇੱਥੇ ਇਹ ਚੇਤੇ ਵੀ ਕਰਾਇਆ ਜਾਂਦਾ ਹੈ ਕਿ ਖਾਲਿਸਤਾਨ ਦੇ ਸੰਘਰਸ਼ ਦੇ ਇੱਕ ਪੜਾਅ ਉੱਤੇ ਸਾਡੀ ਕੌਮ ਨੇ ਉਸ ਸਮੇਂ ਦੇ ਯੂਐਨ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਇੱਕ ਯਾਦ ਪੱਤਰ ਦੇ ਕੇ ਆਤਮ ਨਿਰਣੇ ਦੀ ਬਾਕਾਇਦਾ ਮੰਗ ਵੀ ਕੀਤੀ ਸੀ। ਇਸ ਉੱਤੇ ਸਿਮਰਨਜੀਤ ਸਿੰਘ ਮਾਨ ਤੇ ਪ੍ਰਕਾਸ਼ ਸਿੰਘ ਬਾਦਲ ਦੇ ਵੀ ਦਸਤਖ਼ਤ ਹਨ। ਇੱਥੇ ਇਹ ਵੀ ਚੇਤੇ ਕਰਾਇਆ ਜਾਂਦਾ ਹੈ ਕਿ ਅੰਮ੍ਰਿਤਸਰ ਐਲਾਨਨਾਮੇ ਵਿੱਚ ਤਾਂ ਇੱਥੋਂ ਤੱਕ ਮੰਗ ਕੀਤੀ ਗਈ ਹੈ ਕਿ ਜੇਕਰ ਭਾਰਤੀ ਸਟੇਟ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਅਮਲ ਵਿਚ ਨਹੀਂ ਲਿਆਉਂਦੀ ਤਾਂ ਸਿੱਖ ਕੌਮ ਪ੍ਰਭੂ ਸੰਪੰਨ ਸਿੱਖ ਸਟੇਟ ਦੀ ਮੰਗ ਕਰੇਗੀ। ਇਸ ਐਲਾਨਨਾਮੇ ਉੱਤੇ ਹੋਰਨਾਂ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ, ਸੁਰਜੀਤ ਸਿੰਘ ਬਰਨਾਲਾ ਅਤੇ ਇੱਥੋਂ ਤੱਕ ਕੈਪਟਨ ਅਮਰਿੰਦਰ ਸਿੰਘ ਦੇ ਵੀ ਦਸਤਖ਼ਤ ਹਨ।

ਹੁਣ ਆਓ ਆਪਾਂ ਇਹ ਵਿਚਾਰ ਕਰਦੇ ਹਾਂ ਕਿ ਕੌਮ ਜਾਂ ਕੌਮੀਅਤ ਕੀ ਹੈ ?

ਐਥਨੀਸਿਟੀ, ਧਰਮ ਤੇ ਰਾਸ਼ਟਰਵਾਦ -ਤਿੰਨੇ ਇੱਕ ਤਰ੍ਹਾਂ ਨਾਲ ਆਪਸ ਵਿੱਚ ਜੁੜੇ ਹੋਏ ਹਨ ਅਤੇ ਇਹ ਅੱਜ ਦੀ ਸਥਿਤੀ ਵਿੱਚ ਇਹੋ ਜਿਹੀਆਂ ਰਾਜਨੀਤਿਕ ਤਾਕਤਾਂ ਹਨ ਜੋ ਮੌਜੂਦਾ ਸਿਆਸਤ ਨੂੰ ਨਵਾਂ ਮੋੜ ਦੇ ਰਹੀਆਂ ਹਨ।

ਆਪਾਂ ਇਹ ਵੀ ਕਹਿ ਸਕਦੇ ਹਾਂ ਕਿ ਐਥਨੀ ਸਿਟੀ, ਧਰਮ ਅਤੇ ਰਾਸ਼ਟਰਵਾਦ ਨੇਸ਼ਨ- ਸਟੇਟ ਵੱਲ ਜਾਂਦੇ ਮਹੱਤਵਪੂਰਨ ਪੜਾਅ ਹਨ

ਅਸੀਂ ਇੱਥੇ ਐਥਇਜ਼ਮ ਨਾਲ ਜੁੜੀਆਂ ਕੁਝ ਟਰਮਾਂ ਨੂੰ ਪਰਿਭਾਸ਼ਤ ਕਰਦੇ ਹਾਂ ਤਾਂ ਜੋ ਥੋੜਾ ਜਿਹਾ ਪੜ੍ਹਿਆ ਲਿਖਿਆ ਤੇ ਚੇਤਨ ਵਰਗ ਐਥਨੀਸਿਟੀ ਬਾਰੇ ਆਪਣੀ ਗੰਭੀਰ ਸਮਝ ਬਣਾ ਲਵੇ ਅਤੇ ਉਸ ਦੇ ਅੰਦਰ ਐਥਨੀਸਿਟੀ, ਧਰਮ ਅਤੇ ਨੈਸ਼ਨਲਿਜ਼ਮ ਦੇ ਆਪਸੀ ਸਬੰਧਾਂ ਅਤੇ ਉਨ੍ਹਾਂ ਸਬੰਧਾਂ ਬਾਰੇ ਤਾਜ਼ਾ ਪੁਸਤਕਾਂ ਅਤੇ ਇਸ ਦਿਸ਼ਾ ਵਿੱਚ ਚੱਲ ਰਹੀ ਬਹਿਸ ਨਾਲ ਉਹ ਜੁੜ ਜਾਵੇ।

ਇਸ ਤੋਂ ਇਲਾਵਾ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਕੌਮ ਦੇ ਜਾਗਦੇ ਹਿੱਸਿਆਂ ਵਿੱਚ ethnicity ਅਤੇ ਇਸ ਦਾ nation ਅਤੇ ਫਿਰ ਨੇਸ਼ਨ-ਸਟੇਟ ਨਾਲ ਜੁੜੇ ਰਿਸ਼ਤੇ ਇੱਕ ਲਹਿਰ ਦਾ ਰੂਪ ਅਖਤਿਆਰ ਕਰ ਲਵੇ, ਕਿਉਂਕਿ ਇਹ ਸ਼ਬਦ ਅੱਗੇ ਜਾ ਕੇ ਸਾਡੀ ਕੌਮ ਦੀ ਤਕਦੀਰ ਨੂੰ ਦਿਸ਼ਾ ਦੇਣ ਨਾਲ ਵੀ ਜੁੜ ਜਾਂਦੇ ਹਨ।

ਇੱਥੇ ਅਸੀਂ ਇਹ ਵੀ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਡਿਕਸ਼ਨਰੀ ਵਿੱਚ ਐਥਨੀਸਿਟੀ ਨੂੰ ਨਸਲ -ਵਿਗਿਆਨ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ ਜੋ ਇਹ ਅਰਥ ਕਿਸੇ ਵੀ ਤਰ੍ਹਾਂ ਪੂਰੀ ਤਰ੍ਹਾਂ ਦਰੁਸਤ ਨਹੀਂ। ਅਤੇ ਸਾਡੇ ਮਕਸਦ ਨਾਲ ਇਨਸਾਫ਼ ਨਹੀਂ ਕਰਦੇ। ਇਸ ਸ਼ਬਦ ਦਾ ਅਰਥ- ਖੇਤਰ ਇੰਨਾ ਵਿਸ਼ਾਲ ਹੋ ਗਿਆ ਹੈ ਕਿ ਅਜੇ ਤੱਕ ਪੰਜਾਬੀ ਦੀ ਕਿਸੇ ਡਿਕਸ਼ਨਰੀ ਨੇ ਢੁੱਕਵੇਂ ਅਰਥ ਨਹੀਂ ਕੀਤੇ। ਇਸ ਲਈ ਅਸੀਂ ਇਸ ਸ਼ਬਦ ਨੂੰ ਹਾਲ ਦੀ ਘੜੀ ਅੰਗਰੇਜ਼ੀ ਵਿੱਚ ਹੀ ਰੱਖਿਆ ਹੈ।

ਐਥਨਿਕ ਗਰੁੱਪ

ਲੋਕਾਂ ਦੇ ਇੱਕ ਇਹੋ ਜਿਹੇ ਜਾਤੀ- ਸਮੂਹ ਜਾਂ ਇਕੱਠ ਜਾਂ ਮਾਨਵ- ਜਾਤੀ ਨੂੰ ਐਥਨਿਕ ਗਰੁੱਪ ਕਹਿ ਸਕਦੇ ਹਾਂ ਜਿਨ੍ਹਾਂ ਦਾ ਆਪਣਾ ਨਿਆਰਾ ਇੱਕ ਇਤਿਹਾਸ ਹੈ, ਆਪਣਾ ਧਰਮ ਹੈ, ਆਪਣਾ ਸੱਭਿਆਚਾਰ ਹੈ, ਆਪਣੀ ਕੋਈ ਭਾਸ਼ਾ ਹੈ, ਆਪਣੇ ਰਸਮੋ ਰਿਵਾਜ ਹਨ, ਆਪਣੀਆਂ ਕਦਰਾਂ ਕੀਮਤਾਂ ਹਨ, ਆਪਣੇ ਵਿਸ਼ਵਾਸ ਅਤੇ ਰਵਾਇਤਾਂ ਹਨ ਅਤੇ ਉਸ ਸਮੂਹ ਵਿੱਚ ਵੱਸਣ ਵਾਲੇ ਸਾਰੇ ਇੱਕ ਦੂਜੇ ਨਾਲ ਜੁੜੇ ਹੋਏ ਮਹਿਸੂਸ ਕਰਦੇ ਹਨ, ਅਤੇ ਉਹ ਇੱਕ ਵੱਖਰੇ ਇਲਾਕੇ ਵਿੱਚ ਰਹਿੰਦੇ ਹਨ ਅਤੇ ਇਤਿਹਾਸ ਦੇ ਕਿਸੇ ਦੌਰ ਵਿੱਚ ਉਨ੍ਹਾਂ ਦਾ ਆਪਣਾ ਰਾਜ ਭਾਗ ਹੁੰਦਾ ਹੈ ਜਾਂ ਉਹ ਇਸ ਸਮੇਂ ਰਾਜ ਕਰਦੇ ਹਨ।

ਉਕਤ ਪਰਿਭਾਸ਼ਾ ਮੋਟੀ ਜਿਹੀ ਅਤੇ ਖੁੱਲੀ ਪਰਿਭਾਸ਼ਾ ਹੈ ਪਰ ਸਾਰੇ ਵਿਦਵਾਨ ਇਸ ਪਰਿਭਾਸ਼ਾ ਉੱਤੇ ਕਿਸੇ ਨਾ ਕਿਸੇ ਰੂਪ ਵਿੱਚ ਸਹਿਮਤ ਹਨ ।

ਕੁਝ ਜ਼ਰੂਰੀ ਨੁਕਤੇ ਧਿਆਨ ਵਿੱਚ ਰੱਖ ਲਏ ਜਾਣ:

Ethnicity (race) ਵਿੱਚ ਫ਼ਰਕ ਹੁੰਦਾ ਹੈ ethnicity ਦਾ ਸੰਬੰਧ ਕਲਚਰਲ ਫੈਕਟਰਜ਼ ਨਾਲ ਹੁੰਦਾ ਹੈ ਜਦ ਕਿ ਰੇਸ ਜਾਂ ਨਸਲ ਦਾ ਸਬੰਧ ਜੀਵ ਵਿਗਿਆਨ ਨਾਲ ਹੁੰਦਾ ਹੈ। ਉਂਜ ਦੋਵੇਂ ਇੱਕ ਦੂਜੇ ਦੀਆਂ ਹੱਦਾਂ ਟੱਪਦੇ ਰਹਿੰਦੇ ਹਨ।

ਕੀ ਅਮਰੀਕਨ ਲੋਕ ਐਥਨੀਸਿਟੀ ਹਨ। ਹਾਲ ਵਿਚ ਹੀ ਹੋਈ ਮਰਦਮਸ਼ੁਮਾਰੀ ਵਿੱਚ ਅਮਰੀਕਾ ਨੇ ਸਰਕਾਰੀ ਤੌਰ ਤੇ ਅਮਰੀਕਨ ਲੋਕਾਂ ਨੂੰ ਛੇ ਐਥਨਿਕ ਗਰੁੱਪਾਂ ਵਿੱਚ ਵੰਡਿਆ ਹੈ, ਜਿਨ੍ਹਾਂ ਵਿੱਚ ਗੋਰੀ ਨਸਲ ਦੇ ਅਮਰੀਕੀ, ਕਾਲੀ ਨਸਲ ਦੇ ਅਮਰੀਕੀ, ਜੱਦੀ ਪੁੱਸ਼ਤੀ ਰਹਿੰਦੇ ਅਮਰੀਕੀ, ਤੇ ਏਸ਼ੀਅਨ ਅਮਰੀਕੀ ਸ਼ਾਮਲ ਹਨ।

ਦਿਲਚਸਪ ਗੱਲ ਇਹ ਹੈ ਕਿ ਅਮਰੀਕਾ ਇੱਕ multi-racial ਅਤੇ ਮਲਟੀ-ਐਥਨਿਕ ਮੁਲਕ ਹੈ। ਉਹ ਇਕ ਕੌਮ ਵੀ ਹੈ।

ਇਹ ਜ਼ਰੂਰੀ ਨਹੀਂ ਕਿ ਹਰ ਕਿਸੇ ਐਥਨਿਕ ਗਰੁੱਪ ਨੇ ਇਤਿਹਾਸ ਵਿੱਚ ਕਿਸੇ ਪੜਾਅ ਤੇ ਰਾਜ ਕੀਤਾ ਹੋਵੇ ਜਿਵੇਂ ਕੁਰਦ। ਪਰ ਸਿੱਖ ਕੌਮ ਉਨ੍ਹਾਂ ਚੰਦ ਇੱਕ ਮੁਲਕਾਂ ਦੇ ਐਥਨਿਕ ਗਰੁੱਪਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਦੋ ਵਾਰ ਇਤਿਹਾਸ ਵਿੱਚ ਰਾਜ ਕੀਤਾ ਹੈ ਤੇ ਅੱਜ ਰਾਜ ਭਾਗ ਤੋਂ ਵਿਰਵੇ ਹਨ।

Ethnicity,nationalism, nation & nation-state ਦੇ ਆਪਸ ਵਿੱਚ ਕੀ ਸਬੰਧ ਹੁੰਦੇ ਹਨ, ਇਸ ਦੇ ਦਿਲਚਸਪ ਵੇਰਵੇ ਕਿਤਾਬਾਂ ਦੇ ਹਵਾਲਿਆਂ ਨਾਲ ਅਸੀਂ ਕਿਸੇ ਹੋਰ ਸਮੇਂ ਪੇਸ਼ ਕਰਾਂਗੇ। ਪਰ ਸਿਖ ਕੌਮ ਨੂੰ ਇਨ੍ਹਾਂ ਸਭ ਗਲਾਂ ਬਾਰੇ ਜਾਣਕਾਰੀ ਜਰੂਰ ਹਾਸਿਲ ਕਰਨੀ ਚਾਹੀਦੀ ਹੈ ਅਤੇ ਐਵੇਂ ਹਨੇਰੇ ਵਿੱਚ ਹੀ ਤੀਰ ਨਾ ਚਲਾਏ ਜਾਣ।

**ਕਰਮਜੀਤ ਸਿੰਘ ਚੰਡੀਗੜ**

# ਲੋਕਤੰਤਰ ਦੇ ਪੈਮਾਨੇ ਤੇ ਭਾਰਤ ਦਾ ਰੈਂਕ ਕਿਉਂ ਡਿੱਗਿਆ

## ਦਾ ਇਕਨਾਮਿਸਟ ਮੈਗਜ਼ੀਨ ਨੇ ਪਰਦੇ ਫੋਲੇ



- ਰਵੀਸ਼ ਕੁਮਾਰ

ਪੂਰੀ ਦੁਨੀਆਂ ਵਿਚ ਭਾਰਤ ਦੀ ਪਛਾਣ ਦਾ ਜੇਕਰ ਕੋਈ ਬਰਾਂਡ ਐਬਸੈਂਡਰ ਹੈ ਤਾਂ ਉਹ ਭਾਰਤ ਦਾ ਲੋਕਤੰਤਰ ਹੈ। ਲੋਕਤੰਤਰ ਭਾਰਤ ਦੀ ਪਛਾਣ ਦਾ ਝੰਡਾ ਰਿਹਾ ਹੈ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰਸਤੇ ਵਿਚ ਕਈ ਚੁਣੌਤੀਆਂ ਆਈਆਂ ਹਨ, ਪਰ ਇੱਥੋਂ ਦੇ ਲੋਕ ਜੋ ਕਦੇ ਸਕੂਲ ਨਹੀਂ ਗਏ, ਜਿਨਾਂ ਨੂੰ ਕਦੀ ਸਿਸਟਮ ਤੋਂ ਕੁਝ ਨਹੀਂ ਮਿਲਿਆ, ਜੋ ਹਰ ਤਰਾਂ ਦੀ ਤਕਲੀਫ ਵਿਚ ਰਹਿ ਰਹੇ ਹਨ, ਉਨਾਂ ਨੇ ਵੀ ਲੋਕਤੰਤਰ ਦੇ ਝੰਡੇ ਨੂੰ ਹੇਠਾਂ ਨਹੀਂ ਝੁਕਣ ਦਿੱਤਾ। 1947 ਵਿਚ ਜਦ ਇਕ ਗਰੀਬ ਮੁਲਕ ਦੇ ਰੂਪ ਵਿਚ ਭਾਰਤ ਅਜ਼ਾਦ ਹੋਇਆ ਤਾਂ 47 ਦੀ ਵੰਡ ਕਾਰਨ ਨਸਲੀ ਸੋਚ ਤਹਿਤ ਲੋਕ ਇਕ ਦੂਸਰੇ ਦੇ ਖੂਨ ਦੇ ਪਿਆਸੇ ਹੋ ਗਏ ਤਦ ਵੀ ਸੰਵਿਧਾਨ ਸਭਾ ਦੇ ਪ੍ਰਬੰਧਕ ਸੋਚ ਸਮਝ ਕੇ ਸੰਵਾਦ ਕਰਦੇ ਹੋਏ ਸੰਵਿਧਾਨ ਦੀ ਰਚਨਾ ਕਰ ਰਹੇ ਸਨ। ਜਦੋਂ 1950 ਦਾ ਸੰਵਿਧਾਨ ਲਾਗੂ ਕੀਤਾ ਗਿਆ ਤਾਂ ਭਾਰਤ ਉਸ ਸਮੇਂ ਕੋਈ ਵੱਡੀ ਅਰਥ-ਵਿਵਸਥਾ ਨਹੀਂ ਸੀ। ਜਦ 1951 ਵਿਚ ਪਹਿਲੀ ਚੋਣ ਹੋਈ ਤਾਂ ਭਾਰਤ ਕੋਈ ਸੁਪਰ ਪਾਵਰ ਨਹੀਂ ਸੀ। ਜਦ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾਈ ਤਾਂ ਹਰ ਵਿਅਕਤੀ ਲੋਕਤੰਤਰ ਦੇ ਹੱਕ ਵਿਚ ਡੱਟ ਗਿਆ, ਜੇਲਾਂ ਭਰ ਗਈਆਂ।

ਭਗਵੀਂ ਰਾਜਨੀਤੀ ਚਲਾਉਣ ਵਾਲਿਆਂ ਦੇ ਦੌਰ ਵਿਚ ਭਾਰਤ ਦਾ ਲੋਕਤੰਤਰ ਡੈਮੋਕ੍ਰੇਸੀ ਇਡੈਕਸ ਅਰਥਾਤ ਲੋਕਤੰਤਰ ਦਾ ਸੂਚਕ ਅੰਕ 10 ਅੰਕ ਹੇਠਾਂ ਡਿੱਗ ਪਿਆ ਸੀ। ਦਿ ਇਕਨਾਮਿਕਸਡ 1843 ਦੀ ਪੱਤ੍ਰਿਕਾ ਹੈ, ਇਸ ਪੱਤ੍ਰਿਕਾ ਨੇ 2006 ਦੌਰਾਨ ਇਕ ਡੈਮੋਕ੍ਰੇਸੀ ਇਡੈਕਸ ਬਣਾਇਆ। 2019 ਦਾ ਸਾਲ ਡੈਮੋਕ੍ਰੇਸੀ ਦੇ ਲਈ ਸਭ ਤੋਂ ਮਾੜਾ ਸਾਲ ਦੱਸਿਆ ਗਿਆ ਹੈ। ਕੀ ਨਾਗਰਿਕਤਾ ਕਾਨੂੰਨ ਅਤੇ ਨਾਗਰਿਕਤਾ ਰਜਿਸਟਰ ਦੇ ਵਿਰੋਧ ਵਿਚ ਦੁਨੀਆਂ ਭਰ ਵਿਚ ਹੋ ਰਹੇ ਪ੍ਰਦਰਸ਼ਨਾਂ ਕਾਰਨ ਭਾਰਤ ਦੇ ਅਕਸ ਨੂੰ ਨੁਕਸਾਨ ਪਹੁੰਚਿਆ ਹੈ। ਭਾਰਤ ਦੇ ਮੀਡੀਆ ਤੋਂ ਦੂਰ ਨਿਊਜ਼ੀਲੈਂਡ ਤੇ ਆਕਲੈਂਡ ਸ਼ਹਿਰ ਵਿਚ 19 ਜਨਵਰੀ ਨੂੰ ਨਾਗਰਿਕਤਾ ਕਾਨੂੰਨ ਤੇ ਨਾਗਰਿਕਤਾ ਰਜਿਸਟਰ ਦੇ ਵਿਰੋਧ ਵਿਚ ਜਦ ਮਾਰਚ ਨਿਕਲਿਆ ਤਾਂ ਇਸ ਵਿਚ ਉਥੋਂ ਦੀ ਗਰੀਨ ਪਾਰਟੀ ਦੀ ਸਾਂਸਦ ਨੇ ਵੀ ਭਾਰਤੀਆਂ ਨੂੰ ਸੰਬੋਧਨ ਕੀਤਾ। ਨਿਊਜ਼ੀਲੈਂਡ ਦੇ ਸਥਾਨਕ ਲੋਕ ਵੀ ਇਸ ਮਾਰਚ ਵਿਚ ਸ਼ਾਮਲ ਹੋਏ। ਇਸ ਪ੍ਰਦਰਸ਼ਨ ਨੂੰ ਲੈ ਕੇ ਡਾ. ਸਪਨਾ ਸਾਮੰਤ ਨੇ ਇਕ ਪ੍ਰੈਸ ਰਿਲੀਜ਼ ਜਾਰੀ ਕੀਤੀ, ਜਿਸ ਵਿਚ ਲਿਖਿਆ ਕਿ ਇਹ ਕਾਨੂੰਨ ਭਾਰਤੀ ਸੰਵਿਧਾਨ ਦੀ ਰੂਹ ਦੇ ਖਿਲਾਫ਼ ਹੈ। ਅਸਾਮ ਵਿਚ ਐਨਆਰਸੀ ਲਾਗੂ ਹੋਣ ਦੇ ਕਾਰਨ ਲੋਕਾਂ ਨੂੰ ਕਾਫੀ ਤਕਲੀਫਾਂ ਸਹਿਣੀਆਂ ਪੈ ਰਹੀਆਂ ਹਨ। ਇਨਾਂ ਪ੍ਰਦਰਸ਼ਨਾਂ ਦੇ ਬੈਨਰਾਂ, ਪੋਸਟਰਾਂ 'ਤੇ ਫਾਸ਼ੀਵਾਦ ਲਿਖਿਆ ਹੈ। ਨਿਊਜ਼ੀਲੈਂਡ ਦੇ ਲੋਕ ਫਾਸ਼ੀਵਾਦ ਦੇ ਖਿਲਾਫ ਹਨ। ਇਹ ਵੀ ਲਿਖਿਆ ਹੈ ਕਿ ਭਾਰਤ ਸਭ ਭਾਰਤੀਆਂ ਦਾ ਹੈ। ਪ੍ਰਦਰਸ਼ਨਕਾਰੀਆਂ ਨੇ ਜਾਮੀਆ, ਜੇਐਨਯੂ ਤੇ ਏਐਮਯੂ ਦੇ ਵਿਦਿਆਰਥੀਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਭਾਰਤ ਦੀਆਂ ਯੂਨੀਵਰਸਿਟੀ 'ਤੇ ਫਾਸ਼ੀਵਾਦੀ ਹਮਲਿਆਂ ਨੂੰ ਰੋਕਣ ਲਈ ਆਵਾਜ਼ ਉਠਾਈ ਗਈ। ਦੋ ਘੰਟੇ ਤੱਕ ਚੱਲੇ ਇਸ ਮਾਰਚ ਵਿਚ ਜੋ ਬੈਨਰ, ਪੋਸਟਰ ਸਨ, ਉਹ ਭਾਰਤ ਦੀ ਚੰਗੀ ਤਸਵੀਰ ਪੇਸ਼ ਨਹੀਂ ਕਰ ਸਕੇ। ਪਰ ਇਕ ਵਾਰ ਤਾਂ ਸੋਚਣਾ ਹੀ ਚਾਹੀਦਾ ਹੈ ਕਿ ਇਸ ਕਾਨੂੰਨ ਨੇ ਭਾਰਤੀਆਂ ਨੂੰ ਕਿੰਨਾ ਡਰਾ ਦਿੱਤਾ ਹੈ। ਇਸ ਡਰ ਕਾਰਨ ਲੋਕ ਸੜਕਾਂ 'ਤੇ ਉਤਰ ਰਹੇ ਹਨ। ਇਕ ਬੈਨਰ 'ਤੇ ਲਿਖਿਆ ਹੈ, 'ਕਿਤੇ ਵੀ ਬੇਇਨਸਾਫੀ ਹੋਵੇ, ਉਹ ਨਿਆਂ ਲਈ ਖਤਰਾ ਹੈ।' ਇਸ ਪੋਸਟਰ ਨੂੰ ਪੜ ਕੇ ਸ਼ਾਇਦ ਨਾਗਰਿਕਤਾ ਰਜਿਸਟਰ ਤੇ ਕਾਨੂੰਨ ਦੀ ਬਹਿਸ ਬਦਲ ਜਾਵੇ। ਇਸ 'ਤੇ ਇਹ ਵੀ ਲਿਖਿਆ ਕਿ ਕੋਈ ਵੀ ਇਨਸਾਨ ਨਾਜਾਇਜ਼ ਨਹੀਂ ਹੁੰਦਾ। ਕੀ ਇਨਾਂ ਲੋਕਾਂ ਨੇ ਵੀ ਨਾਗਰਿਕਤਾ ਕਾਨੂੰਨ ਨੂੰ ਨਹੀਂ ਸਮਝਿਆ ? ਇਨਾਂ ਵਿਚ ਕਈ ਭਾਰਤੀ ਨਿਊਜ਼ੀਲੈਂਡ ਦੀ ਨਾਗਰਿਕਤਾ ਲੈ ਕੇ ਸ਼ਾਨਦਾਰ ਜੀਵਨ ਜੀਅ ਰਹੇ ਹਨ। ਅਜਿਹੇ ਲੋਕ ਵੀ ਤਾਂ ਨਾਗਰਿਕਤਾ ਨੂੰ ਲੈ ਕੇ ਕੁਝ ਸਮਝ ਰੱਖਦੇ ਹੋਣਗੇ ? ਇਨਾਂ ਨੇ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਕਿ ਉਹ ਕਾਨੂੰਨ ਦੀ ਨਿੰਦਾ ਕਰਨ ਤੇ ਦੁਨੀਆਂ ਦੇ ਧਿਆਨ ਵਿਚ ਇਹ ਮੱਸਲਾ ਲਿਆਉਣ। ਨਿਊਜ਼ੀਲੈਂਡ ਦੀ ਸਾਂਸਦ ਨੇ ਇਸ ਮਾਰਚ ਨੂੰ ਸੰਬੋਧਨ ਕੀਤਾ। ਯਾਦ ਰਹੇ ਕਿ ਦੀ ਇਕਨਾਮਿਸਟ ਦੀ ਡੈਮੋਕ੍ਰੇਸੀ ਵਿਚ ਨਿਊਜ਼ੀਲੈਂਡ ਦਾ ਸਥਾਨ ਦੁਨੀਆਂ ਭਰ ਵਿਚ ਚੌਥਾ ਹੈ।

ਇਨਾਂ ਪ੍ਰਦਰਸ਼ਨਾਂ ਤੋਂ ਭਾਵੇਂ ਗ੍ਰਹਿ ਮੰਤਰੀ ਅਮਿਤ ਸ਼ਾਹ ਬੇਚੈਨ ਨਹੀਂ ਹਨ। ਉਨਾਂ ਨੇ ਡੰਕੇ ਦੀ ਚੋਟ 'ਤੇ ਕਿਹਾ ਹੈ ਕਿ ਕਾਨੂੰਨ ਵਾਪਸ ਨਹੀਂ ਹੋਵੇਗਾ, ਪਰ ਇਸ ਦੇ ਵਿਰੋਧ ਵਿਚ ਜੋ ਡੰਕਾ ਵੱਜ ਰਿਹਾ ਹੈ, ਉਸ ਨੂੰ ਵੀ ਸੁਣਨ ਦੀ ਜ਼ਰੂਰਤ ਹੈ। ਦਿ ਇਕਨਾਮਿਸਟ ਨੇ ਭਾਰਤ ਦੀ ਰੈਂਕਿੰਗ ਖਰਾਬ ਹੋਣ ਦੇ ਕਾਰਨਾਂ ਵਿਚ ਅਸਾਮ ਦੀ ਐਨਆਰਸੀ ਦੇ ਨਾਲ ਨਾਗਰਿਕਤਾ ਕਾਨੂੰਨ ਨੂੰ ਵੀ ਇਕ ਕਾਰਨ ਮੰਨਿਆ ਹੈ। ਇਸ ਪੱਤ੍ਰਿਕਾ ਨੇ ਦੁਨੀਆਂ ਦੇ ਮੁਲਕਾਂ ਦੇ ਲਈ ਪੈਮਾਨੇ ਤੈਅ ਕੀਤੇ ਹਨ। ਸਭ ਕੁਝ ਅੱਖਾਂ ਮੀਟ ਕੇ ਯਕੀਨ ਕਰਨ ਦੀ ਜਗਾ ਸਾਨੂੰ ਦੇਖਣਾ ਚਾਹੀਦਾ ਹੈ ਕਿ ਇਹ ਤਾਂ ਸਹੀ ਹੈ, ਕੀ ਪੂਰੀ ਦੁਨੀਆਂ ਵਿਚ ਲੋਕਤੰਤਰ ਖਤਰੇ ਵਿਚ ਹੈ ? ਸ਼ੋਸ਼ਲ ਮੀਡੀਆ ਹੈਕ ਕਰਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ। ਚੁਣਾਵੀ ਪ੍ਰਤੀਕਰਮਾਂ ਨੂੰ ਲੈ ਕੇ ਚਾਰੇ ਪਾਸੇ ਵਿਵਾਦ ਹੈ। ਲੋਕਤੰਤਰ ਸਿਮਟਦਾ ਜਾ ਰਿਹਾ ਹੈ। ਇਸ ਹਾਲਾਤ ਵਿਚ ਅਜਿਹੀ ਰੈਂਕਿੰਗ ਨੂੰ ਦੇਖ ਕੇ ਸਾਵਧਾਨ ਤਾਂ ਹੋਣਾ ਚਾਹੀਦਾ ਹੈ। ਇਕਨਾਮਿਸਟ ਨੇ ਇਸ ਦੇ ਲਈ 167 ਦੇਸ਼ਾਂ ਵਿਚ ਲੋਕਤੰਤਰ ਨੂੰ ਮਾਪਣ ਦੇ ਲਈ ਪੰਜ ਪੈਮਾਨੇ ਬਣਾਏ ਹਨ। ਚੁਣਾਵੀ ਪ੍ਰਕਿਰਿਆ ਤੇ ਬਹੁਲਤਾ, ਨਾਗਰਿਕ ਸੁਤੰਤਰਤਾ, ਸਰਕਾਰ ਦੇ ਕੰਮਕਾਜ, ਰਾਜਨੀਤਕ ਹਿੱਸੇਦਾਰੀ ਤੇ ਰਾਜਨੀਤਕ ਸਭਿਆਚਾਰ। ਇਨਾਂ ਪੰਜ ਸ਼੍ਰੇਣੀਆਂ ਦੇ ਅੰਦਰ ਅਲੱਗ ਅਲੱਗ 60 ਪੈਮਾਨਿਆਂ 'ਤੇ ਨੰਬਰ ਦਿੱਤੇ ਗਏ। ਇਸ ਦੇ ਬਾਹਰ ਸਾਰੇ 167 ਦੇਸ਼ਾਂ ਨੂੰ ਚਾਰ ਅਲੱਗ ਅਲੱਗ ਤਰਾਂ ਦੇ ਸ਼ਾਸ਼ਨ ਪ੍ਰਬੰਧ ਵਿਚ ਵੰਡਿਆ ਗਿਆ। ਪੂਰਨ ਲੋਕਤੰਤਰ, ਕਮਜ਼ੋਰ ਲੋਕਤੰਤਰ, ਮਿਸ਼ਰਤ ਸੱਤਾ ਤੇ ਨਿਰਕੁੰਸ਼ਵਾਦੀ ਵਿਵਸਥਾ।

ਇਹ ਕਿੰਨਾ ਹੈਰਾਨੀਜਨਕ ਹੈ ਕਿ ਪੂਰਨ ਲੋਕਤੰਤਰ ਦੀ ਕਿਸਮ ਵਿਚ ਭਾਰਤ ਦਾ ਸਥਾਨ ਨਹੀਂ ਹੈ। ਇਸ ਵਿਚ ਕੁਲ 22 ਦੇਸ ਹੀ ਆ ਸਕੇ ਹਨ, ਜਿਨਾਂ ਦੀ ਕੁਲ ਅਬਾਦੀ 43 ਕਰੋੜ ਦੇ ਨੇੜੇ ਤੇੜੇ ਹੈ। ਪਹਿਲੇ ਨੰਬਰ 'ਤੇ ਨਾਰਵੇ ਹੈ, ਇਸ ਨੂੰ 10 ਵਿਚੋਂ 9.87 ਅੰਕ ਮਿਲੇ ਹਨ। ਇਸ ਦੇ ਬਾਅਦ ਆਈਸਲੈਂਡ, ਸਵੀਡਨ, ਨਿਊਜ਼ੀਲੈਂਡ, ਫਿਨਲੈਂਡ, ਆਇਰਲੈਂਡ, ਡੈਨਮਾਰਕ, ਕੈਨੇਡਾ, ਅਸਟ੍ਰੇਲੀਆ ਹੈ। ਸਵਿਟਜ਼ਰਲੈਂਡ, ਨੀਦਰਲੈਂਡ, ਲਗਜਮਬਰਗ, ਜਰਮਨੀ, ਬ੍ਰਿਟੇਨ, ਅਸਟਰੀਆ ਵਰਗੇ ਦੇਸ ਹਨ, ਫਿਰ ਗੁਆਂਢੀ ਮਾਰੀਸ਼ਸ਼, ਸਪੇਨ, ਕੋਸਟਾਰਿਕਾ, ਫਰਾਂਸ, ਚਿੱਲੀ ਤੇ ਪੁਰਤਗਾਲ ਨੂੰ ਪਹਿਲੇ 22ਵਾਂ ਸਥਾਨ ਮਿਲਿਆ ਹੈ। ਨਾਗਰਿਕ ਅਧਿਕਾਰਾਂ ਦੇ ਘਾਣ ਕਾਰਨ ਭਾਰਤ ਦੀ ਰੈਂਕਿੰਗ ਡਿੱਗ ਗਈ ਹੈ। ਦਸਵੇਂ ਨੰਬਰ ਵਿਚੋਂ ਭਾਰਤ ਨੂੰ 6.9 ਅੰਕ ਮਿਲੇ ਹਨ। ਕੋਰੀਆ, ਜਾਪਾਨ, ਅਮਰੀਕਾ ਦੋਸ਼ਪੂਰਨ ਲੋਕਤੰਤਰ ਦੀ ਕਿਸਮ ਵਿਚ ਹੈ। ਦੱਖਣ ਕੋਰੀਆ ਨੂੰ ਵੀ ਭਾਰਤ ਤੋਂ ਵਧੀਆ ਅੰਕ ਮਿਲੇ ਹਨ। 11 ਅਜਿਹੇ ਦੇਸ ਹਨ, ਜਿਸ ਵਿਚ ਭਾਰਤ ਵੀ ਸ਼ਾਮਲ ਹੈ, ਜਿੱਥੇ ਲੋਕਤੰਤਰ ਸਭ ਤੋਂ ਜ਼ਿਆਦਾ ਨਿਘਰਿਆ ਹੈ। ਭਾਰਤ ਦੀ ਸਥਿਤੀ ਲੋਕਤੰਤਰ ਸੂਚਕ ਅੰਕ ਵਿਚ ਕਿਉਂ ਖਰਾਬ ਹੋਈ, ਇਸ ਬਾਰੇ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਨੇ ਨਾਗਰਿਕ ਅਧਿਕਾਰਾਂ ਦੇ ਘਾਣ ਨੂੰ ਸਭ ਤੋਂ ਵੱਡਾ ਕਾਰਨ ਦੱਸਿਆ ਗਿਆ ਹੈ। ਭਾਰਤ ਵਿਚ ਲੋਕਤੰਤਰ ਦੇ ਡਿੱਗਣ ਦਾ ਵੱਡਾ ਕਾਰਨ ਜੰਮੂ-ਕਸ਼ਮੀਰ ਤੋਂ ਸੰਵਿਧਾਨ ਰਾਹੀਂ ਮਿਲੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨਾ, ਧਾਰਾ 370 ਨੂੰ ਹਟਾਉਣ ਤੋਂ ਪਹਿਲਾਂ ਜੰਮੂ-ਕਸ਼ਮੀਰ ਵਿਚ ਭਾਰੀ ਗਿਣਤੀ ਵਿਚ ਫੌਜ ਤੈਨਾਤ ਕਰਨਾ, ਇੰਟਰਨੈਟ ਤੇ ਰੋਕ ਲਗਾਉਣਾ, ਵੱਡੀ ਗਿਣਤੀ ਵਿਚ ਕਸ਼ਮੀਰੀ ਨੇਤਾਵਾਂ ਨੂੰ ਨਜ਼ਰਬੰਦ ਕਰਨਾ, ਭਾਰਤ ਸਮਰਥਕ ਨੇਤਾਵਾਂ ਨੂੰ ਨਜ਼ਰਬੰਦ ਕਰਨਾ, ਵੱਡਾ ਕਾਰਨ ਹੈ। ਇਸੇ ਕਾਰਨ ਭਾਰਤ ਨੂੰ ਰਾਜਨੀਤਕ ਸਭਿਆਚਾਰ ਵਿਚੋਂ ਸਭ ਤੋਂ ਘੱਟ ਅੰਕ ਮਿਲੇ ਹਨ।

ਲੋਕਤੰਤਰ ਦੀ ਇਕ ਵੱਡੀ ਸੰਸਥਾ ਹੈ ਪ੍ਰੈੱਸ ਰਿਪੋਰਟ ਵਿਦਾਉਟ ਬਾਰਡਰ। ਹਰ ਸਾਲ ਪ੍ਰੈਸ ਦੀ ਸੁਤੰਤਰਤਾ ਦੀ ਰੈਂਕਿੰਗ ਐਲਾਨ ਕਰਦਾ ਹੈ। ਜੋ ਦੇਸ ਪ੍ਰੈਸ ਦੀ ਅਜ਼ਾਦੀ ਦੇ ਮਾਮਲੇ ਵਿਚ ਪਹਿਲੇ ਪੰਜ ਦੇਸਾਂ ਵਿਚ ਆਉਂਦੇ ਹਨ, ਉਨਾਂ ਦੇਸਾਂ ਦਾ ਨਾਮ ਸਭ ਤੋਂ ਵੱਡੇ ਲੋਕਤੰਤਰਿਕ ਦੇਸਾਂ ਵਿਚ ਆਇਆ ਹੈ। ਇਸ ਰੈਂਕਿੰਗ ਵਿਚ ਭਾਰਤ ਦਾ ਸਥਾਨ ਦੁਨੀਆਂ ਦੇ 180 ਵਿਚੋਂ 40ਵਾਂ ਹੈ। ਪਹਿਲਾਂ ਤੋਂ 2 ਅੰਕ ਭਾਰਤ ਡਿੱਗਿਆ ਹੈ। ਨਾਗਰਿਕ ਅਧਿਕਾਰਾਂ ਦੇ ਘਾਣ ਕਾਰਨ ਭਾਰਤ ਦੀ ਰੈਂਕਿੰਗ ਡਿੱਗੀ ਹੈ।

19 ਦਸੰਬਰ ਦੇ ਨੇੜ-ਤੇੜੇ ਯੂਪੀ ਵਿਚ ਨਾਗਰਿਕਤਾ ਕਾਨੂੰਨ ਦੇ ਵਿਰੋਧੀਆਂ 'ਤੇ ਪੁਲੀਸ ਦੀ ਕਾਰਵਾਈ ਨੂੰ ਲੈ ਕੇ ਗੰਭੀਰ ਸੁਆਲ ਉੱਠੇ ਹਨ। ਇਸ ਰਿਪੋਰਟ ਨੂੰ ਤਿਆਰ ਕਰਨ ਦੇ ਲਈ 30 ਅਲੱਗ ਅਲੱਗ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਦਲ ਨੇ ਯੂਪੀ ਦੇ 15 ਸ਼ਹਿਰਾਂ ਵਿਚ ਦੌਰਾ ਕੀਤਾ, ਜਿੱਥੇ ਹਿੰਸਾ ਹੋਈ ਹੈ। ਇਨਾਂ ਵਿਦਿਆਰਥੀਆਂ ਨੇ ਹਿੰਸਾ ਤੋਂ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਤੇ ਉਨਾਂ ਦਾ ਬਿਆਨ ਰਿਕਾਰਡ ਕੀਤਾ ਹੈ। ਪ੍ਰੈਸ ਕਲੱਬ ਵਿਚ ਲਿਖਤੀ ਬਿਆਨ ਦੇ ਨਾਲ ਵੀਡੀਓ ਵੀ ਜਾਰੀ ਕੀਤਾ ਗਿਆ। ਇਸ ਰਿਪੋਰਟ ਨੂੰ ਤਿਆਰ ਕਰਨ ਲਈ 60 ਤੋਂ ਜ਼ਿਆਦਾ ਵਿਦਿਆਰਥੀ ਅਲੱਗ ਅਲੱਗ ਹਿੱਸਿਆਂ ਵਿਚ ਗਏ ਸਨ, ਇਸ ਵਿਚ ਬੀਐਚਯੂ, ਦਿੱਲੀ ਯੂਨੀਵਰਸਿਟੀ, ਜੇਐਨਯੂ, ਜਾਮੀਆ, ਆਈਆਈਟੀ ਇੰਦੌਰ, ਅੰਬੇਡਕਰ ਸੈਂਟਰਲ ਯੂਨੀਵਰਸਿਟੀ ਲਖਨਊ, ਇਲਾਹਾਬਾਦ ਯੂਨੀਵਰਸਿਟੀ, ਆਈਆਈਐਮ ਅਹਿਮਦਾਬਾਦ ਤੇ ਉਦੈਪੁਰ, ਆਈਆਈਟੀ ਗਵਾਲੀਅਰ, ਭਾਰਤੀ ਜਨਸੰਚਾਰ ਸੰਥਾਨ, ਆਈਪੀ ਯੂਨੀਵਰਸਿਟੀ, ਕਾਨਪੁਰ ਯੂਨੀਵਰਸਿਟੀ, ਸਾਗਰ ਯੂਨੀਵਰਸਿਟੀ ਮੱਧ ਪ੍ਰਦੇਸ਼, ਵਰਦ ਯੂਨੀਵਰਸਿਟੀ, ਐਫਟੀਆਈਆਈ ਪੁਨੇ, ਟਿੱਸ ਹੈਦਰਾਬਾਦ, ਅਜੀਨ ਪ੍ਰੇਮਜੀ ਯੂਨੀਵਰਸਿਟੀ ਬੰਗਲੌਰ ਦੇ ਵਿਦਿਆਰਥੀਆਂ ਨੇ ਦੌਰਾ ਕਰਕੇ ਰਿਪੋਰਟ ਤਿਆਰ ਕੀਤੀ। ਇੰਡੀਅਨ ਐਕਸਪ੍ਰੈੱਸ ਨੇ ਛਾਪਿਆ ਹੈ ਕਿ 20 ਦਸੰਬਰ ਦੀ ਹਿੰਸਾ ਦੇ ਬਾਅਦ 13 ਲੋਕਾਂ ਨੂੰ ਨਿਆਂਇਕ ਹਿਰਾਸਤ ਵਿਚ ਲਿਆ ਹੈ। ਕਤਲ ਦੇ ਯਤਨ ਦੇ ਦੋਸ਼ ਵਿਚ 6 ਐਫਆਈਆਰ ਵਿਚ ਲਿਖਿਆ ਕਿ ਦੋਸ਼ੀਆਂ ਨੇ ਜੁਰਮ ਕਬੂਲ ਕਰ ਲਿਆ ਹੈ ਕਿ ਨਾਜਾਇਜ਼ ਹਥਿਆਰ ਨਾਲ ਗੋਲੀ ਚਲਾਈ। ਜਦ ਕਿ ਐਕਸਪ੍ਰੈੱਸ ਨੇ ਛਾਪਿਆ ਸੀ ਕਿ 6 ਪੋਸਟਮਾਰਟਮ ਵਿਚ ਕੋਈ ਗੋਲੀ ਨਹੀਂ ਮਿਲੀ। ਫਿਰੋਜ਼ਾਬਾਦ ਨੂੰ ਲੈ ਕੇ ਵਿਦਿਆਰਥੀਆਂ ਦੀ ਰਿਪੋਰਟ ਵਿਚ ਕਿਹਾ ਗਿਆ ਕਿ 20 ਦਸੰਬਰ ਨੂੰ ਸ਼ਾਂਤੀਪੂਰਵਕ ਪ੍ਰਦਰਸ਼ਨ ਹੋ ਰਿਹਾ ਸੀ।

ਬਾਕੀ ਸਫ਼ਾ 33 'ਤੇ

## ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਸ਼ਹੀਦ ਹੋਏ ਚਾਰ ਸਿੰਘਾਂ ਦੀ ਸ਼ਹਾਦਤ

# ਜ਼ੁਲਮ ਅਤੇ ਅਨਿਆਂ ਦੀ ਲਹੂ ਭਿੱਜੀ ਦਾਸਤਾਨ ਸਾਕਾ ਨਕੋਦਰ

**- ਬਾਪੂ ਬਲਦੇਵ ਸਿੰਘ**
(ਪਿਤਾ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ)

34 ਸਾਲ ਪਹਿਲਾਂ 4 ਫਰਵਰੀ 1986 ਨੂੰ ਪੰਜਾਬ ਪੁਲਿਸ ਅਤੇ ਭਾਰਤੀ ਸੁਰੱਖਿਆ ਬਲਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਿਤ ਚਾਰ ਨਿਹੱਥੇ ਗੁਰਸਿੱਖ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ । ਇਹ ਚਾਰੇ ਨੌਜਵਾਨ: ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਲਮਣ ਸਿੰਘ ਗੋਰਸੀਆਂ, ਭਾਈ ਹਰਮਿੰਦਰ ਸਿੰਘ ਚਲੂਪਰ ਸਿੱਖ ਸੰਗਤ ਸਮੇਤ ਸ਼ਾਂਤਮਈ ਰੋਸ ਮਾਰਚ ਵਿਚ ਸ਼ਾਮਿਲ ਸਨ। ਇਹ ਇਕੱਤਰਤਾ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਸੀ ।

ਇਸ ਘਟਨਾ ਦਾ ਮੁੱਢ 2 ਫ਼ਰਵਰੀ 1986 ਨੂੰ ਨਕੋਦਰ ਸ਼ਹਿਰ ਦੇ ਗੁਰੂ ਨਾਨਕ ਪੁਰਾ ਮੁਹੱਲੇ ਦੇ ਗੁਰਦੁਆਰਾ ਸ਼੍ਰੀ ਗੁਰੂ ਅਰਜਨ ਸਾਹਿਬ ਵਿਖੇ ਪੰਥ ਵਿਰੋਧੀ ਅਨਸਰਾਂ ਵੱਲੋਂ ਸਰਕਾਰੀ ਏਜੰਸੀਆਂ ਦੀ ਮੱਦਦ ਨਾਲ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਜ ਸਰੂਪਾਂ ਨੂੰ ਅਗਨ ਭੇਂਟ ਕਰਨ ਦੀ ਖ਼ਬਰ ਤੋਂ ਬੱਝਿਆ ਸੀ। ਇਹ ਖ਼ਬਰ ਸਿੱਖ ਸੰਗਤਾਂ ਤੇ ਅਸਮਾਨੀ ਬਿਜਲੀ ਡਿੱਗਣ ਵਾਂਗ ਸੀ ਜਿਸ ਨੇ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰ ਦਿੱਤੇ । ਪੁਲਿਸ ਤੇ ਪ੍ਰਸ਼ਾਸਨ ਵੱਲੋਂ ਇਸ ਸੰਬੰਧ ਨਕੋਦਰ ਥਾਣੇ ਵਿੱਚ FIR Number 50 ਤਾਂ ਦਰਜ ਕਰ ਲਈ ਪਰ ਦੋਸ਼ੀਆਂ ਦੀ ਭਾਲ ਜਾਂ ਗ੍ਰਿਫ਼ਤਾਰੀ ਲਈ ਕੋਈ ਚਾਰਜਾਈ ਨਾ ਕੀਤੀ ਜਿਸਨੇ ਸਿੱਖ ਸੰਗਤਾਂ ਦੇ ਮਨਾ ਵਿੱਚ ਰੋਹ ਪੈਦਾ ਕੀਤਾ ਤੇ ਇਸ ਘਨਾਉਣੀ ਘਟਨਾ ਦੇ ਦੋਸ਼ੀਆਂ ਤੇ ਕਾਰਵਾਈ ਲਈ ਨਕੋਦਰ ਸ਼ਹਿਰ ਵਿੱਚ ਇੱਕ ਪੁਰਅਮਨ ਰੋਸ ਮਾਰਚ ਕੱਢਿਆ। ਪਰ ਉਸੇ ਸ਼ਾਮ ਜਲੰਧਰ ਦੇ ਤਤਕਾਲੀ ਐਸ ਐਸ ਪੀ ਇਜ਼ਹਾਰ ਆਲਮ ਅਤੇ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਵੱਲੋਂ ਗੁਰਦੁਆਰਾ ਸਾਹਿਬ ਜੀ ਦੇ ਗਰੰਥੀ ਸਿੰਘ ਨੂੰ ਹੀ ਦੋਸ਼ੀ ਕਰਾਰ ਦੇਣ ਤੇ ਸਿੱਖ ਸੰਗਤਾਂ ਦੇ ਰੋਹ ਨੇ ਇੱਕ ਲਾਵੇ ਦਾ ਰੂਪ ਧਾਰ ਲਿਆ ਅਤੇ ਸਾਰੇ ਹੀ ਇਲਾਕੇ ਵਿੱਚ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਇਲਾਕੇ ਦੀਆਂ ਸੰਗਤਾਂ ਵੱਲੋਂ ਸਥਿਤੀ ਤੇ ਵਿਚਾਰਾਂ ਕਰਨ ਵਾਸਤੇ ਅਗਲੇ ਦਿਨ ਘਟਨਾ ਵਾਲੇ ਗੁਰਦੁਆਰਾ ਸਾਹਿਬ ਵਿੱਚ ਇਕੱਤਰ ਹੋਣ ਦਾ ਫੈਸਲਾ ਕੀਤਾ ।

3 ਫ਼ਰਵਰੀ 1986 ਨੂੰ ਨਕੋਦਰ ਸ਼ਹਿਰ ਦੇ ਸਕੂਲ, ਕਾਲਜ, ਦੁਕਾਨਾਂ, ਕਚਹਿਰੀਆਂ ਤੇ ਵਪਾਰਕ ਅਦਾਰੇ ਮੰਦਭਾਗੀ ਘਟਨਾ ਦੇ ਰੋਸ ਵਿੱਚ ਬੰਦ ਹੋ ਗਏ । ਸੰਗਤਾਂ, ਵਿਦਿਆਰਥੀਆਂ, ਵਕੀਲਾਂ, ਦੁਕਾਨਦਾਰਾਂ , ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਹੋਰ ਜਥੇਬੰਦੀਆਂ ਨੇ ਅਕਾਲੀ ਦਲ ਦੇ ਲੋਕਲ ਐਮ ਐਲ ਏ ਕੁਲਦੀਪ ਸਿੰਘ ਵਡਾਲਾ ਜੀ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਤੋਂ ਪੁਲਿਸ ਥਾਣਾ ਨਕੋਦਰ ਤੱਕ ਇੱਕ ਸ਼ਾਂਤਮਈ ਰੋਸ ਮਾਰਚ ਕੱਢਿਆ ਤੇ ਥਾਣੇ ਸਾਹਮਣੇ ਧਰਨਾ ਦਿੱਤਾ। ਜਲੰਧਰ ਦੇ ਤਤਕਾਲੀ ਐਸ ਐਸ ਪੀ ਇਜ਼ਹਾਰ ਆਲਮ ਨੇ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਦੀ ਮੌਜੂਦਗੀ ਵਿੱਚ ਜਥੇਦਾਰ ਵਡਾਲਾ, ਬਾਬਾ ਜੋਗਿੰਦਰ ਸਿੰਘ ਤੇ ਹੋਰ ਸਿੱਖ ਆਗੂਆਂ ਦੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਬੇਨਤੀ ਨੂੰ ਮੰਨਣ ਤੋਂ ਇਨਕਾਰ ਹੀ ਨਹੀਂ ਕੀਤਾ ਉਲਟਾ ਧਮਕੀ ਦਿੱਤੀ ਕਿ ਮੈਨੂੰ ਸਿੱਖ ਨੌਜਵਾਨਾਂ ਨਾਲ ਨਜਿੱਠਣਾ ਆਉਂਦਾ ਹੈ ਤੇ ਕਿਹਾ ਕਿ ਮੈਂ ਆਪਣੇ ਹੋਰ ਪੁਲਿਸ ਦਲ, ਸੀ ਆਰ ਪੀ ਤੇ ਬੀ ਐਸ ਐਫ ਲਿਆ ਕੇ ਸਿੱਖ ਨੌਜਵਾਨਾਂ ਨਾਲ ਸਿੱਝ ਲਵਾਂਗਾ। ਸ਼ਾਮ ਨੂੰ ਸਿੱਖ ਸੰਗਤਾਂ ਨੇ ਆਪਣਾ ਧਰਨਾ ਸਮਾਪਤ ਕਰ ਦਿੱਤਾ ਕੇ ਅਗਲੇ ਦਿਨ 4 ਫਰਵਰੀ ਨੂੰ ਫੇਰ ਗੁਰਦੁਆਰਾ ਸਾਹਿਬ ਇਕੱਤਰ ਹੋਣ ਦਾ ਫੈਸਲਾ ਕੀਤਾ । ਸਿੱਖ ਸੰਗਤਾਂ ਦੇ ਜਾਣ ਤੋਂ ਬਾਅਦ ਸ਼ਿਵ ਸੈਨਾ ਦੇ ਸੂਬਾ ਪ੍ਰਧਾਨ ਰਮਾਂ ਕਾਂਤ ਜਲੋਟਾ ਤੇ ਲੋਕਲ ਪ੍ਰਧਾਨ ਰਮੇਸ਼ ਕੁਮਾਰ ਉਰਫ ਖਾਨ ਦੀ ਅਗਵਾਈ ਵਿੱਚ ਮਾਰੂ ਹਥਿਆਰਾਂ ਨਾਲ ਸ਼ਹਿਰ ਵਿੱਚ ਹੁੱਲੜਬਾਜ਼ੀ ਕੀਤੀ, ਸਿੱਖ ਵਿਰੋਧੀ ਨਾਹਰੇ ਲਾਏ, ਸਿੱਖਾਂ ਦੀਆਂ ਦੁਕਾਨਾਂ ਤੇ ਵਪਾਰਿਕ ਅਦਾਰਿਆਂ ਦੀ ਭੰਨ ਤੋੜ ਕੀਤੀ। ਆਲਮ ਤੇ ਗੁਰੂ ਦੀ ਅਗਵਾਈ ਵਿੱਚ ਪੁਲਿਸ ਤੇ ਪ੍ਰਸ਼ਾਸਨ ਮੂਕ ਦਰਸ਼ਕ ਬਣੇ ਰਹੇ ਤੇ ਹਜੂਮ ਵਿਰੁੱਧ ਕੋਈ ਕਾਰਵਾਈ ਨਾ ਕੀਤੀ । ਬਾਅਦ ਵਿੱਚ ਦੇਰ ਰਾਤ ਨਕੋਦਰ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ, ਪਰ ਪ੍ਰਸ਼ਾਸਨ ਵੱਲੋਂ ਇਸ ਸੰਬੰਧੀ ਨਾਲ ਲੱਗਦੇ ਪਿੰਡਾਂ ਵਿੱਚ ਕੋਈ ਵੀ ਮੁਨਾਦੀ ਨਾ ਕਰਾਈ।

4 ਫਰਵਰੀ 1986 ਨੂੰ ਨਕੋਦਰ ਸ਼ਹਿਰ ਵਿੱਚ ਲੱਗੇ ਕਰਫਿਊ ਤੋਂ ਅਣਜਾਣ ਇਲਾਕੇ ਦੀਆਂ ਸਿੱਖ ਸੰਗਤਾਂ ਤੇ ਫੈਡਰੇਸ਼ਨ ਦੇ ਮੈਂਬਰ ਮਿਥੇ ਫ਼ੈਸਲੇ ਮੁਤਾਬਿਕ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਹੋਣ ਲਈ ਜਦ ਸ਼ਹਿਰ ਵਿਖੇ ਪੁੱਜੇ ਤਾਂ ਉਨਾਂ ਨੂੰ ਸ਼ੇਰਪੁਰ ਦੇ ਨਹਿਰ ਦੇ ਪੁਲ ਤੇ ਪੁਲਿਸ ਵੱਲੋਂ ਰੋਕਣ ਤੇ ਸੰਗਤਾਂ ਉੱਥੇ ਹੀ ਧਰਨਾ ਮਾਰ ਕੇ ਬੈਠ ਗਈਆਂ । ਵਿਚਾਰ ਇਹ ਹੋਈ ਕਿ ਪੰਜ ਪਿਆਰੇ ਅਗਨ ਭੇਂਟ ਹੋਏ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਕਰਕੇ ਲੈ ਆਉਣ ਤਾਂ ਕਿ ਉਨਾਂ ਨੂੰ ਗੋਇੰਦਵਾਲ ਸਾਹਿਬ ਲਿਜਾਕੇ ਪੂਰਨ ਮਰਿਆਦਾ ਸਹਿਤ ਜਲ ਪ੍ਰਵਾਹ ਕੀਤਾ ਜਾ ਸਕੇ। ਪਰ ਪੁਲਿਸ ਨੇ ਪੰਜ ਪਿਆਰਿਆਂ ਨੂੰ ਵੀ ਸ਼ਹਿਰ ਵਿੱਚ ਜਾਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਮਹਿਤਪੁਰ ਵਾਲੇ ਪਾਸੇ ਤੋਂ ਇੱਕ ਨਿਹੰਗ ਸਿੰਘਾਂ ਦਾ ਜਥਾ ਜਦੋਂ ਨਕੋਦਰ ਸ਼ਹਿਰ ਦੀ ਹੱਦ ਤੇ ਪਹੁੰਚਾ ਤਾਂ ਉਨਾਂ ਨੂੰ ਕਰਫਿਊ ਲੱਗਣ ਦੀ ਜਾਣਕਾਰੀ ਮਿਲੀ। ਇਸ ਜਥੇ ਨੇ ਪੁਲਿਸ ਤੋਂ ਸ਼ੇਰਪੁਰ ਪੁੱਲ ਤੇ ਬੈਠੇ ਜਥੇ ਕੋਲ ਜਾਣ ਦੀ ਇਜਾਜ਼ਤ ਮੰਗੀ, ਪੁਲਿਸ ਦੇ ਅਫਸਰਾਂ ਨੇ ਜਥੇ ਨੂੰ ਸ਼ਹਿਰ ਦੇ ਬਾਹਰ ਬਾਹਰ ਬਾਈ ਪਾਸ ਭੇਜਣ ਦੀ ਬਜਾਏ ਕਰਫਿਊ ਲੱਗੇ ਸ਼ਹਿਰ ਦੇ ਵਿੱਚ ਦੀ ਜਾਣ ਦੀ ਆਗਿਆ ਦੇ ਦਿੱਤੀ । ਜਥਾ ਜਦੋਂ ਸਬਜ਼ੀ ਮੰਡੀ ਕੋਲ ਦੀ ਲੰਘਣ ਲੱਗਾ ਤਾਂ ਸੀ ਆਰ ਪੀ ਦੇ ਪਹਿਰੇ ਵਿੱਚ ਘੁੰਮ ਰਹੇ ਸ਼ਿਵ ਸੈਨਿਕ ਨੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਜਥੇ ਨੇ ਵੀ ਬੋਲੇ ਸੋ ਨਿਹਾਲ ਦੇ ਜੈਕਾਰੇ ਬਲਾਉਣੇ ਸ਼ੁਰੂ ਕਰ ਦਿੱਤੇ ਪੁਲਿਸ ਨੇ ਦਾਖ਼ਲ ਦੇਕੇ ਦੋਹਾਂ ਗਰੁੱਪਾਂ ਦਾ ਟਾਕਰਾ ਹੋਣ ਤੋਂ ਬਚਾ ਦਿੱਤਾ । ਜਦੋਂ ਇਹ ਜਥਾ ਸ਼ੇਰਪੁਰ ਪੁੱਲ ਤੇ ਪਹੁੰਚਾ ਤਾਂ ਸੰਗਤਾਂ ਨੂੰ ਪਤਾ ਲੱਗਾ ਕਿ ਸ਼ਹਿਰ ਵਿਚ ਕਰਫਿਊ ਦੇ ਬਾਵਜੂਦ ਸ਼ਿਵ ਸੈਨਿਕ ਖੁੱਲੇ ਆਮ ਘੁੰਮ ਰਹੇ ਹਨ ਤਾਂ ਸੰਗਤਾਂ ਨੇ ਪੁਲਿਸ ਨੂੰ ਬੇਨਤੀ ਕੀਤੀ ਕਿ ਸਿੱਖ ਸੰਗਤਾਂ ਨੂੰ ਵੀ ਪੁਰ ਅਮਨ ਵਾਹਿਗੁਰੂ ਦਾ ਜਾਪੁ ਕਰਦਿਆਂ ਗੁਰਦਵਾਰਾ ਸਾਹਿਬ ਜਾਣ ਦੀ ਇਜਾਜ਼ਤ ਦਿੱਤੀ ਜਾਵੇ । ਇਸ ਤੋਂ ਬਾਅਦ ਪੁਲਿਸ ਨੇ ਸੰਗਤਾਂ ਨੂੰ ਇਹ ਇਜਾਜ਼ਤ ਦੇ ਦਿੱਤੀ ।



ਰਵਿੰਦਰ ਸਿੰਘ ਹਰਮਿੰਦਰ ਸਿੰਘ ਝਿਲਮਣ ਸਿੰਘ ਬਲਧੀਰ ਸਿੰਘ

ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਹ ਜਥਾ ਜਦੋਂ ਥੋੜੀ ਦੂਰੀ ਤੇ ਹੀ ਗਿਆ ਤਾਂ ਸੀ ਆਰ ਪੀ, ਬੀ ਐੱਸ ਐੱਫ, ਅਤੇ ਪੰਜਾਬ ਪੁਲੀਸ ਦੇ ਜਵਾਨਾਂ ਨੇ ਇਸ ਸ਼ਾਂਤਮਈ ਰੋਸ ਮਾਰਚ ਤੇ ਗੋਲੀਆਂ ਨਾਲ ਹਮਲਾ ਕਰ ਦਿੱਤਾ । ਪੁਲਿਸ ਦੀ ਬਿਨਾ ਕਿਸੇ ਚਿਤਾਵਨੀ ਦੇ ਕੀਤੀ ਇਸ ਅੰਨੇਵਾਹ ਗੋਲੀਬਾਰੀ ਕਾਰਨ ਪਹਿਲੀ ਸ਼ਹਾਦਤ ਪੰਜ ਪਿਆਰਿਆਂ ਵਿੱਚੋਂ ਇੱਕ ਸਿੰਘ ਭਾਈ ਰਵਿੰਦਰ ਸਿੰਘ ਲਿੱਤਰਾਂ ਦੀ ਹੋਈ ਤੇ ਉਹ ਮੌਕੇ ਤੇ ਹੀ ਪ੍ਰਾਨ ਤਿਆਗ ਗਏ। ਦੂਸਰੇ ਦੋ ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ- ਗੋਰਸੀਆਂ ਦੀ ਸ਼ਹਾਦਤ ਘਟਨਾ ਸਥਾਨ ਤੋਂ ਦੂਰ ਪਰੀਤੂ ਬਾਲਮੀਕੀ ਦੇ ਡੇਰੇ ਤੇ ਹੋਈ ਜਿੱਥੇ ਇਹ ਨੌਜਵਾਨ ਬਲਦਾਂ ਦੀ ਖੁਰਲੀ ਪਿੱਛੇ ਸਨ। ਇਸ ਗੋਲਬਾਰੀ ਵਿੱਚ ਬੇਜੁਬਾਨ ਬਲਦ ਵੀ ਮਾਰੇ ਗਏ। ਪਰ ਪੁਲਿਸ ਨੇ ਇੱਥੇ ਹੀ ਬੱਸ ਨਹੀਂ ਕੀਤੀ, ਘੋੜ ਸਵਾਰ ਪੁਲਿਸ ਵਲੋਂ 2 ਕਿਲੋਮੀਟਰ ਤੋਂ ਵੀ ਦੂਰ ਸ਼ੇਰਪੁਰ ਅਤੇ ਹੁਸੈਨਪੁਰ ਤੱਕ ਜਾਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਗਿਆ। ਪੁਲਿਸ ਵਲੋਂ ਘਰਾਂ ਦੇ ਵਿੱਚ ਜਾਕੇ ਗੋਲੀਆਂ ਚਲਾਈਆਂ ਅਤੇ ਘਰਾਂ ਦੇ ਦਰਵਾਜੇ ਤੋੜਕੇ ਸਿੱਖ ਨੌਜਵਾਨਾਂ ਨੂੰ ਬਾਹਰ ਕੱਢ ਕੇ ਉਨਾਂ ਤੇ ਅਣਮਨੁੱਖੀ ਅਤਿਆਚਾਰ ਕੀਤਾ ਗਿਆ ।

ਇਸ ਸਾਕੇ ਦੇ ਚੌਥੇ ਸ਼ਹੀਦ ਭਾਈ ਹਰਮਿੰਦਰ ਸਿੰਘ (ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਕਾਲਜ ਜਲੰਧਰ) ਨੂੰ ਸਵਰਨ ਘੋਟਣੇ (ਤਤਕਾਲੀ ਐੱਸ ਪੀ) ਨੇ ਵਾਲਾਂ ਤੋਂ ਫੜਿਆ ਅਤੇ ਜਸਕੀਰਤ ਸਿੰਘ ਨਾਮ ਦੇ ਤਤਕਾਲੀ ਇੰਸਪੈਕਟਰ ਨੇ ਭਾਈ ਹਰਮਿੰਦਰ ਸਿੰਘ ਦੇ ਮੂੰਹ ਵਿੱਚ ਗੋਲੀਆਂ ਮਾਰ ਕੇ ਕਤਲ ਕੀਤਾ । ਉਸ ਸਮੇਂ ਭਾਈ ਹਰਮਿੰਦਰ ਸਿੰਘ ਲੱਕੜ ਦੇ ਆਰੇ ਦੇ ਅੰਦਰ ਨਿਹੱਥਾ ਬੈਠਾ ਸੀ। ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸਭਾ ਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਭਾਈ ਹਰਮਿੰਦਰ ਸਿੰਘ ਚਲੂਪਰ ਦੀ ਸ਼ਹੀਦੀ ਨੂੰ ਪੁਲਿਸ ਵਲੋਂ ਕੀਤਾ ਨੰਗਾ ਚਿੱਟਾ ਕਤਲ ਦੱਸਿਆ ਹੈ ।

5 ਫਰਵਰੀ 1986 ਨੂੰ ਉਸ ਸਮੇਂ ਸਥਿਤੀ ਹੋਰ ਵਿਗੜ ਗਈ ਜਦੋਂ ਫਾਇਰਿੰਗ ਵਿੱਚ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੀ ਅਸਲ ਪਹਿਚਾਣ ਹੋਣ ਦੇ ਬਾਵਜੂਦ ਤਤਕਾਲੀ ਐਸ ਪੀ ਡੀ ਸੁਰਜੀਤ ਸਿੰਘ ਤੇ ਤਤਕਾਲੀ ਇੰਸਪੈਕਟਰ ਹਰਿੰਦਰ ਸਿੰਘ ਕੰਗ ਵਲੋਂ ਇਨਾਂ ਸ਼ਹੀਦਾਂ ਦੇ ਸਰੀਰਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਕਰਾਰ ਦੇ ਕੇ ਆਪ ਹੀ ਮਿੱਟੀ ਦਾ ਤੇਲ ਪਾਕੇ ਸਾੜ ਦਿੱਤਾ ਗਿਆ । ਮੌਕੇ ਦੇ ਐੱਸ ਡੀ ਐੱਮ ਨੇ ਆਪਣੇ ਬਿਆਨ ਵਿੱਚ ਕਿਹਾ ਕਿ 3 ਮ੍ਰਿਤਕ ਸਰੀਰਾਂ ਦੀ ਪਹਿਚਾਣ ਉਨਾਂ ਦੇ ਅੰਤਿਮ ਸੰਸਕਾਰ ਤੋਂ ਇੱਕ ਸ਼ਾਮ ਪਹਿਲਾਂ ਹੀ ਹੋ ਗਈ ਸੀ । 2 ਪੋਸਟ ਮਾਰਟਿਮ ਰਿਪੋਰਟਾਂ ਸਿੱਧ ਕਰਦੀਆਂ ਹਨ ਕਿ ਮਿਰਤਕ ਦੇਹਾਂ ਦੀ ਪਹਿਚਾਣ ਬਾਰੇ ਸਰਕਾਰੀ ਅਧਿਕਾਰੀਆਂ ਨੇ ਸਰਾਸਰ ਝੂਠ ਬੋਲਿਆ । ਪੋਸਟ ਮਾਰਟਮ ਦੀਆਂ ਰਿਪੋਰਟਾਂ ਤੇ ਸ਼ਹੀਦਾਂ ਦੇ ਨਾਮ ਪਤੇ ਲਿਖੇ ਹੋਏ ਹਨ । ਇੱਥੋਂ ਤੱਕ ਕਿ ਪੋਸਟ ਮਾਰਟਿਮ ਵੀ 4/5 ਫਰਵਰੀ 1986 ਅੱਧੀ ਰਾਤ ਨੂੰ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਦੇ ਹੁਕਮਾਂ ਤੇ ਕੀਤੇ ਗਏ ।

ਪੁਲਿਸ ਦੀ ਇਸ ਕਾਰਵਾਈ ਵਿਰੁੱਧ ਰੋਸ ਵਜੋਂ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ, ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਚਰਨ ਸਿੰਘ ਜੀ ਮੁਹਾਲੋਂ, ਤਿੰਨ ਅਕਾਲੀ ਵਿਧਾਇਕਾਂ ਸੁਰਜੀਤ ਸਿੰਘ ਮਿਨਹਾਸ, ਕੁਲਦੀਪ ਸਿੰਘ ਵਡਾਲਾ, ਤੇ ਸ: ਸੁਰਿੰਦਰ ਪਾਲ ਸਿੰਘ ਥੰਮਣਵਾਲ ਅਤੇ ਲੋਕਲ ਜਥੇਦਾਰਾਂ ਨੇ ਥਾਣਾ ਨਕੋਦਰ ਵਿਖੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਪੰਜਾਬ ਸਰਕਾਰ ਨੇ ਸੰਗਤਾਂ ਦੇ ਦਬਾਅ ਥੱਲੇ ਝੁਕਦਿਆਂ ਖਜਾਨਾ ਮੰਤਰੀ ਬਲਵੰਤ ਸਿੰਘ ਬਿੰਦ (ਲੱਡੂ) ਨੂੰ ਨਕੋਦਰ ਭੇਜਿਆ ਜਿਸਨੇ 5 ਫ਼ਰਵਰੀ 1986 ਦੀ ਸ਼ਾਮ ਨੂੰ ਪੁਲਿਸ ਵਲੋਂ ਗਿਰਫ਼ਤਾਰ ਕੀਤੇ ਸਿੰਘਾਂ ਨੂੰ ਰਿਹਾ ਕਰਨ ਅਤੇ ਉਨਾਂ ਤੇ ਪਾਏ ਝੂਠੇ ਮੁਕੱਦਮੇ ਵਾਪਿਸ ਲਏ ਅਤੇ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ । ਜਸਟਿਸ ਗੁਰਨਾਮ ਸਿੰਘ ਕਮਿਸ਼ਨ ਨੇ 2 ਫਰਵਰੀ ਤੋਂ 5 ਫਰਵਰੀ 1986 ਤੱਕ ਦੀਆਂ ਘਟਨਾਵਾਂ ਦੀ ਜਾਂਚ ਕਰਕੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 31 ਅਕਤੂਬਰ 1986 ਨੂੰ ਸੌਂਪ ਦਿੱਤੀ ਸੀ । ਪਰ ਪੀੜਤ ਪਰਿਵਾਰਾਂ ਨੂੰ 33 ਸਾਲਾਂ ਦੇ ਸ਼ਘਰਸ਼ ਬਾਅਦ ਵੀ ਇਸਦਾ ਪਹਿਲਾ ਭਾਗ ਹੀ ਪ੍ਰਾਪਤ ਹੋ ਸਕਿਆ ਹੈ। ਪਿਛਲੇ 34 ਸਾਲਾਂ ਤੋਂ ਸਮੇਂ ਦੀਆਂ ਸਰਕਾਰਾਂ ਨੇ ਕਾਤਲਾਂ ਨੂੰ ਬਚਾਉਣ ਦੀਆਂ ਹੀ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਰਿਪੋਰਟ ਤੇ ਕੋਈ ਕਾਰਵਾਈ ਨਹੀਂ ਕੀਤੀ ।

28 ਅਗਸਤ 2018 ਨੂੰ ਪੰਜਾਬ ਵਿਧਾਨ ਸਭਾ ਦੇ ਬੇਅਦਬੀਆਂ ਸੰਬੰਧੀ ਖਾਸ ਸੈਸ਼ਨ ਵਿੱਚ ਆਮ ਆਦਮੀ ਪਾਰਟੀ ਦੇ ਐੱਮ ਐਲ ਏ ਹਰਵਿੰਦਰ ਸਿੰਘ ਫੂਲਕਾ ਅਤੇ ਕੰਵਰ ਸੰਧੂ ਨੇ ਸਾਕਾ ਨਕੋਦਰ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਵਿਧਾਨ ਸਭਾ ਵਿੱਚ ਰੱਖਣ, ਇਸਤੇ ਕਾਰਵਾਈ ਕਰਨ ਅਤੇ ਦੋਸ਼ੀਆਂ ਨੂੰ ਸਜਾ ਦੇਣ ਦੀ ਪੰਜਾਬ ਸਰਕਾਰ, ਮੁੱਖ ਮੰਤਰੀ ਅਤੇ ਰਾਜਪਾਲ ਪੰਜਾਬ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਸੀ ਪਰ ਅਜੇ ਤੱਕ ਪੰਜਾਬ ਸਰਕਾਰ ਨੇ ਇਸਤੇ ਕੋਈ ਕਾਰਵਾਈ ਨਹੀਂ ਕੀਤੀ।

2 ਅਕਤੂਬਰ 2018 ਨੂੰ ਆਮ ਆਦਮੀ ਪਾਰਟੀ ਦੇ ਐੱਮ ਐਲ ਏ ਕੰਵਰ ਸੰਧੂ ਨੇ ਆਪਣੇ ਪੁਰਾਣੇ ਰਿਕਾਰਡ ਵਿੱਚੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਸੰਬੰਧੀ ਰਿਪੋਰਟ ਜੋ ਕੇ 24 ਮਾਰਚ 1987 ਦੀ ਅੰਗਰੇਜ਼ੀ ਟ੍ਰਿਬਿਊਨ ਅਖ਼ਬਾਰ ਵਿੱਚ ਪਹਿਲੇ ਪੰਨੇ ਤੇ ਪ੍ਰਕਾਸ਼ਤ ਹੋਈ ਸੀ ਲੱਭ ਲਈ। ਇਹ ਰਿਪੋਰਟ ਉਨਾਂ ਨੇ ਕਿਸੇ ਉੱਚ ਅਫਸਰ ਦੇ ਦਫਤਰ ਵਿੱਚ ਪੱਤਰਕਾਰ ਹੋਣ ਦੇ ਨਾਤੇ ਪ੍ਰਾਪਤ ਕਰਕੇ ਲਿਖੀ ਸੀ । ਉਨਾਂ ਦੀ ਇਸ ਲਿਖਤ ਵਿੱਚ ਬਿਲਕੁਲ ਸਾਫ ਹੈ ਕਿ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਮੰਨਿਆਂ ਹੈ ਕਿ ਪੁਲਿਸ ਦੀ ਕਾਰਵਾਈ ਬਿਲਕੁਲ ਬੇਲੋੜੀ ਅਤੇ ਨਜਾਇਜ਼ ਸੀ । ਪੁਲਿਸ ਅਤੇ ਪ੍ਰਸ਼ਾਸ਼ਨ ਸਿੱਖ ਨੌਜਵਾਨਾਂ ਦੇ ਕਤਲ ਲਈ ਜ਼ਿੰਮੇਵਾਰ ਹੈ । ਐੱਸ ਐੱਸ ਪੀ ਇਜ਼ਹਾਰ ਆਲਮ, ਏ ਡੀ ਸੀ ਦਰਬਾਰਾ ਗੁਰੂ, ਜਸਕੀਰਤ ਸਿੰਘ ਇੰਸਪੈਕਟਰ ਅਤੇ ਏ ਕੇ ਸ਼ਰਮਾ ਐੱਸ ਪੀ (ਅਪ੍ਰੇਸ਼ਨ) ਸੀ ਆਰ ਪੀ ਨੇ ਝੂਠੀਆਂ ਰਿਪੋਰਟਾਂ ਲਿਖੀਆਂ ਸਨ ।

ਕੰਵਰ ਸੰਧੂ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ, ਫੇਸ ਬੁੱਕ ਤੇ ਲਾਈਵ ਹੋ ਕੇ ਅਤੇ ਖ਼ਬਰ ਮੀਡੀਆ ਰਾਹੀਂ ਮੰਗ ਕੀਤੀ ਸੀ ਕਿ ਸਰਕਾਰ ਆ ਰਹੇ ਵਿਧਾਨ ਸਭਾ ਸੈਸ਼ਨ ਵਿੱਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ, ਇਸਤੇ ਕੀਤੀ ਕਾਰਵਾਈ ਦੀ ਰਿਪੋਰਟ (Action Taken Report) ਦੇ ਨਾਲ ਰੱਖੇ, ਖਾਸ ਜਾਂਚ ਟੀਮ (Special Investigation Team) ਬਣਾਕੇ ਦੋਸ਼ੀ ਪੁਲਿਸ ਅਫਸਰਾਂ ਤੇ ਮੁਕੱਦਮੇ ਦਰਜ ਕਰਕੇ ਬਣਦੀ ਕਾਰਵਾਈ ਕਰੇ, ਪੀੜਿਤ ਪਰਿਵਾਰਾਂ ਤੋਂ ਮੁਆਫੀ ਮੰਗੇ ਅਤੇ ਪਰਿਵਾਰਾਂ ਨੂੰ ਬਣਦਾ ਹਰਜਾਨਾ ਦੇਵੇ ।

ਦਸੰਬਰ 2018 ਦੇ ਪਹਿਲੇ ਦੋ ਹਫਤੇ ਲੋਕ ਸਭਾ ਦੀ ਕਾਰਵਾਈ ਲਗਾਤਾਰ ਠੱਪ ਹੋਣ ਅਤੇ ਸਦਨ ਅੰਦਰ ਸਾਕਾ ਨਕੋਦਰ ਸੰਬੰਧੀ ਮੁੱਦਾ ਨਾ ਉਠਾਏ ਜਾਣ ਕਾਰਨ, 19 ਦਸੰਬਰ 2018 ਨੂੰ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰਕੇ ਸਾਕਾ ਨਕੋਦਰ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਦੀ ਰਿਪੋਰਟ ਅਜੇ ਤੱਕ ਨਸ਼ਰ ਨਾ ਕਰਨ ਅਤੇ ਦੋਸ਼ੀਆਂ ਨੂੰ ਜ਼ੁਲਮ ਦੇ ਕਟਿਹਰੇ ਵਿਚ ਖੜਾ ਕਰਕੇ ਸਜਾਵਾਂ ਨਾ ਦੇਣ ਵਿਰੁੱਧ, ਪੰਜਾਬ ਸਰਕਾਰ ਦੀ ਮੁਜ਼ਰਮਾਨਾਂ ਉਦਾਸੀਨਤਾ ਤੇ ਪਹੁੰਚ ਦੇ ਖਿਲਾਫ ਇਨਸਾਫ ਦੀ ਮੰਗ ਕਰਦੇ ਹੋਏ ਇਸ ਸਬੰਧ ਵਿਚ ਨਿਰਦੋਸ਼ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਸਜਾਵਾਂ ਦੇਣ ਲਈ ਪੰਜਾਬ ਸਰਕਾਰ ਨੂੰ ਸਖ਼ਤ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਬੇਨਤੀ ਕੀਤੀ। ਸ੍ਰੀ ਰਾਜਨਾਥ ਸਿੰਘ ਨੇ ਤੁਰੰਤ ਆਪਣੇ ਸੈਕਟਰੀ ਨੂੰ ਬੁਲਾ ਕੇ ਪੰਜਾਬ ਸਰਕਾਰ ਦੀ ਇਸ ਗੈਰ-ਸੰਜੀਦਗੀ ਨੂੰ ਲੈ ਕੇ ਤੁਰੰਤ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਨੂੰ ਚਿੱਠੀ ਲਿਖਣ, ਲਈ ਕਿਹਾ ਅਤੇ ਰਿਪੋਰਟ ਭੇਜਣ ਲਈ ਹੁਕਮ ਦਿੱਤੇ ਸਨ।

ਭਾਵੇਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਕਮਿਸ਼ਨ ਨੇ 2 ਫਰਵਰੀ ਤੋਂ 5 ਫਰਵਰੀ 1986 ਤੱਕ ਦੀਆਂ ਘਟਨਾਵਾਂ ਦੀ ਜਾਂਚ ਕਰਕੇ ਪੰਜਾਬ ਸਰਕਾਰ ਨੂੰ ਆਪਣੀ ਰਿਪੋਰਟ 31 ਅਕਤੂਬਰ 1986 ਨੂੰ ਸੌਂਪ ਦਿੱਤੀ ਸੀ । ਪਰ ਸਮੇਂ ਦੀਆਂ ਸਰਕਾਰਾਂ ਵਲੋਂ ਇਹ ਰਿਪੋਰਟ 15 ਸਾਲ ਵਿਧਾਨ ਸਭਾ ਵਿਚ ਪੇਸ਼ ਹੀ ਨਾ ਕੀਤੀ ਗਈ ਅਤੇ ਜਦੋਂ ਪੇਸ਼ ਵੀ ਕੀਤੀ ਤਾਂ ਚੋਰੀ ਛਿੱਪੇ ਬਿਨਾ ਕਿਸੇ ਬਹਿਸ ਜਾਂ ਕਾਰਵਾਈ ਦੇ ਅਤੇ ਪਰਿਵਾਰਾਂ ਨੂੰ 33 ਸਾਲ ਇਸਦੀ ਭਿਣਕ ਤੱਕ ਨਾ ਪੈਣ ਦਿੱਤੀ। ਇਸ ਸਭ ਦਾ ਖੁਲਾਸਾ ਉਦੋਂ ਹੋਇਆ ਜਦੋਂ 13 ਫ਼ਰਵਰੀ 2019 ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਮੰਨਿਆ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ 5 ਮਾਰਚ 2001 ਨੂੰ ਵਿਧਾਨ ਸਭਾ ਦੀ ਸਲੀਬ ਤੇ ਰੱਖੀ ਗਈ ਸੀ। ਜਦੋਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਅਤੇ ਚਰਨਜੀਤ ਸਿੰਘ ਅਟਵਾਲ ਸਪੀਕਰ ਸਨ ਅਤੇ ਇਹ ਰਿਪੋਰਟ ਪੰਜਾਬ ਵਿਧਾਨ ਸਭਾ ਲਾਇਬ੍ਰੇਰੀ ਵਿੱਚ ਉਪਲੱਬਦ ਹੈ । ਆਖ਼ਰਕਾਰ ਤੇਤੀ ਸਾਲਾਂ ਬਾਅਦ 15 ਫ਼ਰਵਰੀ 2019 ਨੂੰ ਪੰਜਾਬ ਵਿਧਾਨ ਸਭਾ ਲਾਇਬ੍ਰੇਰੀ ਵਿੱਚੋਂ ਰਿਪੋਰਟ ਦਾ ਕੇਵਲ ਪਹਿਲਾ ਭਾਗ ਹੀ ਪ੍ਰਾਪਤ ਹੋ ਸਕਿਆ ਹੈ , ਰਿਪੋਰਟ ਦਾ ਦੂਸਰਾ ਭਾਗ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਵਿੱਚ ਮੌਜੂਦ ਨਹੀਂ ਹੈ । ਪਿਛਲੇ 34 ਸਾਲਾਂ ਤੋਂ ਸਮੇਂ ਦੀਆਂ ਸਰਕਾਰਾਂ ਨੇ ਕਾਤਲਾਂ ਨੂੰ ਬਚਾਉਣ ਦੀਆਂ ਹੀ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਰਿਪੋਰਟ ਤੇ ਕੋਈ ਕਾਰਵਾਈ ਨਹੀਂ ਕੀਤੀ ।

ਬਾਕੀ ਸਫ਼ਾ 33 'ਤੇ

# ਅਕਾਲੀ ਦਲ ਦੀ ਪੁਨਰ ਇਤਿਹਾਸਕ ਉਸਾਰੀ ਬਹੁਤ ਜ਼ਿਆਦਾ ਜ਼ਰੂਰੀ

**- ਰਜਿੰਦਰ ਸਿੰਘ**

ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਨਵੀਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਭਾਈਵਾਲੀ ਤੋਂ ਦਿੱਤੇ ਕੋਰੇ ਜਵਾਬ ਨੇ ਪੰਜਾਬ ਵਿੱਚ ਵੀ ਇਸ ਗੱਠਜੋੜ ਦੇ ਭਵਿੱਖ ’ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਹੈ। ਦਿੱਲੀ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਲਈ ਅਕਾਲੀ ਦਲ ਅਤੇ ਭਾਜਪਾ ਵਿਚ ਕੋਈ ਸਮਝੌਤਾ ਨਹੀਂ ਹੋ ਸਕਿਆ। ਯਾਦ ਰਹੇ ਕਿ 2015 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੇ ਦੋ ਸੀਟਾਂ ਆਪਣੇ ਤੇ ਦੋ ਸੀਟਾਂ ਭਾਜਪਾ ਦੇ ਚੋਣ ਨਿਸ਼ਾਨ ’ਤੇ ਲੜੀਆਂ ਸਨ ਪਰ ਅਕਾਲੀ ਦਲ ਦਾ ਕੋਈ ਉਮੀਦਵਾਰ ਨਹੀਂ ਜਿੱਤਿਆ ਸੀ। ਬਾਅਦ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚ ਅਕਾਲੀ ਉਮੀਦਵਾਰ ਮਨਜੀਤ ਸਿੰਘ ਸਿਰਸਾ ਭਾਜਪਾ ਦੇ ਚੋਣ ਨਿਸ਼ਾਨ ’ਤੇ ਚੋਣ ਲੜ ਕੇ ਜੇਤੂ ਹੋਏ ਸਨ। ਕਨਸੋਆ ਇਹ ਮਿਲੀਆਂ ਸਨ ਅਕਾਲੀ ਦਲ ਰਾਜੌਰੀ ਗਾਰਡਨ, ਹਰੀ ਨਗਰ, ਸ਼ਾਹਦਰਾ ਅਤੇ ਕਾਲਕਾ ਜੀ ਦੀਆਂ ਸੀਟਾਂ, ਜਿਨਾਂ ’ਤੇ ਉਸ ਨੇ ਪਿਛਲੀ ਵਾਰ ਚੋਣ ਲੜੀ ਸੀ, ਦੇ ਨਾਲ ਨਾਲ ਰਾਜਿੰਦਰ ਨਗਰ, ਮੋਤੀ ਨਗਰ, ਤਿਲਕ ਨਗਰ ਅਤੇ ਰੋਹਤਾਸ ਨਗਰ ਤੋਂ ਵੀ ਚੋਣ ਲੜਨੀ ਚਾਹੁੰਦਾ ਸੀ ਜਦੋਂਕਿ ਭਾਜਪਾ ਚਾਹੁੰਦੀ ਸੀ ਕਿ ਅਕਾਲੀ ਦਲ 2-3 ਸੀਟਾਂ ’ਤੇ ਚੋਣ ਲੜੇ ਅਤੇ ਉਹ ਵੀ ਭਾਜਪਾ ਦੇ ਚੋਣ ਨਿਸ਼ਾਨ ’ਤੇ। ਪਰ ਅਕਾਲੀ ਦਲ ਨੇ ਮਨਜ਼ੂਰ ਨਹੀਂ ਕੀਤਾ। ਸ਼ਾਇਦ ਇਸ ਪਿੱਛੇ ਕਾਰਨ ਇਹੀ ਹੈ ਕਿ ਉਹ ਭਾਜਪਾ ਦੀ ਟਿਕਟ ’ਤੇ ਚੋਣ ਲੜ ਕੇ ਆਪਣੇ ਆਪ ਨੂੰ ਭਾਜਪਾ ਦਾ ਵਿੰਗ ਸਿੱਧ ਨਹੀਂ ਸੀ ਕਰਨਾ ਚਾਹੁੰਦਾ। ਇਸ ਨਾਲ ਉਸ ਦਾ ਰਹਿੰਦਾ ਖੂੰਹਦਾ ਸਿੱਖ ਵੋਟ ਬੈਂਕ ਨਰਾਜ਼ ਹੋ ਸਕਦਾ ਸੀ। ਤੁਹਾਨੂੰ ਯਾਦ ਕਰਵਾ ਦੇਈਏ ਦਿੱਲੀ ਵਿਚ ਲਗਭਗ 10 ਲੱਖ ਸਿੱਖ ਵੋਟਰ ਹਨ।

ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਭਾਵੇਂ ਨਾਗਰਿਕਤਾ ਸੋਧ ਬਿੱਲ ਦੀ ਓਟ ਲੈਂਦਿਆਂ ਦਿੱਲੀ ਵਿਧਾਨ ਸਭਾ ਦੇ ਚੋਣ ਮੈਦਾਨ ਵਿਚੋਂ ਲਾਂਭੇ ਹੋਣ ਦੀ ਦਲੀਲ ਦਿੱਤੀ ਹੈ ਕਿ ਭਾਜਪਾ ਵੱਲੋਂ ਉਸ ਉੱਤੇ ਨਾਗਰਿਕਤਾ ਸੋਧ ਕਾਨੂੰਨ ਦੇ ਸਬੰਧ ਵਿਚ ਆਪਣਾ ਸਟੈਂਡ ਬਦਲਣ ਦਾ ਦਬਾਓ ਪਾਇਆ ਜਾ ਰਿਹਾ ਹੈ। ਭਾਜਪਾ ਨਾਲ ਸਮਝੌਤਾ ਨਾ ਹੋਣ ਤੋਂ ਬਾਅਦ ਅਕਾਲੀ ਦਲ ਨੇ ਕਿਹਾ ਕਿ ਉਹ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਨਹੀਂ ਲਏਗਾ। ਅਕਾਲੀ ਦਲ ਨਾਗਰਿਕਾਂ ਦੇ ਕੌਮੀ ਰਜਿਸਟਰ ਦੀ ਕਾਰਵਾਈ ਦਾ ਵੀ ਵਿਰੋਧ ਕਰੇਗਾ। ਤੁਹਾਨੂੰ ਯਾਦ ਕਰਵਾ ਦੇਈਏ ਕਿ ਸੰਸਦ ਵਿਚ ਅਕਾਲੀ ਦਲ ਨੇ ਕੌਮੀ ਨਾਗਰਿਕਤਾ ਸੋਧ ਬਿਲ ’ਤੇ ਹੋਈ ਵੋਟਿੰਗ ਦੌਰਾਨ ਭਾਜਪਾ ਦੇ ਹੱਕ ਵਿਚ ਵੋਟਾਂ ਪਾ ਕੇ ਆਪਣਾ ਸਿਆਸੀ ਨੁਕਸਾਨ ਕਰਵਾਇਆ ਸੀ। ਇਸ ਦਾ ਪੰਜਾਬ ਵਿਚ ਕਰੜਾ ਵਿਰੋਧ ਹੋਇਆ ਸੀ। ਬਾਅਦ ਵਿਚ ਅਕਾਲੀ ਦਲ ਨੇ ਆਪਣੀ ਪੁਜੀਸ਼ਨ ਵਿਚ ਸੁਧਾਰ ਕਰਦਿਆਂ ਇਹ ਮੰਗ ਕਰਨੀ ਸ਼ੁਰੂ ਕੀਤੀ ਕਿ ਅਫ਼ਗ਼ਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਵਿਚ ਵਿਤਕਰੇ ਦੇ ਸ਼ਿਕਾਰ ਹੋਏ ਹਿੰਦੂਆਂ, ਜੈਨੀਆਂ, ਬੋਧੀਆਂ, ਪਾਰਸੀਆਂ, ਇਸਾਈਆਂ ਤੇ ਸਿੱਖਾਂ ਦੇ ਨਾਲ ਨਾਲ ਮੁਸਲਮਾਨਾਂ ਨੂੰ ਵੀ ਭਾਰਤੀ ਨਾਗਰਿਕਤਾ ਦੇਣੀ ਚਾਹੀਦੀ ਹੈ। ਇਹ ਅਕਾਲੀ ਦਲ ਦਾ ਇੱਕ ਯੋਗ ਤੇ ਉਸਾਰੂ ਕਦਮ ਸੀ।

ਭਾਜਪਾ ਇਸ ਸਮੇਂ ਹਉਮੈਂਵਾਦੀ ਸਿਆਸਤ ਦੀ ਸ਼ਿਕਾਰ ਹੈ ਤੇ ਉਹ ਆਪਣੇ ਭਾਈਵਾਲਾਂ ਦੀ ਜ਼ਿਆਦਾ ਪਰਵਾਹ ਨਹੀਂ ਕਰ ਰਹੀ। ਹਾਲਾਂ ਕਿ ਪ੍ਰਕਾਸ਼ ਸਿੰਘ ਬਾਦਲ ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ ਨੇ ਬਿਨਾਂ ਸ਼ਰਤ ਭਾਜਪਾ ਨੂੰ ਹਮਾਇਤ ਦੇ ਕੇ ਉਸ ਦਾ ਝੰਡਾ ਦਿੱਲੀ ਵਿਚ ਝੁਲਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਹ ਅਕਾਲੀ ਦਲ ਨੇ ਉਸ ਸਮੇਂ ਸਟੈਂਡ ਲਿਆ ਸੀ, ਜਦੋਂ ਸਾਰੀਆਂ ਪ੍ਰਾਂਤਿਕ ਪਾਰਟੀਆਂ ਭਾਜਪਾ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਸਨ। ਪ੍ਰਾਂਤਿਕ ਪਾਰਟੀਆਂ ਨੂੰ ਭਾਜਪਾ ਨਾਲ ਜੋੜਨ ਵਿਚ ਬਾਦਲ ਦੀ ਵੱਡੀ ਭੂਮਿਕਾ ਸੀ।

ਜੇਕਰ ਭਾਜਪਾ ਦੇ ਪੱਖ ਵਲ ਧਿਆਨ ਦਿੱਤਾ ਜਾਵੇ ਤਾਂ ਉਨਾਂ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਅਕਾਲੀਆਂ ਨੇ ਆਪਣੇ ਤੌਰ ’ਤੇ ਹੀ ਵਿਧਾਨ ਸਭਾ ਚੋਣਾਂ ਭਾਜਪਾ ਨਾਲ ਲੜਨ ਦੀ ਤਿਆਰੀ ਵਿੱਢੀ ਸੀ। ਭਾਜਪਾ ਦੇ ਲੀਡਰਾਂ ਦਾ ਇਹ ਵੀ ਮੰਨਣਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ ਤੋਂ ਨਰਾਜ਼ ਹਨ, ਕਿਉਂਕਿ ਇਸ ਨਾਲ ਪੰਜਾਬ ਵਿਚ ਭਾਜਪਾ ਦਾ ਵੀ ਨੁਕਸਾਨ ਹੋ ਸਕਦਾ ਹੈ ਤੇ ਭਾਜਪਾ ਦੇ ਹਿੰਦੂ ਕੇਡਰ ਦਾ ਕਾਂਗਰਸ ਵਲ ਝੁਕਾਅ ਵਧ ਰਿਹਾ ਹੈ। ਭਾਜਪਾ ਆਗੂ ਸਮਝਦੇ ਹਨ ਕਿ ਅਕਾਲੀ ਦਲ ਦੀ ਮੰਗ ’ਤੇ ਮੋਦੀ ਸਰਕਾਰ ਵੱਲੋਂ ਕਈ ਫ਼ੈਸਲੇ ਲਏ ਗਏ, ਜਿਵੇਂ ਅਕਾਲੀਆਂ ਦੀ ਮੰਗ ’ਤੇ ਹੀ 1984 ਦੇ ਸਿੱਖ ਕਤਲੇਆਮ ਕੇਸ ਦੇ ਕਈ ਦੋਸ਼ੀਆਂ ਨੂੰ ਜੇਲ ਤੱਕ ਵੀ ਪਹੁੰਚਾਇਆ, ਵਿਦੇਸ਼ਾਂ ਵਿਚਲੇ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਖ਼ਤਮ ਕੀਤੀਆਂ ਪਰ ਅਕਾਲੀ ਦਲ ਆਪਣੀ ਚਮਕ ਪੰਜਾਬ ਵਿਚੋਂ ਦਿਨੋਂ ਦਿਨ ਗੁਆ ਰਿਹਾ ਹੈ। ਉਹ ਇਹ ਵੀ ਸਮਝਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਪੰਥਕ ਕੇਡਰ ਜੋ ਅਕਾਲੀ ਦਲ ਦੀ ਤਾਕਤ ਸੀ, ਉਹ ਅਕਾਲੀ ਦਲ ਤੋਂ ਪਰੇ ਹੱਟ ਚੁੱਕਾ ਹੈ। ਦੂਸਰੇ ਪਾਸੇ ਟਕਸਾਲੀਆਂ ਖਾਸ ਕਰਕੇ ਸੁਖਦੇਵ ਸਿੰਘ ਢੀਂਡਸਾ ਦੇ ਪਾਰਟੀ ਨਾਲੋਂ ਵੱਖ ਹੋਣ ਨਾਲ ਵੀ ਅਕਾਲੀ ਦਲ ਨੂੰ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਸਮਝ ਇਹ ਵੀ ਆਉਂਦੀ ਹੈ ਕਿ ਭਾਜਪਾ ਪੰਜਾਬ ਵਿਚ ਆਪਣੀ ਸਰਦਾਰੀ ਕਾਇਮ ਰੱਖਣ ਲਈ ਤੇ ਕਾਂਗਰਸ ਨੂੰ ਸੱਤਾ ਤੋਂ ਪਰੇ ਰੱਖਣ ਲਈ ਸਿੱਖਾਂ ਦੀ ਕਿਸੇ ਨੁਮਾਇੰਦਾ ਧਿਰ ਨਾਲ ਸਿਆਸੀ ਗੱਠਜੋੜ ਤਾਂ ਕਰਨਾ ਚਾਹੁੰਦੀ ਹੈ ਪਰ ਬਾਦਲਾਂ ਦਾ ‘ਤੋੜ’ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। ਭਾਜਪਾ ਵੱਲੋਂ ਸਾਲ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਆਪਣੇ ਦਮ ’ਤੇ ਲੜਨ ਦਾ ਐਲਾਨ ਇਸੇ ਰਾਜਨੀਤਕ ਦਾ ਹੀ ਹਿੱਸਾ ਹੈ। ਇਹ ਮੰਨਣਾ ਪਵੇਗਾ ਕਿ ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਵਾਂਗ ਪੰਜਾਬ ਤੇ ਅਕਾਲੀ ਦਲ ਲਈ ਯੋਗ ਭੂਮਿਕਾ ਨਹੀਂ ਨਿਭਾਅ ਸਕੇ। ਅਕਾਲੀ ਦਲ ਦੀ ਵੱਡੀ ਗਲਤੀ ਇਹ ਰਹੀ ਹੈ ਕਿ ਉਨਾਂ ਨੇ ਪੰਜਾਬ ਦੀ ਖੁਦਮੁਖਤਿਆਰੀ ਦੀ ਮੰਗ ਤਿਆਗੀ ਹੈ ਤੇ ਦੂਸਰਾ ਆਪਣੇ ਪੰਥਕ ਕੇਡਰ ਵਲ ਧਿਆਨ ਨਹੀਂ ਦਿੱਤਾ ਤੇ ਭਾਜਪਾ ਦੀ ਬੇਵਜਾ ਤੇ ਬਿਨਾਂ ਸ਼ਰਤ ਹਮਾਇਤ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਉਸ ਲਈ ਵੱਡਾ ਝਟਕਾ ਸੀ, ਉਸ ਸੰਬੰਧ ਵਿਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਉਸਾਰੂ ਸਟੈਂਡ ਨਹੀਂ ਲੈ ਸਕੇ, ਜਿਸ ਨਾਲ ਸਿੱਖ ਸੰਗਤਾਂ ਦੇ ਰੋਸ ਨੂੰ ਠੰਡਾ ਪਾਇਆ ਜਾ ਸਕਦਾ। ਇਸੇ ਦਾ ਨਤੀਜਾ ਸੀ ਕਿ 10 ਸਾਲ ਰਾਜ ਕਰਨ ਵਾਲੀ ਪਾਰਟੀ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਾ ਕਰ ਸਕੀ ਤੇ ਨਵੀਂ ਬਣੀ ‘ਆਪ’ ਪਾਰਟੀ ਤੋਂ ਵੀ ਹੇਠਾਂ ਤੀਜੇ ਥਾਂ ਲੁੜਕ ਗਈ। ਇਸ ਤੋਂ ਬਾਅਦ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਰੁੱਧ ਬਗਾਵਤ ਫੈਲਣੀ ਸ਼ੁਰੂ ਹੋ ਗਈ। ਭਾਰਤ ਵਿੱਚ ਚੱਲੀ ਮੋਦੀ ਲਹਿਰ ਦੇ ਬਾਵਜੂਦ ਪੰਜਾਬ ਵਿੱਚ ਬਾਦਲ ਅਕਾਲੀ ਦਲ ਲੋਕ ਸਭਾ ਦੀਆਂ ਸਿਰਫ਼ ਦੋ ਸੀਟਾਂ ਬਠਿੰਡਾ ਤੇ ਫਿਰੋਜ਼ਪੁਰ ਵਾਲੀਆਂ ਹੀ ਜਿੱਤ ਸਕਿਆ। ਇਸ ਤੋਂ ਬਾਅਦ ਹੀ ਪੰਜਾਬ ਭਾਜਪਾ ਦੇ ਕੇਡਰ ਤੇ ਸੀਨੀਅਰ ਲੀਡਰਸ਼ਿਪ ਨੇ ਵੀ ਬਾਦਲ ਅਕਾਲੀ ਦਲ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਨੂੰ ਇਕੱਲਿਆਂ ਚੋਣਾਂ ਲੜਨੀਆਂ ਚਾਹੀਦੀਆਂ ਹਨ। ਹੁਣ ਅਜੋਕੇ ਸਮੇਂ ਦੌਰਾਨ ਭਾਜਪਾ ਹਾਈਕਮਾਂਡ ਨੇ ਇਸ ਵਲ ਸੋਚਣਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨੇ ਇੱਥੇ ਹੀ ਬਸ ਨਹੀਂ ਕੀਤੀ, ਉਸ ਨੇ ਆਰ ਐਸ ਐਸ ਦੇ ਸਹਿਯੋਗ ਨਾਲ ਪਿੰਡਾਂ ਵਿਚ ਸਿੱਖ ਤੇ ਦਲਿਤ ਕੇਡਰ ਜੋ ਅਕਾਲੀ ਦਲ ਦਾ ਕੇਡਰ ਸਨ, ਨੂੰ ਖੋਰਾ ਲਾਉਣਾ ਲਈ ਮੈਂਬਰਸ਼ਿਪ ਕਰਨੀ ਸ਼ੁਰੂ ਕਰ ਦਿੱਤੀ। ਇਹ ਵੱਖਰੀ ਗੱਲ ਹੈ ਕਿ ਭਾਜਪਾ ਨੂੰ ਬੁਰੀ ਤਰਾਂ ਨਿਰਾਸ਼ਾ ਮਿਲੀ।

ਬਾਕੀ ਸਫ਼ਾ 33 ’ਤੇ

# ਸੰਤ ਅਤਰ ਸਿੰਘ ਮਸਤੂਆਣਾ ਦਾ ਸਿੱਖੀ ਵਿਕਾਸ ਵਿਚ ਯੋਗਦਾਨ

**- ਗੁਰਤੇਜ ਸਿੰਘ (ਡਾ.)**

ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਦਾ ਸਮਾਂ 19ਵੀਂ ਸਦੀ ਦੇ ਅੱਧ ਤੋਂ ਲੈ ਕੇ 1925 ਤਕ ਉਦੋਂ ਦਾ ਹੈ, ਜਦੋਂ ‘ਗੁਰਦੁਆਰਾ ਐਕਟ’ ਹੋਂਦ ਵਿੱਚ ਆਇਆ ਸੀ। ਲਹਿਰ ਦੇ ਇੰਨੇ ਕੁ ਅਰਸੇ ਦੌਰਾਨ ਨਿਰੰਕਾਰੀ ਅਤੇ ਨਾਮਧਾਰੀ ਲਹਿਰਾਂ ਸਿੱਖ ਪੁਨਰ-ਜਾਗ੍ਰਿਤੀ ਲਈ ਯਤਨਸ਼ੀਲ ਰਹੀਆਂ ਪਰ ਕੁਝ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਨ ਅਤੇ ਆਪਣੀਆਂ ਅੰਦਰੂਨੀ ਊਣਤਾਈਆਂ ਕਾਰਨ ਇਹ ਦੋਵੇਂ ਲਹਿਰਾਂ ਸਿੱਖਾਂ ਵਿੱਚ ਹਰਮਨਪਿਆਰੀਆਂ ਨਾ ਹੋ ਸਕੀਆਂ। ਇਨਾਂ ਤੋਂ ਇਲਾਵਾ ਕੁਝ ਹੋਰ ਸਿੱਖ ਸੰਪਰਦਾਵਾਂ ਦਾ ਵੀ ਉਭਾਰ ਹੋਇਆ, ਜਿਨਾਂ ਦਾ ਘੇਰਾ ਵੀ ਸੀਮਤ ਸੀ ਅਤੇ ਸਿੱਖ ਰਹਿਤ ਮਰਿਆਦਾ ਦਾ ਪੂਰਨ ਅਨੁਸਰਨ ਵੀ ਨਹੀਂ ਕਰਦੀਆਂ ਸਨ। ਫ਼ਲਸਰੂਪ ਸਿੰਘ ਸਭਾ ਲਹਿਰ ਹੋਂਦ ਵਿੱਚ ਆਈ। ਇਸ ਲਹਿਰ ਨਾਲ ਸੰਤ ਅਤਰ ਸਿੰਘ ਮਸਤੂਆਣਾ ਦੀ ਬਹੁਪੱਖੀ ਸ਼ਖ਼ਸੀਅਤ ਦੀ ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਵਿੱਚ ਆਮਦ ਹੋਈ।

ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਵਿੱਚ ਸੰਤ ਅਤਰ ਸਿੰਘ ਦਾ ਯੋਗਦਾਨ ਦੋ ਪੱਖਾਂ ਤੋਂ ਵਿਸ਼ੇਸ਼ ਹੈ। ਇੱਕ ਧਾਰਮਿਕ ਅਤੇ ਦੂਜਾ ਵਿੱਦਿਅਕ ਖੇਤਰ ਵਿੱਚ। ਇਨਾਂ ਦੋਹਾਂ ਖੇਤਰਾਂ ਵਿੱਚ ਸੰਤੁਲਨ ਬਣਾ ਕੇ ਆਪਣੇ ਮਿਸ਼ਨ ਦੀ ਪੂਰਤੀ ਕਰਨੀ ਵੀ ਆਪਣੇ ਆਪ ਵਿੱਚ ਵਿਸ਼ੇਸ਼ ਗੱਲ ਸੀ। ਜਿੱਥੇ ਉਨਾਂ ਦੀ ਅਧਿਆਤਮਕ ਅਵਸਥਾ ਅਤੇ ਬਿਰਤੀ ਅਕਹਿ ਸੀ, ਉੱਥੇ ਹੀ ਵਿੱਦਿਆ ਦੇ ਪ੍ਰਚਾਰ ਅਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਹਿੱਤ ਵਚਨਬੱਧਤਾ ਵੀ ਲਾਸਾਨੀ ਸੀ। ਪ੍ਰਿੰਸੀਪਲ ਗੰਗਾ ਸਿੰਘ ਨੇ ਸ਼ਿਮਲੇ ਦੇ ਨਾਭਾ ਹਾਊਸ ਵਿੱਚ ਉਨਾਂ ਦੇ ਰੂਹਾਨੀ ਜਾਹੋ-ਜਲਾਲ ਦੇ ਪ੍ਰਤੱਖ ਦਰਸ਼ਨਾਂ ਨੂੰ ਉਲੇਖ ਕੀਤਾ ਹੈ। ਪ੍ਰਿੰਸੀਪਲ ਗੰਗਾ ਸਿੰਘ ਇਸ ਸਥਾਨ ’ਤੇ ‘ਸਚਖੰਡ’ ਦੇ ਵਿਸ਼ੇ ’ਤੇ ਵਖਿਆਨ ਕਰਦਿਆਂ ਬਿਜਲੀਆਂ, ਸੂਰਜ ਅਤੇ ਹੋਰ ਤੇਜ਼ ਪ੍ਰਕਾਸ਼ ਵਸਤੂਆਂ ਦੇ ਦ੍ਰਿਸ਼ਟਾਂਤਾਂ ਨਾਲ ਇਸ ਅਵਸਥਾ ਦਾ ਵਰਣਨ ਕਰ ਰਹੇ ਸਨ ਤੇ ਸੰਤ ਅਤਰ ਸਿੰਘ ਵੀ ਉੱਥੇ ਮੌਜੂਦ ਸਨ। ਸਮਾਪਤੀ ਸਮੇਂ ਸੰਤ ਜੀ ਨੇ ਪ੍ਰਿੰਸੀਪਲ ਗੰਗਾ ਸਿੰਘ ਨੂੰ ਇਸ ਉੱਤਮ ਅਧਿਆਤਮਕ ਅਵਸਥਾ ਦਾ ਕਦੇ ਅਨੁਭਵ ਹੋਣ ਬਾਰੇ ਪੁੱਛਿਆ ਤਾਂ ਆਪਣੀ ਅਸਮਰੱਥਾ ਪ੍ਰਗਟਾਉਂਦਿਆਂ ਪ੍ਰਿੰਸੀਪਲ ਗੰਗਾ ਸਿੰਘ ਨੇ ਸੰਤਾਂ ਨੂੰ ਇਸ ਅਵਸਥਾ ਬਾਰੇ ਕੁਝ ਗਿਆਤ ਕਰਾਉਣ ਦੀ ਬੇਨਤੀ ਕੀਤੀ। ਇਸ ’ਤੇ ਸੰਤ ਅਤਰ ਸਿੰਘ ਨੇ ਕੁਝ ਸਮਾਂ ਅੱਖਾਂ ਬੰਦ ਕੀਤੀਆਂ ਅਤੇ ਚਿਹਰੇ ’ਤੇ ਬਿਜਲਈ ਪ੍ਰਕਾਸ਼ ਦਾ ਅਸਚਰਜਮਈ ਦ੍ਰਿਸ਼ ਬਣਿਆ। ਇਹ ਸੰਤ ਅਤਰ ਸਿੰਘ ਦੀ ਰੂਹਾਨੀ ਪ੍ਰਾਪਤੀ ਦੀ ਪ੍ਰਤੱਖ ਮਿਸਾਲ ਹੈ, ਜੋ ਪ੍ਰਿੰਸੀਪਲ ਗੰਗਾ ਸਿਘ ਨੇ ਅੱਖੀਂ ਡਿੱਠੀ ਕਲਮਬੱਧ ਕੀਤੀ ਹੈ।



ਵਿੱਦਿਅਕ ਖੇਤਰ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਅਤੇ ਇਸ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਉਤਸ਼ਾਹਤ ਕਰਨ ਦੇ ਕਾਰਜ ਨੂੰ ਸੰਤ ਅਤਰ ਸਿੰਘ ਧਾਰਮਿਕ ਫ਼ਰਜ਼ ਸਮਝਦੇ ਸਨ। ਧਾਰਮਿਕ ਤੌਰ ’ਤੇ ਉਨਾਂ ਦੀ ਸ਼ਖ਼ਸੀਅਤ ਦੀ ਵਿਸ਼ੇਸ਼ਤਾ ਇਹ ਹੈ ਕਿ ਬਤੌਰ ‘ਸੰਤ’ ਉਹ ਸਮੁੱਚੇ ਸਿੱਖ ਜਗਤ ਵਿੱਚ ਸਤਿਕਾਰੇ ਗਏ ਕਿਉਂਕਿ ਉਨਾਂ ਨੇ ਕਿਸੇ ਸੰਪਰਦਾਇ ਜਾਂ ਡੇਰਾਵਾਦ ਦੀ ਪ੍ਰਥਾ ਦਾ ਰੁਝਾਨ ਪੈਦਾ ਨਹੀਂ ਕੀਤਾ, ਸਿਰਫ਼ ਗੁਰਮਤਿ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਸਿੱਖ ਰਹਿਤ ਮਰਿਆਦਾ ਨੂੰ ਧਰਮ ਦੇ ਪ੍ਰਚਾਰ ਦਾ ਆਧਾਰ ਬਣਾ ਕੇ ਰੱਖਿਆ। ਸ਼ਬਦ ਗੁਰੂ ਦਾ ਪ੍ਰਚਾਰ ਅਤੇ ਸਰਵਉੱਚ ਸਤਿਕਾਰ ਕਰਨਾ ਉਨਾਂ ਦੇ ਮਿਸ਼ਨ ਦਾ ਪ੍ਰਮੁੱਖ ਉਦੇਸ਼ ਸੀ। ਉਨਾਂ ਨੇ ਸਿਰਫ਼ ਵਿਦਿਤ ਲੋਕਾਂ ਨੂੰ ਹੀ ਨਹੀਂ, ਸਗੋਂ ਜਨ-ਸਾਧਾਰਨ ਨੂੰ ਵੀ ਸਿੱਖੀ ਦੇ ਮੂਲ ਆਸ਼ੇ ਨਾਲ ਜੋੜਦਿਆਂ ਅੰਮ੍ਰਿਤ ਪ੍ਰਚਾਰ ਲਹਿਰ ਤਹਿਤ ਲੱਖਾਂ ਪ੍ਰਾਣੀਆਂ ਨੂੰ ਖੰਡੇ ਦੀ ਪਾਹੁਲ ਛਕਾਈ। ਪੋਠੋਹਾਰ (ਪਾਕਿਸਤਾਨ) ਵਿੱਚ ਸਿੰਘ ਸਭਾ ਲਹਿਰ ਦੀ ਅਰੰਭਤਾ ਸੰਤ ਅਤਰ ਸਿੰਘ ਵੱਲੋਂ ਕੀਤੀ ਅਣਥੱਕ ਅਤੇ ਸਮਰਪਿਤ ਘਾਲਣਾ ਦਾ ਸਿੱਟਾ ਸੀ। ਪੋਠੋਹਾਰ ਵਿੱਚ ਉਨਾਂ ਦਾ ਨਾਂ ‘ਭੂਰੀ ਵਾਲੇ ਸੰਤ’ ਪ੍ਰਸਿੱਧ ਹੋ ਗਿਆ ਸੀ ਕਿਉਂਕਿ ਪਹਿਰਾਵੇ ਵਿੱਚ ਕੇਵਲ ਕਛਹਿਰਾ, ਛੋਟੀ ਦਸਤਾਰ ਅਤੇ ਮੋਢਿਆਂ ’ਤੇ ਇੱਕ ਭੂਰੀ ਹੁੰਦੀ ਸੀ।

ਗੁਰੂ ਕਾਲ ਤੋਂ ਬਾਅਦ ਸਿੱਖ ਇਤਿਹਾਸ ਵਿੱਚ ਉਹ ਇਕੱਲੇ ਹੀ ਅਜਿਹੇ ਮਹਾਂਪੁਰਖ ਹੋਏ ਹਨ, ਜਿਨਾਂ ਨੇ ਗੁਰਮਤਿ ਦਾ ਪ੍ਰਚਾਰ ਵਿਆਪਕ ਪੱਧਰ ’ਤੇ ਕੀਤਾ ਅਤੇ ਸਿੱਖਾਂ ਵਿੱਚ ਸਿੱਖੀ ਪ੍ਰਤੀ ਪਿਆਰ ਅਤੇ ਉਤਸ਼ਾਹ ਪੈਦਾ ਕਰਨ ਦੀ ਲਹਿਰ ਚਲਾਈ। ਉਨਾਂ ਦੀ ਦੈਵੀ ਸ਼ਖ਼ਸੀਅਤ ਤੋਂ ਹਰ ਕੋਈ ਪ੍ਰਭਾਵਿਤ ਹੋਇਆ। ਮਾਲਵੇ ਦੇ ਮਾਰੂਥਲਾਂ ਵਿੱਚ ਜਿਹੜੇ ਲੋਕ ਪੰਜਾਬੀ ਲੱਚਰ ਗੀਤਾਂ ਦੀਆਂ ਹੇਕਾਂ ਲਾਇਆ ਕਰਦੇ ਸਨ, ਉਹ ਉਨਾਂ ਦੇ ਪ੍ਰਭਾਵ ਸਦਕਾ ਬਾਣੀ ਦੇ ਸ਼ਬਦਾਂ ਜਾਂ ਸ਼ਬਦ ਦੀ ਟੇਕ ’ਤੇ ਧਾਰਨਾਵਾਂ ਦਾ ਗਾਇਨ ਕਰਨ ਲੱਗੇ। ਸਮੁੱਚੇ ਤੌਰ ’ਤੇ ਸਿੱਖ ਪੁਨਰ-ਜਾਗ੍ਰਿਤੀ ਦੇ ਯਤਨਾਂ ਦਾ ਇਹ ਸਿੱਟਾ ਨਿਕਲਿਆ ਕਿ ਵਿਆਹ-ਸ਼ਾਦੀਆਂ ਦੇ ਮੌਕੇ ’ਤੇ ਰਵਾਇਤੀ ਪੰਜਾਬੀ ਗੀਤਾਂ ਦੀ ਥਾਂ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਆਰੰਭ ਹੋ ਗਿਆ।

ਸੰਤ ਅਤਰ ਸਿੰਘ ਦੀ ਦੂਜੀ ਵਿਸ਼ੇਸ਼ ਦੇਣ ਵਿੱਦਿਆ ਦੇ ਪ੍ਰਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਸਹਿਯੋਗ ਦੇਣਾ ਹੈ। ਖ਼ਾਲਸਾ ਉਪਦੇਸ਼ਕ ਕਾਲਜ ਯਤੀਮਖਾਨਾ ਗੁਜਰਾਂਵਾਲਾ, ਖ਼ਾਲਸਾ ਉਪਦੇਸ਼ਕ ਮਹਾਂ ਵਿਦਿਆਲਾ ਘਰਜਾਖ (ਫਰਵਰੀ 1907), ਸਿੱਖ ਕੰਨਿਆ ਹਾਈ ਸਕੂਲ ਰਾਵਲਪਿੰਡੀ, ਅਕਾਲ ਕਾਲਜ ਮਸਤੂਆਣਾ, ਸੰਤ ਸਿੰਘ ਖ਼ਾਲਸਾ ਸਕੂਲ ਚਕਵਾਲ (27 ਅਕਤੂਬਰ 1910), ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ ਆਦਿ ਵਿੱਦਿਅਕ ਅਦਾਰਿਆਂ ਦਾ ਬੁਨਿਆਦੀ ਪੱਥਰ ਸੰਤ ਅਤਰ ਸਿੰਘ ਨੇ ਹੀ ਰੱਖਿਆ ਸੀ। ਉਹ ਸਿੱਖ ਵਿੱਦਿਅਕ ਕਾਨਫ਼ਰੰਸਾਂ ਵਿੱਚ ਅਕਸਰ ਸ਼ਬਦ ਕੀਰਤਨ ਦੁਆਰਾ ਹਾਜ਼ਰੀ ਲਵਾਉਂਦੇ ਸਨ। ਫ਼ਿਰੋਜ਼ਪੁਰ ਵਿੱਚ 15-16 ਅਕਤੂਬਰ 1915 ਨੂੰ ਆਯੋਜਿਤ ਇੱਕ ਕਾਨਫ਼ਰੰਸ ਵਿੱਚ ਰਾਜਾ ਰਣਬੀਰ ਸਿੰਘ ਦੇ ਬੀਮਾਰ ਹੋਣ ਕਾਰਨ ਨਾ ਪੁੱਜਣ ’ਤੇ ਸੰਤ ਅਤਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। ਉਨਾਂ ਨੇ ਸ਼ਬਦਾਂ ਦੀ ਧੁਨੀ ਦੁਆਰਾ ਆਪਣੀ ਹਾਜ਼ਰੀ ਲਵਾਈ ਅਤੇ ਆਪਣੇ ਅੰਤਿਮ ਭਾਸ਼ਣ ਵਿੱਚ ਗੁਰੂ ਗੋਬਿੰਦ ਸਿੰਘ ਦੇ ਇੱਕ ਸ਼ਬਦ ‘ਜਾਗਤ ਜੋਤਿ ਜਪੈ ਨਿਸ ਬਾਸੁਰ’ ਦਾ ਗਾਇਨ ਕਰ ਕੇ ਇਸ ਦੇ ਭਾਵ-ਅਰਥ ਦਰਸਾਉਂਦਾ ਵਖਿਆਨ ਕੀਤਾ।

5 ਮਈ 1917 ਨੂੰ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ ਨੂੰ ਖੋਲਣ ਦੀ ਰਸਮ ਪੰਜ ਪਿਆਰਿਆਂ ਦੇ ਰੂਪ ਵਿੱਚ ਸੰਤ ਅਤਰ ਸਿੰਘ, ਸਰਦਾਰ ਹਰਬੰਸ ਸਿੰਘ, ਸਰਦਾਰ ਸੁੰਦਰ ਸਿੰਘ ਮਜੀਠੀਆ, ਮਾਸਟਰ ਜੋਧ ਸਿੰਘ ਅਤੇ ਭਾਈ ਵੀਰ ਸਿੰਘ ਨੇ ਅਦਾ ਕੀਤੀ। ਸੰਤ ਅਤਰ ਸਿੰਘ ਦੁਆਰਾ ਅਰਦਾਸ ਕਰਨ ’ਤੇ ਕਮਰੇ ਦਾ ਜਿੰਦਰਾ ਖੋਲਿਆ ਗਿਆ ਅਤੇ ਉਨਾਂ ਨੇ ਇੱਕ ਲੜਕੇ ਨੂੰ ਜਪੁਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਦੀ ਸੰਥਿਆ ਦੇ ਕੇ ਉਸ ਦਾ ਨਾਂ ਕਾਲਜ ਵਿੱਚ ਦਰਜ ਕੀਤਾ। ਮਾਲਵੇ ਦੀ ਪ੍ਰਸਿੱਧ ਪੁਰਾਤਨ ਵਿੱਦਿਅਕ ਸੰਸਥਾ ਅਕਾਲ ਡਿਗਰੀ ਕਾਲਜ ਮਸਤੂਆਣਾ ਦੀ ਸਥਾਪਨਾ ਅਤੇ ਇਸ ਦੇ ਸੰਚਾਲਨ ਦਾ ਪ੍ਰਬੰਧ ਸੰਤ ਅਤਰ ਸਿੰਘ ਦੀ ਇਸ ਖੇਤਰ ਨੂੰ ਵੱਡੀ ਵਿੱਦਿਅਕ ਦੇਣ ਹੈ।

ਜੈਤੋ ਦੇ ਮੋਰਚੇ ਵਿੱਚ ਅਖੰਡ ਪਾਠ ਦੇ ਭੋਗ ਸਮੇਂ ਵੀ ਉਨਾਂ ਨੇ ਹਾਜ਼ਰੀ ਭਰੀ ਅਤੇ ਮੋਰਚੇ ਵਿੱਚ ਸ਼ਾਮਿਲ ਹੋਣ ਵਾਲੇ ਅਕਾਲੀਆਂ ਨੂੰ ਉਤਸ਼ਾਹਿਤ ਕਰਦੇ ਸਨ। ਪਟਿਆਲਾ ਰਿਆਸਤ ਦੀ ਰਜਵਾੜਾਸ਼ਾਹੀ ਸੱਤਾ ਪ੍ਰਣਾਲੀ ਦੇ ਵਿਰੋਧੀ ਨਾਇਕ ਸੇਵਾ ਸਿੰਘ ਠੀਕਰੀਵਾਲਾ ਨੂੰ ਉਸ ਵੇਲੇ ਕਾਲਜ ਕੌਂਸਲ ਮਸਤੂਆਣਾ ਦਾ ਪ੍ਰਧਾਨ ਬਣਾਉਣਾ, ਜਦੋਂ ਮਹਾਰਾਜਾ ਪਟਿਆਲਾ ਦਾ ਸਾਰਾ ਪਰਿਵਾਰ ਸੰਤਾਂ ਦੀ ਸੇਵਾ ਲਈ ਤਤਪਰ ਰਹਿੰਦਾ ਸੀ, ਸੰਤ ਅਤਰ ਸਿੰਘ ਮਸਤੂਆਣਾ ਦੀ ਲੋਕ ਲਹਿਰਾਂ ਨੂੰ ਨਿਵਾਜਣ ਦੀ ਦ੍ਰਿਸ਼ਟੀ ਦਾ ਪ੍ਰਗਟਾਵਾ ਹੈ। ਜੇ ਸਿੱਖ ਪੁਨਰ-ਜਾਗ੍ਰਿਤੀ ਸਮੇਂ ਦੇ ਇਤਿਹਾਸ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਨਾਲ ਹੀ ਸੰਤ ਅਤਰ ਸਿੰਘ ਮਸਤੂਆਣਾ ਦਾ ਸਿੱਖ ਜਾਗ੍ਰਿਤੀ ਦੇ ਪ੍ਰਚਾਰ ਵਿੱਚ ਵਡਮੁੱਲਾ ਯੋਗਦਾਨ ਹੈ।

# ਰੋਟੀ ਦਾ ਮੁੱਲ

## - ਸੁਖਵੀਰ ਘੁਮਾਣ ਦਿੜਬਾ

ਜੈਬੂ ਦੇ ਘਰ ਦਾ ਵਿਹੜਾ ਔਲਾਦ ਦੀਆਂ ਖੁਸੀਆਂ ਤੋਂ ਸੱਖਣਾ ਹੀ ਰਿਹਾ ।ਔਲਾਦ ਦਾ ਮੂੰਹ ਦੇਖਣ ਦੀ ਰੀਝ ਪੂਰੀ ਕਰਨ ਲਈ ਜੈਬੂ ਅਤੇ ਉਸ ਦੀ ਪਤਨੀ ਗੇਜੋ ਨੇ ਬਥੇਰੇ ਖੂਹ ਟੋਭੇ ਨੱਕ ਰਗੜੇ , ਪੀਰਾਂ , ਫਕੀਰਾਂ ਦੀਆਂ ਦਰਗਾਹਾਂ ਤੇ ਸੁੱਖਣਾਂ ਸੁੱਖੀਆਂ , ਪਰ ਜੈਬੂ ਦੀ ਪਤਨੀ ਦੀ ਕੁੱਖ ਨੂੰ ਕਿਤੋਂ ਵੀ ਭਾਗ ਨਾ ਲੱਗੇ ।ਆਪਣੇ ਘਰ ਦੇ ਵਿਹੜੇ ਵਿੱਚ ਚਿਰਾਗ ਨਾ ਬਲਦਾ ਦੇਖ ਕੇ , ਥੱਕੇ ਹਾਰੇ ਦੋਵੇਂ ਜੀਆਂ ਨੇ ਰੱਬ ਦਾ ਭਾਣਾ ਮੰਨ ਕੇ ਆਪਣਾ ਮਨ ਇਉਂ ਸਮਝਾ ਲਿਆ ਕਿ , ਉ ਚਲੋ ਆਪਣੇ ਕਰਮਾਂ ’ਚ ਬਿਓ ਮਾਤਾ ਨੇ ਔਲਾਦ ਦਾ ਸੁੱਖ ਹੀ ਨਹੀਂ ਲਿਖਿਆ ” । ਪਰ ਜਿਉਂ-ਜਿਉਂ ਦੋਵਾਂ ਦੀ ਜਵਾਨੀ ਢਲਦੀ ਗਈ ਅਤੇ ਬੁਢੇਪੇ ਦਾ ਦਿਓ ਜ਼ਿੰਦਗੀ ਦੀਆਂ ਝੀਥਾਂ ਥਾਣੀ ਝਾਕਣ ਲੱਗਿਆ ਤਾਂ ਬੁਢੇਪੇ ਦਾ ਸਹਾਰਾ ਭਾਲਦੀ ਜ਼ਿੰਦਗੀ ਉਨਾਂ ਨੂੰ ਪਹਾੜ ਵਾਂਗ ਜਾਪਣ ਲੱਗ ਪਈ ।ਉਹ ਆਪਣੇ ਮਨ ਨੂੰ ਬਥੇਰਾ ਢਾਰਸ ਬੰਨਾਉਂਦੇ ਰਹਿੰਦੇ , ਪਰ ਔਲਾਦ ਦਾ ਤੋੜਾ ਉਨਾਂ ਦੇ ਮਨਾਂ ਦੇ ਬੰਨੇ-ਬੰਨਾਏ ਢਾਰਸ ਨੂੰ ਤੋੜ ਕੇ ਰੱਖ ਦਿੰਦਾ ।ਉਹ ਆਪਣੇ ਮਨ ਤੇ ਪਏ ਇਸ ਮਣਾਂ ਮੂੰਹੀਂ ਬੋਝ ਨੂੰ ਆਪਸ ਵਿੱਚ ਇਹ ਗੱਲਾਂ ਕਰਕੇ ਹਲਕਾ ਕਰਨ ਦਾ ਯਤਨ ਕਰਦੇ ਕਿ , ਉ ਦੇਖੋ , ਦਾਤੇ ਦੀ ਇਸ ਦੁਨੀਆਂ ਦੇ ਵੀ ਬੜੇ ਅਜ਼ੀਬ ਰੰਗ ਨੇ , ਇੱਥੇ ਕੋਈ ਔਲਾਦ ਦਾ ਮੂੰਹ ਦੇਖਣ ਨੂੰ ਤਰਸਦਾ ਹੈ , ਤੇ ਕੋਈ ਔਲਾਦ ਦਾ ਸਤਾਇਆ ਆਪਣੇ ਹੱਥੀਂ ਵਸਾਏ ਭਰੇ ਭੁਕੰਨੇ ਘਰ-ਬਾਰ ਛੱਡਣ ਲਈ ਮਜ਼ਬੂਰ ਐ , ਔਲਾਦ ਭਾਵੇਂ ਚੰਗੀ ਹੋਵੇ ਜਾ ਮਾੜੀ , ਪਰ ਔਲਾਦ ਬਿਨਾਂ ਜੱਗ ਵਿੱਚ ਸੀਰ ਵੀ ਤਾਂ ਨਹੀਂ ਹੁੰਦਾ ” । ’ਜੱਗ ਵਿੱਚ ਸੀਰ’ ਵਾਲੀ ਗੱਲ ਸ਼ੋਚ ਕੇ ਉਨਾਂ ਮਨ ਫਿਰ ਢੇਰੀ ਢਾਹ ਬਹਿੰਦਾ ।ਔਲਾਦ ਦਾ ਸੱਖਣਾ ਪਣ ਬੁਢੇਪੇ ਵਾਰੀ ਉਨਾਂ ਦੀ ਜ਼ਿੰਦਗੀ ’ਤੇ ਬੋਝ ਬਣਦਾ ਜਾ ਰਿਹਾ ਸੀ । ਔਲਾਦ ਨਾ ਹੋਣ ਦੇ ਸੰਸੇ-ਝੋਰੇ ਦੀ ਮਾਰੀ ਜੈਬੂ ਦੀ ਪਤਨੀ ਦਿਨੋਂ-ਦਿਨ , ਵਿੱਚੋ-ਵਿੱਚ ਖੁਰਦੀ ਗਈ । ਆਖਰ ਇੱਕ ਦਿਨ ਇਹ ਝੋਰਾ ਉਸ ਦੀ ਜਾਨ ਲੈ ਗਿਆ ।ਪਤਨੀ ਦੇ ਇਸ ਜਹਾਨੋਂ ਤੁਰ ਜਾਣ ਤੋਂ ਬਾਅਦ ਜੈਬੂ ਦੇ ਘਰ ਵਿਹੜਾ ਜਮਾਂ ਖਾਲੀ ਹੋ ਗਿਆ ਸੀ ।ਇੱਕ ਔਲਾਦ ਨਾ ਹੋਣ ਦਾ ਝੋਰਾ ’ਤੇ ਦੂਜਾ ਪਤਨੀ ਦੇ ਤੁਰ ਜਾਣ ਦਾ ਦੁੱਖ ਜੈਬੂ ਦੀ ਜ਼ਿੰਦਗੀ ਦੀ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਕਰ ਗਿਆ । ਥੋਹਰਾਂ ਦੇ ਡੰਡਿਆਂ ਵਰਗੀ ਹੋ ਚੁੱਕੀ ਜੈਬੂ ਦੀ ਜ਼ਿੰਦਗੀ ਵਿੱਚ ਹੁਣ ਸਿਵਾਏ ਕੰਡਿਆਂ ਦੇ ਹੋਰ ਕੁੱਝ ਨਹੀਂ ਸੀ ਬਚਿਆ । ਉਸ ਦੀ ਹਾਲਤ ‘ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ’ ਵਰਗੀ ਹੋਈ ਪਈ ਸੀ , ਉਹ ਨਾ ਤਾਂ ਮਰ ਸਕਦਾ ਸੀ , ’ਤੇ ਨਾ ਹੀ ਜਿੰਦਗੀ ਜਿਊਣ ਦੀ ਕੋਈ ਚਿਣਗ ਉਸ ਵਿੱਚ ਬਾਕੀ ਬਚੀ ਸੀ । ਪਰ ਫਿਰ ਵੀ ਉਹ ਔਖਾ-ਸੌਖਾ ਜ਼ਿੰਦਗੀ ਦੀ ਗੱਡੀ ਰੋੜਨ ਲਈ ਮਜ਼ਬੂਰ ਸੀ ।ਕਿਉਂਕਿ ਜਦੋਂ ਤੋਂ ਜੈਬੂ ਦੀ ਪਤਨੀ ਉਸ ਨੂੰ ਇੱਕਲਿਆਂ ਛੱਡ ਕੇ ਤੁਰ ਗਈ ਸੀ , ਉਦੋਂ ਤੋਂ ਉਸ ਨੂੰ ਇਸ ਜ਼ਿੰਦਗੀ ਵਿੱਚ ਕੋਈ ਰਸ ਨਹੀਂ ਸੀ ਰਿਹਾ । ਉਸ ਦੀ ਪਤਨੀ ਦੇ ਇਸ ਜਹਾਨੋਂ ਤੁਰ ਜਾਣ ਤੋਂ ਬਾਅਦ ਕੁੱਝ ਦਿਨ ਤਾਂ ਸ਼ਰੀਕੇ ’ਤੇ ਗਲੀ ਗੁਆਂਢ ਦੀਆਂ ਔਰਤਾਂ ਉਸ ਨੂੰ ਦੋ ਮੰਨੀਆਂ ਫੜਾਉਂਦੀਆਂ ਰਹੀਆਂ , ਪਰ ਕੁੱਝ ਦਿਨਾਂ ਮਗਰੋਂ ਉਹ ਵੀ ਨੱਕ-ਬੁੱਲ ਕੱਢਣ ਲੱਗ ਪਈਆਂ ।ਉਨਾਂ ਦੇ ਇਸ ਵਰਤਾਰੇ ਨੂੰ ਜੈਬੂ ਵੀ ਚੰਗੀ ਤਰਾਂ ਸਮਝਦਾ ਸੀ । ਰੋਜ਼-ਰੋਜ਼ ਦੇ ਨੱਕ ਬੁੱਲ ਕਢਾਉਣ ਨਾਲੋਂ ਥੱਕ ਹਾਰ ਕੇ ਉਸਨੇ ਆਪ ਹੀ ਚੁੱਲੇ ਵਿੱਚ ਫੂਕਾਂ ਮਾਰਨੀਆਂ ਸੁਰੂ ਕਰ ਦਿੱਤੀਆਂ ।ਪਰ ਔਰਤਾਂ ਵਾਲੇ ਆਹਰ-ਪਾਹਰ ਦੇ ਕੰਮ ਭਲਾਂ ਮਰਦ ਕਿੰਨਾਂ ਕੁ ਚਿਰ ਕਰ ਸਕਦੇ ਨੇ ।ਜਦੋਂ ਉਸ ਤੋਂ ਆਪਣੀਆਂ ਦੋ ਮੰਨੀਆਂ ਵੀ ਨਾ ਥੱਪੀਆਂ ਗਈਆਂ , ਤਾਂ ਉਸ ਨੇ ਅੱਕੇ ਹੋਏ ਮਨ ਨਾਲ ਚੁੱਲੇ ਦੀਆਂ ਅੱਧ ਮੱਚੀਆਂ ਪਾਥੀਆਂ ’ਤੇ ਅੱਗ ਮਚਾਉਣ ਵਾਲੀ ਫੂਕਣੀ ਪਰਾਂ ਵਗਾਹ ਮਾਰੀ ।ਭਾਵੇਂ ਇਸ ਤਰਾਂ ਕਰਕੇ ਉਸ ਨੇ ਚੁੱਲੇ ਦੀ ਅੱਗ ਤੋਂ ਤਾਂ ਛੁੱਟਕਾਰਾ ਪਾ ਲਿਆ , ਪਰ ਪੇਟ ਦੀ ਅੱਗ ਭਾਂਬੜ ਬਣ-ਬਣ ਕੇ ਉੱਠਦੀ ਰਹਿੰਦੀ । ਪੇਟ ਦੀ ਭੁੱਖ ਦੇ ਭਾਂਬੜਾਂ ਦੀਆਂ ਲਾਟਾਂ ਵਿੱਚੋਂ ਉਸ ਨੂੰ ਆਪਣੀ ਵਿੱਛੜ ਚੁੱਕੀ ਪਤਨੀ ਦਾ ਧੂੰਆਂਖਿਆ ਚੇਹਰਾ ਦਿਖਾਈ ਦੇਣ ਲੱਗ ਪੈਂਦਾ , ਤੇ ਉਸਦੇ ਦਰਦ ਵਿਛੋੜੇ ਦੀ ਤੰਦ ਮੋਈ ਪਤਨੀ ਦੇ ਖਿਆਲਾਂ ਨਾਲ ਜਾ ਜੁੜਦੀ ।ਪਤਨੀ ਦੀਆਂ ਸ਼ੋਚਾਂ ਵਿੱਚ ਗੁਆਚਿਆ ਉਹ ਸ਼ੋਚਣ ਲੱਗ ਪੈਂਦਾ ਕਿ, ਉ ਕਿੰਨੀ ਚੰਗੀ ਹੁੰਦੀ ਸੀ ਵਿਚਾਰੀ ਗੇਜੋ , ਮਜਾਲ ਐ ਕਦੇ ਰੋਟੀ ਪਾਣੀ ਦੀ ਸੇਵਾ ਤੋਂ ਆਨਾ-ਕਾਨੀ ਕਰਦੀ ਹੋਵੇ , ਜਦੋਂ ਵੀ ਮੈਂ ਥੱਕਿਆਂ ਟੁੱਟਿਆ ਘਰ ਪਰਤਦਾ ਤਾਂ ਉਹ ਘਰ ਆਏ ਨੂੰ ਚੰਗਾ ਅੰਨ ਪਾਣੀ ਪਰੋਸ ਕੇ ਧਰਦੀ , ਜਿੰਨਾਂ ਚਿਰ ਮੈਂ ਘਰ ਨਾਂ ਆਉਂਦਾ ਤਾਂ ਉਹ ਬੂਹੇ ਵੱਲ ਹੀ ਵੇਖੀ ਜਾਂਦੀ , ਘਰ ਆਏ ਨੂੰ ਪਹਿਲਾਂ ਮੈਨੂੰ ਰੋਟੀ ਦਿੰਦੀ , ਤੇ ਮਗਰੋਂ ਉਹ ਆਪ ਛੱਕਦੀ , ਤਾਂਹੀ ਤਾਂ ਸਿਆਣੇ ਕਹਿੰਦੇ ਨੇ ਕਿ ਔਰਤਾਂ ਬਿਨਾਂ ਤਾਂ ਘਰ ਸਮਸ਼ਾਨ ਘਾਟ ਵਰਗਾ ਹੁੰਦੈ , ਨਿਰਾ ਸਮਸਾਨ ਘਾਟ ” ।ਇਸੇ ਖਿਆਲਾਂ ’ਚ ਡੁੱਬੇ ਜੈਬੂ ਦੀ ਨਜ਼ਰ ਜਦੋਂ ਘਰ ਦੇ ਸੁੰਨੇ ਵਿਹੜੇ ਵੱਲ ਜਾਂਦੀ ਤਾਂ ਘਰ ਵਿੱਚ ਚੜਿਆ ਗਿੱਠ-ਗਿੱਠ ਕੂੜਾ ਦੇਖ ਕੇ ਉਸਦੀਆਂ ਅੱਖਾਂ ਦੇ ਹੰਝੂ ਆਪ ਮੁਹਾਰੇ ਵੱਗ ਪੈਂਦੇ ।ਫਿਰ ਉਹ ਆਪਣੇ ਦੁੱਖੀ ਮਨ ਨਾਲ ਦੁੱਖਾਂ ਦਾ ਹੋਰ ਰਾਗ ਛੇੜ ਬਹਿੰਦਾ ਕਿ ਉ ਔਰਤਾਂ ਤਾਂ ਘਰਾਂ ਦਾ ਸਿੰਗਾਰ ਹੁੰਦੀਆਂ ਨੇ ਸਿੰਗਾਰ , ਪਰ ਜਿਉਂਦੇ ਜੀਅ ਬੰਦਾ ਔਰਤ ਦਾ ਕਦਰਦਾਨ ਨਹੀਂ ਬਣਦਾ , ਬੰਦਾ ਤਾਂ ਬੱਸ ਐਵੇਂ ਆਪਣੇ ਮਰਦਾਊ ਪੁਣੇ ਦੀ ਧੌਂਸ ਵਿੱਚ ਹੀ ਭੂਸਰਿਆ ਫਿਰਦਾ ਰਹਿੰਦੈ , ਪਤਾ ਉਦੋਂ ਲੱਗਦੈ ਜਦੋਂ ਜੀਵਨ ਸਾਥੀ ੩੩੩ ” । ਇਹ ਸ਼ੋਚ ਕੇ ਉਸਦੀ ਧਾਹ ਨਿੱਕਲ ਜਾਂਦੀ । ਪਰ ਮਰ ਚੁੱਕੀ ਪਤਨੀ ਦਾ ਇਹ ਖਿਆਲ , ਘਰ ਦਾ ਸੁੰਨਾ ਵਿਹੜਾ ’ਤੇ ਰੋਟੀ ਮੁਹਤਾਜ਼ੀ ਉਸ ਨੂੰ ਹੋਰ ਵੀ ਉਦਾਸ ਕਰ ਜਾਂਦੀ , ਤੇ ਆਪਣੇ ਉੱਜੜੇ ਘਰ ਦਾ ਉਦਰੇਵਾਂ ਉਸ ਦੇ ਹੱਡਾਂ ਦੀ ਚੀਸ਼ ਵਿੱਚ ਬਦਲ ਜਾਂਦਾ ।ਇਸ ਚੀਸ ਭਰੀ ਪੀੜ ਨੂੰ ਭੁਲਾਉਣ ਲਈ ਉਹ ਬਾਹਰ ਹਥਾਈ ਦਰਵਾਜੇ ਜਾ ਕੇ ਬੈਠ ਜਾਂਦਾ ।ਪਰ ਸੱਤ ਪਹਾੜੇ ਦਿਨ ਉਸ ਦੇ ਮੂਹਰੇ ਪਹਾੜ ਵਾਂਗ ਅੜ ਕੇ ਖੜ ਜਾਂਦਾ ।ਨਾਲੇ ਉਹ ਹੁਣ ਹੋਰ ਕਿੰਨਾਂ ਕੁ ਚਿਰ ਬਿਗਾਨੀਆਂ ਤੀਵੀਂਆਂ ਦੇ ਹੱਥਾਂ ਵੱਲ ਦੇਖਦਾ ਰਹਿੰਦਾ । ਅਖੀਰ ਚਾਰ ਗੁੱਲੀਆਂ ਦਾ ਬੰਦੋਬਸਤ ਤਾਂ ਕਰਨਾ ਹੀ ਪੈਣਾ ਸੀ ।ਕੁੱਝ ਦਿਨ ਤਾਂ ਉਹ ਜਿਮੀਦਾਰਾਂ ਦੇ ਖੇਤਾਂ ਵਿੱਚ ਦਿਹਾੜੀ-ਦੱਪਾ ਕਰਨ ਲਈ ਜਾਂਦਾ ਰਿਹਾ , ਪਰ ਹੁਣ ਉਸਦੇ ਕਮਜੋਰ ਹੱਡਾਂ ਵਿੱਚ ਉਹ ਤਾਕਤ ਨਹੀਂ ਰਹੀ ਸੀ , ਕਿ ਉਹ ਸਾਰਾ ਦਿਨ ਜੱਟਾਂ ਦੇ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੁੰਦਾ ਰਹੇ । ਇੱਕ ਦਿਨ ਉਸਨੇ ਇਹ ਸ਼ੋਚ ਕੇ ਇੱਕ ਸਾਇਕਲ ਰੇਹੜੀ ਦਾ ਬੰਦੋਬਸਤ ਕਰ ਲਿਆ , ਕਿ ਉਚਲੋ ਨਾਲੇ ਤਾਂ ਆਹਰੇ ਲੱਗੇ ਰਹਾਂਗੇ , ਨਾਲੇ ਰੋਟੀ ਜੋਗੇ ਚਾਰ ਛਿੱਲੜ ਕਮਾ ਲਿਆ ਕਰਾਂਗੇ , ਨਾਲੇ ਆਪਣੇ ਪੈਰ ਧੋਂਹਦੀ ਕੋਈ ਗੋਲੀ ਨਹੀਂ ਅਖਵਾਉਂਦੀ , ਖੇਤਾਂ ਵਿੱਚ ਹੱਡ ਤੁੜਾਉਣ ਨਾਲੋਂ ਤਾਂ ਇਹ ਆਪਦਾ ਕੰਮ ਹੀ ਚੰਗੈ , ਜਦੋਂ ਜੀਅ ਕੀਤਾ ਕਰ ਲਿਆ ਨਹੀਂ ਤਾਂ ਰਾਮ ਰਾਮ ੩ ” । ਪਰ ਉਸ ਦੇ ਇਹ ਸਾਇਕਲ ਰੇਹੜੀ ਖਰੀਦਣ ਨਾਲ ਉਸ ਨੂੰ ਇੱਕ ਹੋਰ ਨਵੀਂ ਸੱਮਸਿਆ ਪੈਦਾ ਹੋ ਗਈ , ਜਿਸ ਦਾ ਉਸ ਨੇ ਖਿਆਲ ਹੀ ਨਹੀਂ ਕੀਤਾ ਸੀ । ਜਿਸ ਮਜਬੀ ਸਿੱਖਾਂ ਦੇ ਮੁਹੱਲੇ ਵਿੱਚ ਉਸਦਾ ਘਰ ਸੀ , ਉਸ ਮੁਹੱਲੇ ਦੀਆਂ ਤੰਗ ਗਲੀਆਂ ਵਿੱਚੋਂ ਸਾਇਕਲ ਰੇਹੜੀ ਕਿਸੇ ਤਰਾਂ ਵੀ ਉਸਦੇ ਘਰ ਦੇ ਵਿਹੜੇ ਤੱਕ ਨਹੀਂ ਸੀ ਪਹੁੰਚ ਸਕਦੀ ।ਕਈ ਵਾਰ ਉਹ ਬਾਹਰ ਗਲੀ ਵਿੱਚ ਰੇਹੜੀ ਖੜੀ ਕਰਨ ਬਾਰੇ ਸ਼ੋਚਦਾ , ਤਾਂ ਉਸਨੂੰ ਚੋਰ-ਉਚੱਕਿਆਂ ਡਰ ਸਤਾਉਣ ਲੱਗ ਪੈਂਦਾ । ਉਸਦੇ ਮਨ ਵਿੱਚ ਡਰ ਦਾ ਇਹ ਖਿਆਲ ਬਣਿਆ ਰਹਿੰਦਾ ਕਿ ਉ ਕੀ ਇਤਬਾਰ ਐ ਬਈ ਕਿਸੇ ਦਾ , ਅੱਜ ਕੱਲ ਤਾਂ ਦੁਨੀਆਂ ਊਂਈਂ ਹਲਕੀ ਫਿਰਦੀ ਐ , ਕੀ ਪਤੈ ਕੋਈ ਬਲੈਕੀਆ-ਸਮੈਕੀਆ ਮੇਰੀ ਰੇਹੜੀ ਤੇ ਹੀ ਹੱਥ ਸਾਫ ਕਰ ਜਾਏ ”। ਮਨ ਦੀ ਇਸੇ ਜਕੋ-ਤਕੀ ਵਿੱਚ ਉਲਝੇ ਜੈਬੂ ਨੂੰ ਜਦੋਂ ਕੋਈ ਰਾਹ ਨਾ ਮਿਲਿਆ ਤਾਂ ਉਸ ਨੇ ਸ਼ੋਚਿਆ ਕਿ ਉਕਿਉਂ ਨਾ ਰਾਤ ਨੂੰ ਵੱਡੇ ਦਰਵਾਜੇ ਵਾਲੇ ਜਿਮੀਂਦਾਰ ਦੇ ਵਿਹੜੇ ਵਿੱਚ ਰੇਹੜੀ ਖੜੀ ਕਰ ਦਿਆਂ ਕਰਾਂ ”। ਇਹ ਸ਼ੋਚ ਕੇ ਉਹ ਵੱਡੇ ਦਰਵਾਜ਼ੇ ਵਾਲੇ ਜੱਟਾਂ ਦੇ ਘਰ ਪਹੁੰਚ ਗਿਆ । ਉਸ ਨੇ ਜਾ ਕੇ ਜੱਟਾਂ ਦੇ ਦਰਵਾਜੇ ਦੇ ਬੂਹੇ ਦਾ ਕੁੰਡਾ ਖੜਕਾਇਆ , ਤਾਂ ਕੁੰਡਾ ਖੜਕਣ ਦੀ ਅਵਾਜ਼ ਸੁਣਕੇ ਅੰਦਰੋਂ ਜਿਮੀਂਦਾਰਨੀ ਬਾਹਰ ਵੱਲ ਨੂੰ ਆਈ । ਜਿਮੀਦਾਰਨੀ ਨੂੰ ਸਾਹਮਣੇ ਖੜੀ ਦੇਖ ਕੇ ਉਸ ਨੇ ਜੱਕਦੇ-ਜੱਕਦੇ ਜਿਮੀਂਦਾਰਨੀ ਨੂੰ ਪੁੱਛ ਹੀ ਲਿਆ ਉ ਭਾਈ ਜੇ ਮੈਂ ਥੋਡੇ ਘਰੇਂ ਆਪਣੀ ਇਹ ਰੇਹੜੀ ਰਾਤ ਨੂੰ ਖੜਾ ਜਾਇਆਂ ਕਰਾਂ ਤਾਂ ਥੋਨੂੰ ਕੋਈ ਕੋਈ ’ਤਰਾਜ਼ ਤਾਂ ਨਈਂ ” । ਜੈਬੂ ਦਾ ਇਹ ਸਵਾਲ ਸੁਣ ਕੇ ਜਿਮੀਂਦਾਰਨੀ ਨੇ ਹਮਦਰਦੀ ਜਿਹੀ ਨਾਲ ਕਿਹਾ, ਉ ਲੈ ਸਾਨੂੰ ਕਾਹਦਾ ਇਤਰਾਜ਼ ਐ ਬਾਬਾ ਜੀ , ਸੁੱਖ ਨਾਲ ਬਥੇਰਾ ਵੱਡਾ ਵਿਹੜਾ ਖਾਲੀ ਪਿਆ , ਜਿੱਥੇ ਮਰਜ਼ੀ ਖੜਾ ਜਾਇਆ ਕਰ ਆਪਣੀ ਇਹ ਸਾਇਕਲ ਰੇਹੜੀ , ਤੇਰੀ ਰੇਹੜੀ ਨਾਲ ਕਿਹੜਾ ਜੈ ਖਾਣਿਆਂ ਦਾ ਕੋਈ ਥਾਂ ਚੱਕਿਆ ਜਾਂਦੈ ” । ਜਿਮੀਦਾਰਨੀਂ ਦਾ ਹਾਂ ਪੱਖੀ ਉੱਤਰ ਸੁਣ ਕੇ ਜੈਬੂ ਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਉਸਨੇ ਜ਼ਿੰਦਗੀ ਦੀ ਤੀਜੀ ਜੰਗ ਤਾਂ ਜਿੱਤ ਲਈ ਹੋਵੇ । ਹੁਣ ਉਹ ਸਾਰੇ ਦਿਨ ਦਾ ਸ਼ਾਇਕਲ ਰੇਹੜੀ ਦਾ ਭੰਨਿਆਂ ਥਕਾਇਆ ਜਦੋਂ ਸ਼ਾਮ ਨੂੰ ਘਰ ਮੁੜਦਾ , ਤਾਂ ਚੁੱਪ-ਚਾਪ ਜਿਮੀਂਦਾਰਾਂ ਦੇ ਵਿਹੜੇ ਵਿੱਚ ਆਪਣੀ ਸਾਇਕਲ ਰੇਹੜੀ ਖੜੀ ਕਰ ਕੇ ਉਨੀਂ ਪੈਰੀਂ ਆਪਣੇ ਘਰ ਨੂੰ ਵਾਪਿਸ ਮੁੜ ਜਾਂਦਾ । ਪਰ ਅੱਜ ਸ਼ਾਮ ਜਦੋਂ ਉਹ ਆਪਣੀ ਸਾਇਕਲ ਰੇਹੜੀ ਜਿਮੀਦਾਰਾਂ ਦੇ ਵਿਹੜੇ ਵਿੱਚ ਖੜਾ ਕੇ ਆਪਣੇ ਘਰ ਨੂੰ ਵਾਪਿਸ ਮੁੜਨ ਲੱਗਿਆ ਤਾਂ ਪਿੱਛੋਂ ਜਿਮੀਂਦਾਰਨੀ ਦੀ ਅਵਾਜ਼ ਉਹਦੇ ਕੰਨੀਂ ਪਈ ,ਉ ਮੈਂ ਕਿਹਾ , ਰੋਟੀ ਖਾ ਜਾਂਦੈ ਬਾਬਾ ਜੀ , ਪੱਕੀ ਪਈ ਐ ” । ਇਹ ਸੁਣਕੇ ਚਾਹੁੰਦੇ ਹੋਏ ਵੀ ਪਤਾ ਨਹੀਂ ਉਸ ਦੇ ਮੂੰਹੋਂ ਕਿਵੇਂ ਨਾਂਹ ਨਿਕਲ ਗਈ । ਉਹ ਹੌਲੀ ਜਿਹੀ ਅਵਾਜ਼ ਵਿੱਚ ਮਸਾਂ ਇੰਨਾਂ ਹੀ ਬੋਲ ਸਕਿਆ ਉ ਨਾਂਹ ਭਾਈ , ਰੋਟੀ ਤਾਂ ਮੈਂ ਘਰੇਂ ਜਾ ਕੇ ਖਾਊਂ ” । ਜਦੋਂ ਰੋਟੀ ਖਾਣ ਤੋਂ ਜਬਾਬ ਦੇ ਕੇ ਉਹ ਆਪਣੇ ਘਰ ਨੂੰ ਮੁੜਿਆ ਜਾ ਰਿਹਾ ਸੀ , ਤਾਂ ਜਾਂਦਾ-ਜਾਂਦਾ ਉਹ ਸ਼ੋਚਦਾ , ਉ ਐਵੈਂ ਮੂੰਹੋਂ ਨਾਂਹ ਨਿਕਲ ਗਈ ਚੰਦਰੀ , ਮਨਾਂ ਛੱਕ ਹੀ ਲੈਂਦਾ ਦੋ ਮੰਨੀਆਂ , ਭੁੱਖਾ ਢਿੱਡ ਧਾਫੜਿਆ ਜਾਂਦਾ , ਨਾਲੇ ਘਰੇ ਕਿਹੜਾ.........” ।

ਪਰ ਹੁਣ ਇਹ ਸਾਇਕਲ ਰੇਹੜੀ ਹੀ ਉਸ ਦਾ ਘਰ ਪਰਿਵਾਰ ਬਣ ਚੁੱਕੀ ਸੀ । ਉਹ ਆਪਣੀ ਸਾਇਕਲ ਰੇਹੜੀ ਨੂੰ ਪੂਰਾ ਸ਼ਿੰਗਾਰ-ਸਜਾ ਕੇ ਰੱਖਦਾ ਸੀ। ਸਾਇਕਲ ਰੇਹੜੀ ਨਾਲ ਬੰਨੀਆਂ ਡੋਰੀਆਂ-ਪਰਾਂਦੀਆਂ ’ਚੋਂ ਉਸ ਨੂੰ ਪਤਾ ਨਹੀਂ ਕਿਹੜੀ ਚੀਜ਼ ਦਾ ਝਾਉਲਾ ਜਿਹਾ ਪੈਂਦਾ ਸੀ , ਜਿਸ ਕਰਕੇ ਉਹ ਸਾਰਾ ਦਿਨ ਇਨਾਂ ਡੋਰੀਆਂ-ਪਰਾਂਦੀਆਂ ਨੂੰ ਨਿਹਾਰਦਾ ਰਹਿੰਦਾ । ਪਰ ਮਨ ਦੀ ਉਦਾਸੀ ਨੇ ਕਦੇ ਵੀ ਉਸ ਦਾ ਖਹਿੜਾ ਨਾ ਛੱਡਿਆ , ਮਨ ਤੇ ਛਾਈ ਉਦਾਸੀ ਨਾਲ ਉਹ ਸਾਰਾ ਦਿਨ ਸਾਇਕਲ ਰੇਹੜੀ ਤੇ ਲੋਕਾਂ ਦਾ ਸਮਾਨ ਇੱਧਰੋਂ-ਉੱਧਰ ’ਤੇ ਉੱਧਰੋਂ-ਇੱਧਰ ਢੋਂਦਾਂ ਰਹਿੰਦਾ । ਜਦੋਂ ਵੀ ਕਦੇ ਉਸ ਨੂੰ ਕੰਮ ਤੋਂ ਥੋੜੀ ਜਿਹੀ ਵਿਹਲ ਮਿਲਦੀ ਤਾਂ ਕੱਪੜਾ ਮਾਰ-ਮਾਰ ਕੇ ਉਹ ਸਾਇਕਲ ਰੇਹੜੀ ਨੂੰ ਸ਼ੱਜ਼ ਵਿਆਹੀ ਵਾਂਗ ਲਿਸ਼ਕਾ ਛੱਡਦਾ । ਰੇਹੜੀ ਦੇ ਚੱਕਿਆਂ ਨੂੰ ਰਤਾ ਵੀ ਮਿੱਟੀ ਨਾ ਲੱਗਣ ਦਿੰਦਾ , ਇਸ ਤਰਾਂ ਜਾਪਦਾ ਸੀ , ਜਿਵੇਂ ਉਹ ਰੇਹੜੀ ਦੇ ਚਮਕਦੇ ਚੱਕਿਆਂ ’ਚੋਂ ਜ਼ਿੰਦਗੀ ਦੀ ਚਮਕ ਤਲਾਸ਼ ਰਿਹਾ ਹੋਵੇ । ਭਾਵੇਂ ਕਿ ਹੁਣ ਉਸ ਦੀ ਹਾਲਤ ਹਨੇਰੀ-ਝੱਖੜ ਦੇ ਝੰਬੇ ਰੁੱਖਾਂ ਵਰਗੀ ਹੋ ਚੁੱਕੀ ਸੀ । ਪਰ ਫਿਰ ਵੀ ਉਹ ਰੇਹੜੀ ਦੇ ਚੱਕੇ ਵਾਂਗ ਜ਼ਿੰਦਗੀ ਦਾ ਚੱਕਾ ਘੁੰਮਾਉਣ ਦਾ ਯਤਨ ਕਰਦਾ ਰਹਿੰਦਾ ।ਕਈ ਵਾਰ ਤਾਂ ਉਹ ਆਪਣੇ ਸਾਥੀਆਂ ਨੂੰ ਕਹਿੰਦਾ ਕਿ ਉ ਮਿੱਤਰੋ , ਸੰਘਰਸ ਦਾ ਦੂਜਾ ਨਾਂ ਹੈ , ਜ਼ਿੰਦਗੀ ” । ਇਸੇ ਸ਼ੱਚਾਈ ਤੇ ਪਹਿਰਾ ਦਿੰਦਾ ਹੋਇਆ ਉਹ ਖੁਦ ਵੀ ਜੀਵਨ ਦੇ ਸੰਘਰਸ ਨਾਲ ਦੋ ਚਾਰ ਹੋ ਰਿਹਾ ਸੀ । ਅੱਜ ਸਾਰਾ ਦਿਨ ਢੋਆ-ਢੁਆਈ ਦਾ ਕੰਮ ਚੰਗਾ ਚੱਲਦਾ ਰਿਹਾ , ਸਾਰਾ ਦਿਨ ਸਾਇਕਲ ਰੇਹੜੀ ਚਲਾਉਣ ਕਾਰਨ ਉਸਦੀਆਂ ਲੱਤਾਂ ਬਾਹਵਾਂ ਦੀ ਬੱਸ ਹੋ ਚੁੱਕੀ ਸੀ ।ਉਹ ਸਾਰੇ ਦਿਨ ਦਾ ਥੱਕਿਆ ਹਾਰਿਆ ਰੇਹੜੀ ਨੂੰ ਘਸੀਟਦਾ ਮਸਾਂ ਹੀ ਜਿਮੀਦਾਰਾਂ ਦੇ ਘਰ ਤੱਕ ਪਹੁੰਚਿਆ , ਜਿੱਥੇ ਉਹ ਆਪਣੀ ਰੇਹੜੀ ਖੜਾਉਂਦਾ ਸੀ ।ਪਰ ਅੱਜ ਵੀ ਜਦੋਂ ਉਹ ਆਪਣੀ ਸਾਇਕਲ ਰੇਹੜੀ ਖੜੀ ਕਰਕੇ ਵਾਪਿਸ ਆਪਣੇ ਘਰ ਨੂੰ ਮੁੜਨ ਲੱਗਿਆ , ਤਾਂ ਜਿਮੀਦਾਰਨੀ ਦੀ ਉਹੀ ਅਵਾਜ਼ ਫਿਰ ਉਸ ਦੇ ਕੰਨੀ ਪਈ , ਜੋ ਉਸ ਨੇ ਅਜੇ ਦੋ ਦਿਨ ਪਹਿਲਾਂ ਹੀ ਸੁਣੀ ਸੀ । ਉ ਰੋਟੀ ਖਾ ਜਾਂਦੈ ਬਾਬਾ ਜੀ ” ।ਇਹ ਅਵਾਜ਼ ਸੁਣਕੇ ਉਸ ਨੇ ਮੋੜਵਾਂ ਉੱਤਰ ਦਿੰਦੇ ਹੋਏ ਕਿਹਾ ਉਹੈਂ ਭਾਈ , ਮੈਨੂੰ ਕਿਹਾ ਕੁਸ ” ।ਉ ਹਾਂ ਬਾਬਾ ਜੀ , ਥੋਨੂੰ ਹੀ ਕਿਹੈ , ਮੈਂ ਤਾਂ ਆਏਂ ਕਹਿੰਨੀ ਆਂ ਕਿ ਤੁਸੀਂ ਰੋਟੀ ਖਾ ਜਾਂਦੇ ” ਜਿਮੀਦਾਰਨੀਂ ਦੀ ਹਲੀਮੀ ਭਰੀ ਅਵਾਜ਼ ਨੇ ਉਸਦੇ ਕਦਮਾਂ ਨੂੰ ਰੁਕਣ ਲਈ ਮਜ਼ਬੂਰ ਕਰ ਦਿੱਤਾ । ਜਿਮੀਂਦਾਰਨੀ ਦਾ ਇਹ ਬੋਲ ਸੁਣਕੇ ਉਸ ਨੇ ਕੋਈ ਜੱਕੋ-ਤਕੀ ਜਿਹੀ ਨਾ ਕੀਤੀ , ਤੇ ਆਪਣੇ ਮਨ ਨਾਲ ਸਿੱਧਾ ਇੱਕ ਟੁੱਕ ਫੈਸਲਾ ਕਰਦੇ ਹੋਏ ਕਿਹਾ ਉਲਿਆ ਭਾਈ , ਛੱਕ ਲੈਂਦੇ ਹਾਂ ਦੋ ਮੰਨੀਆਂ , ਪਰਮਾਤਮਾ ਥੋਂਨੂੰ ਬਹੁਤਾ ਦੇਵੇ ” । ਇੰਨਾਂ ਕਹਿ ਕੇ ਉਹ ਬਾਹਰਲੇ ਬਰਾਂਡੇ ਦੀ ਕੰਧ ਨਾਲ ਢੋ ਲਾ ਕੇ ਬੈਠ ਗਿਆ । ਜਿਮੀਂਦਾਰਨੀ ਨੇ ਚਾਰ ਰੋਟੀਆਂ ਤੇ ਸ਼ਬਜ਼ੀ ਧਰ ਕੇ ਰੋਟੀਆਂ ਉਸ ਦੇ ਹੱਥਾਂ ਤੇ ਰੱਖ ਦਿੱਤੀਆਂ । ਰੱਜਵੀਂ ਰੋਟੀ ਖਾਣ ਤੋਂ ਬਾਅਦ ਉਸ ਨੇ ਮਨ ਹੀ ਮਨ ਢੇਰ ਸਾਰੀਆਂ ਅਸ਼ੀਸਾਂ ਉਸ ਜਿਮੀਂਦਾਰਨੀ ਨੂੰ ਦਿੱਤੀਆਂ । ਰੋਟੀ ਖਾ ਕੇ ਭਾਵੇਂ ਉਸ ਦੇ ਪੇਟ ਦੀ ਭੁੱਖ ਤਾਂ ਸਾਂਤ ਹੋ ਚੁੱਕੀ ਸੀ । ਪਰ ਬਿਨਾਂ ਕੰਮ ਤੋਂ ਜਿਮੀਂਦਾਰਾਂ ਦੇ ਘਰ ਉਸਨੂੰ ਰੋਟੀ ਖਾਣਾ ਚੰਗਾ ਨਾ ਲੱਗਿਆ । ਭਾਵੇਂ ਕਿ ਇਹ ਬਹੁ ਰੰਗੀ ਦੁਨੀਆਂ ਰੋਟੀ ਲਈ ਬਹੁ ਰੰਗੀਆਂ ਖੇਡਾਂ ਖੇਡਦੀ ਹੈ , ਪਰ ਜੈਬੂ ਤਾਂ ਕਿਰਤ ਦੀ ਖੇਡ ਦਾ ਖਿਡਾਰੀ ਸੀ , ਜੋ ਕਿਰਤ ਦੇ ਨੰਬਰਾਂ ਨਾਲ ਹੀ ਜਿੰਦਗੀ ਦੀ ਖੇਡ ਜਿੱਤਣ ਵਿੱਚ ਭਰੋਸਾ ਕਰਦਾ ਸੀ । ਭਾਵੇਂ ਕਿ ਉਹ ਮਜ਼ਬੂਰੀ ਵਿੱਚ ਫਸਿਆ ਹੁਣ ਬਿਨਾਂ ਕਿਸੇ ਝਿਜਕ ਦੇ ਸਵੇਰੇ-ਸ਼ਾਮ ਜਿਮੀਂਦਾਰਾਂ ਦੇ ਘਰ ਹੀ ਰੋਟੀ ਖਾਂਦਾ ਸੀ । ਪਰ ਉਸ ਨੂੰ ਉਸ ਰੋਟੀ ਵਿੱਚੋਂ ਕਿਰਤ ਦੀ ਰਤਾ ਵੀ ਖੁਸਬੋ ਨਾ ਆਉਂਦੀ , ਜਿਸ ਕਿਰਤ ਦੀ ਖੁਸ਼ਬੋ ਦਾ ਉਹ ਆਦੀ ਬਣ ਚੁੱਕਿਆ ਸੀ । ਇੱਕ ਦਿਨ ਜਦੋਂ ਜਿੰਮੀਂਦਾਰਾਂ ਦੇ ਘਰ ਮਿਸਤਰੀ ਲੱਗਿਆ ਹੋਇਆ ਸੀ , ਤਾਂ ਬੰਦਿਆਂ ਦੀ ਥੁੜ ਕਾਰਨ ਜਿਮੀਦਾਰਾਂ ਨੇ ਉਸ ਨੂੰ ਮਿਸਤਰੀ ਕੋਲ ਇਹ ਕਹਿ ਕੇ ਦਿਹਾੜੀ ਤੇ ਰੱਖ ਲਿਆ ਕਿ ਉ ਜੈਬੂ ਸਿੰਆਂ ਅੱਜ ਦਾ ਦਿਨ ਤਾਂ ਤੂੰ ਇੱਥੇ ਹੀ ਲਾ ਦੇ ਦਿਹਾੜੀ ”। ਦਿਹਾੜੀ ਦਾ ਕੰਮ ਭਾਵੇਂ ਉਸ ਨੂੰ ਔਖਾ ਲੱਗਦਾ ਸੀ , ਪਰ ਫਿਰ ਵੀ ਉਹ ਆਪਣੇ ਮੂੰਹੋਂ ਨਾਂਹ ਨਾ ਕਰ ਸਕਿਆ । ਸਾਰਾ ਦਿਨ ਉਹ ਇੱਟਾਂ ਤੇ ਗਾਰੇ ਦੇ ਭਰੇ ਬੱਠਲ ਮਿਸਤਰੀ ਨੂੰ ਫੜਾਉਂਦਾ ਰਿਹਾ । ਜਦੋਂ ਸ਼ਾਮ ਨੂੰ ਮਿਸਤਰੀ ਅਤੇ ਬਾਕੀ ਦਿਹਾੜੀਏ ਆਪਣੇ-ਆਪਣੇ ਘਰਾਂ ਨੂੰ ਚਲੇ ਗਏ , ਤਾਂ ਜੈਬੂ ਨੂੰ ਜਿਮੀਂਦਾਰਾਂ ਨੇ ਇਹ ਕਹਿ ਕੇ ਰੋਕ ਲਿਆ , ਕਿ ਉਤੂੰ ਤਾਂ ਰੋਟੀ ਖਾ ਕੇ ਜਾਈਂ ”। ਰੋਟੀ ਖਾ ਕੇ ਜਦੋਂ ਉਹ ਆਪਣੇ ਘਰ ਵਾਪਿਸ ਮੁੜਨ ਲੱਗਿਆ ਤਾਂ ਜਿਮੀਦਾਰਾਂ ਨੇ ਅੱਜ ਦੇ ਦਿਨ ਦੀ ਦਿਹਾੜੀ ਦੇ ਪੈਸੈ ਉਸਦੇ ਹੱਥਾਂ ਤੇ ਰੱਖਣੇ ਚਾਹੇ , ਪਰ ਜੈਬੂ ਨੇ ਪੈਸੈ ਲੈਣ ਤੋਂ ਨਾਂਹ ਕਰ ਦਿੱਤੀ । ਭਾਵੇਂ ਕਿ ਉਹ ਜਾਣਦਾ ਸੀ , ਕਿ ਉਹ ਇੱਕ ਦਿਹਾੜੀਦਾਰ ਬੰਦਾ ਹੈ , ਪਰ ਫਿਰ ਵੀ ਉਸ ਨੇ ਦਿਹਾੜੀ ਦੇ ਪੈਸੈ ਨਾ ਲਏ । ਭਾਵੇਂ ਕਿ ਅੱਜ ਉਹ ਬਿਨਾਂ ਦਿਹਾੜੀ ਕਮਾਏ ਆਪਣੇ ਘਰ ਨੂੰ ਵਾਪਿਸ ਮੁੜ ਰਿਹਾ ਸੀ । ਪਰ ਇੱਟਾਂ ਤੇ ਗਾਰੇ ਦੀ ਬੱਠਲਾਂ ਦੀ ਅਕੜਾਈ ਉਸਦੀ ਧੌਣ ਗਿੱਠ ਉੱਚੀ ਹੋ ਚੁੱਕੀ ਸੀ । ਜਾਂਦਾ-ਜਾਂਦਾ ਉਹ ਆਪਣੇ ਕਿਰਤੀ ਹੱਥਾਂ ਵੱਲ ਇਸ ਤਰਾਂ ਦੇਖ ਰਿਹਾ , ਜਿਵੇਂ ਇੰਨਾਂ ਹੱਥਾਂ ਨੇ ਅੱਜ ਸ਼ੱਚ-ਮੁੱਚ ’ਰੋਟੀ ਦਾ ਮੁੱਲ’ ਤਾਰ ਦਿੱਤਾ ਹੋਵੇ ।

---

# ਭਵਿੱਖ

## - ਕਾਂਤਾ ਕੌਰ ਧਰਮਪੁਰਾ

ਪੇਪਰ ਚੱਲ ਰਿਹਾ ਸੀ। ਸਰ ਆਪਣੀ ਡਿਊਟੀ ਦੇ ਰਹੇ ਸੀ। ਵਿਦਿਆਰਥੀ ਪੇਪਰ ਕਰ ਰਹੇ ਸੀ। ਦੋ ਘੰਟੇ ਬੀਤ ਜਾਣ ਪਿੱਛੋਂ ਇੱਕ ਹੋਰ ਸਰ ਅੰਦਰ ਆਏ ਅਤੇ ਵਿਦਿਆਰਥੀਆਂ ਨੂੰ ਪੇਪਰ ਕਰਵਾਉਣ ਲੱਗੇ । ਉਹ ਦੋ ਨੰਬਰਾਂ ਵਾਲੇ ਪ੍ਰਸ਼ਨ ਕਰਵਾ ਰਹੇ ਸੀ। ਇਹ ਵੇਖ ਕਿ ਮੇਥੋਂ ਰਿਹਾ ਨਾ ਗਿਆ । ਮੈ ਬਹੁਤ ਨਿਮਰਤਾ ਭਰਪੂਰ ਨਾਲ ਕਿਹਾ ਪਲੀਜ਼ ਸਰ ਨਕਲ ਨਾ ਕਰਵਾਓ । ਪੰਜਾਬੀ ਦਾ ਤਾਂ ਪੇਪਰ ਐ ਸਰ । ਸਰ ਮੇਰੇ ਕੋਲ ਆਏ ਕਹਿਣ ਲੱਗੇ ਕਿਉਂ ਰਾਜੇ ਫਿਰ ਕੀ ਹੁੰਦਾ ? ਇਹ ਵੀ ਪਾਸ ਹੋ ਜਾਣਗੇ।ਇਹਨਾਂ ਦਾ ਵੀ ਭਵਿੱਖ ਬਣ ਜੂ । ਨਹੀਂ ਸਰ ਜੀ ਤੁਸੀਂ ਭਵਿੱਖ ਬਣਾ ਨਹੀਂ ਖ਼ਰਾਬ ਕਰ ਰਹੇ ਹੋ , ਸਰ ਇਹ ਬਿਲਕੁਲ ਕੰਮ ਚੋਰ ਹੋ ਜਾਣਗੇ , ਸਰ ਇਹ ਕਦੇ ਮਿਹਨਤ ਨਹੀਂ ਕਰਨਗੇ। ਪਲੀਜ਼ ਸਰ ਬਸ ਬੇਨਤੀ ਹੀ ਐ ਜੀ। ਮੇਰੇ ਇਹ ਕਹਿਣ ਪਿੱਛੋਂ ਸਰ ਕੁੱਝ ਸਮੇਂ ਬਾਅਦ ਬਾਹਰ ਚਲੇ ਗਏ। ਜਦੋਂ ਮੈਂ ਪੇਪਰ ਕਰ ਕਿ ਬਾਹਰ ਆਈ ਤਾਂ ਕੁਝ ਕੁੜੀਆਂ ਮੇਰੇ ਵੱਲ ਕੌੜਾ - ਕੌੜਾ ਝਾਕਦੀਆਂ ਹੋਈਆਂ ਘੁਸਰ ਮੁਸਰ ਕਰ ਰਹੀਆਂ ਸੀ, ਕਿ ਜੇਕਰ ਅੱਜ ਇਹ ਕੁੜੀ ਨਾ ਬੋਲਦੀ ਤਾਂ ਸਰ ਆਪਾਂ ਨੂੰ ਸਾਰਾ ਪੇਪਰ ਕਰਵਾ ਜਾਂਦੇ। ਇਕ ਤੀਖੇ ਜਿਹੇ ਨੱਕ ਵਾਲੀ ਕੁੜੀ ਬੋਲੀ ਹਾਂ ਯਾਰ ਉਹ ਮੋਟਾ ਜਾ ਸਰ ਆਇਆ ਤਾਂ ਸੀ ਪਰ ..... । ਫਿਰ ਮੈਨੂੰ ਵੇਖ ਕੇ ਉਹ ਕੁੜੀ ਚੁੱਪ ਹੋ ਗਈ।ਉਹਨਾ ਦੇ ਮੂਹੋਂ ਸਰ ਲਈ ਵਰਤੇ ਭੱਦੇ ਸ਼ਬਦ ਸੁਣ ਕਿ ਮੈਂ ਸੋਚਣ ਲਈ ਮਜ਼ਬੂਰ ਹੋ ਗਈ ਕਿ ਸਰ ਤਾਂ ਇਹਨਾਂ ਦੇ ਭਵਿੱਖ ਲਈ ਸੋਚਦੇ ਸੀ ਤੇ ਇਹ ਉਨਾਂ ਦੀਆਂ ਗੁੱਸੇ ਭਰੀਆ ਨਜ਼ਰਾਂ ਵੱਲ ਵੇਖ ਕਿ ਮੈਂਨੂੰ ਇੰਝ ਲੱਗਿਆ ਜਿਵੇਂ ਕਹਿ ਰਹੀਆਂ ਹੋਣ ਤੂੰ ਸਾਡਾ ਭਵਿੱਖ ਖ਼ਰਾਬ ਕੀਤਾ ਹੈ। ਮੈ ਸਹੀ ਸੀ ਜਾਂ ਗ਼ਲਤ ਸੋਚਦੀ ਹੋਈ ਕਾਲਜ ਦਾ ਗੇਟ ਲੰਘ ਆਉਂਦੀ ਹਾਂ।

## ਪਾਣੀਆਂ ਦਾ ਮਸਲਾ

# ਨਵੇਂ ਟ੍ਰਿਬਿਊਨਲ ਦੀ ਮੰਗ ਪੰਜਾਬ ਨਾਲ ਇਕ ਹੋਰ ਵੱਡਾ ਧੋਖਾ

**- ਡਾ. ਨਰਿੰਦਰ ਸਿੰਘ ਸੰਧੂ**
**- ਡਾ. ਧਰਮਵੀਰ ਗਾਂਧੀ**

ਪੰਜਾਬ ਸਰਕਾਰ ਵੱਲੋਂ 23 ਜਨਵਰੀ ਨੂੰ ਪਾਣੀਆਂ ਬਾਰੇ ਕੀਤੀ ਗਈ ਸਰਬ ਪਾਰਟੀ ਮੀਟਿੰਗ ਆਖਰਕਾਰ ਪੰਜਾਬ ਵਿਰੋਧੀ ਹੀ ਹੋ ਨਿੱਬੜੀ। ਮੀਟਿੰਗ ਵੱਲੋਂ ਇਹ ਦੁਹਾਈ ਪਾ ਕੇ, 'ਹੁਣ ਪੰਜਾਬ ਕੋਲ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਦੇਣ ਲਈ ਫਾਲਤੂ ਪਾਣੀ ਨਹੀਂ ਹੈ, ਇਸ ਲਈ ਪਾਣੀਆਂ ਦੀ ਵੰਡ ਲਈ ਨਵਾਂ ਟ੍ਰਿਬਿਊਨਲ ਬਣਾਇਆ ਜਾਵੇ' ਦੀ ਕੀਤੀ ਗਈ ਮੰਗ ਨਾ ਸਿਰਫ਼ ਪੰਜਾਬ ਵਿਰੋਧੀ ਹੈ, ਸਗੋਂ ਪੂਰੀ ਤਰਾਂ ਗ਼ੈਰ ਸੰਵਿਧਾਨਕ ਅਤੇ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਦੇ ਬਰਾਬਰ ਵੀ ਹੈ। ਇਹ ਪੰਜਾਬ ਦੇ ਲੋਕਾਂ ਨਾਲ ਇਕ ਹੋਰ ਬਹੁਤ ਵੱਡਾ ਧੋਖਾ ਹੈ ਜੋ ਕੈਪਟਨ ਸਰਕਾਰ ਵੱਲੋਂ ਦਿੱਲੀ ਦਰਬਾਰ ਨੂੰ ਖ਼ੁਸ਼ ਕਰਨ ਦੀ ਸਾਜ਼ਿਸ਼ ਹੈ।

ਦਰਿਆਈ ਪਾਣੀਆਂ 'ਤੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਤੋਂ ਹੀ ਪੰਜਾਬ ਨਾਲ ਧੱਕਾ ਕੀਤਾ ਗਿਆ ਹੈ ਤੇ ਪੰਜਾਬ ਦੇ ਕੁਦਰਤੀ ਸੋਮੇ ਪਾਣੀ ਵਿਚੋਂ ਧੱਕੇ ਨਾਲ ਬਿਨਾਂ ਕੋਈ ਮੁੱਲ ਦਿੱਤੇ ਮੁਫ਼ਤ ਵਿਚ ਗ਼ੈਰ ਰਿਪੇਰੀਅਨ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਅਤੇ ਬਿਜਲੀ ਦੇ ਕੇ ਪੰਜਾਬ ਨੂੰ ਆਰਥਿਕ ਪੱਖੋਂ ਕੰਗਾਲ ਹੀ ਨਹੀਂ ਕੀਤਾ ਹੈ, ਸਗੋਂ ਪੰਜਾਬ ਦੇ ਕਿਸਾਨਾਂ ਨੂੰ ਟਿਊਬਵੈੱਲਾਂ 'ਤੇ ਨਿਰਭਰ ਬਣਾ ਕੇ ਕਰਜ਼ਈ ਬਣਾਇਆ ਹੈ ਅਤੇ ਖ਼ੁਦਕਸ਼ੀਆਂ ਕਰਨ ਲਈ ਮਜਬੂਰ ਵੀ ਕੀਤਾ ਹੈ। ਸਿੱਟੇ ਵਜੋਂ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਤੇ ਲਗਪਗ ਤਿੰਨ-ਚੌਥਾਈ ਪੰਜਾਬ ਡਾਰਕ ਜ਼ੋਨ ਵਿਚ ਆ ਗਿਆ ਹੈ। ਨਾਸਾ ਦੀ ਇਕ ਰਿਪੋਰਟ ਮੁਤਾਬਕ ਅਗਲੇ ਪੰਦਰਾਂ ਕੁ ਸਾਲਾਂ ਵਿਚ ਹੀ ਪੰਜਾਬ ਮਾਰੂਥਲ ਬਣਨ ਜਾ ਰਿਹਾ ਹੈ ਅਤੇ ਸੂਬੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਲਈ ਪੰਜਾਬ ਵਿਚੋਂ ਹਿਜਰਤ ਕਰਨੀ ਪੈ ਸਕਦੀ ਹੈ।

ਦਰਿਆਈ ਪਾਣੀਆਂ ਦੇ ਮਾਮਲੇ ਵਿਚ ਰਿਪੇਰੀਅਨ ਹੱਕ ਦਾ ਮਤਲਬ ਹੈ ਕਿ ਪਾਣੀ ਜਿਸ ਜ਼ਮੀਨ ਵਿਚੋਂ ਕੁਦਰਤੀ ਤੌਰ 'ਤੇ ਵਹਿੰਦਾ ਹੈ, ਉਸਦੀ ਵਰਤੋਂ ਕਰਨ ਦਾ ਅਧਿਕਾਰ ਉਸ ਜ਼ਮੀਨ ਦੇ ਮਾਲਕਾਂ ਦਾ ਹੈ। ਪੰਜਾਬ ਦੇ ਤਿੰਨੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਕਿਧਰੇ ਵੀ ਰਾਜਸਥਾਨ, ਹਰਿਆਣਾ ਜਾਂ ਦਿੱਲੀ ਵਿਚ ਵਹਿੰਦੇ ਤਾਂ ਛੱਡੋ ਮੀਲਾਂ ਤਕ ਕਿਧਰੇ ਛੂੰਹਦੇ ਵੀ ਨਹੀਂ ਅਤੇ ਇਹ ਸੂਬੇ ਇਨਾਂ ਦਰਿਆਵਾਂ ਦੇ ਰਿਪੇਰੀਅਨ ਸੂਬੇ ਨਹੀਂ ਬਣਦੇ। ਪਰ ਜਿੱਥੇ ਸੂਬੇ ਦੀ ਲੀਡਰਸ਼ਿਪ ਸੁਆਰਥੀ ਤੇ ਬੇਈਮਾਨ ਹੋਵੇ ਉੱਥੇ ਘੱਟ ਗਿਣਤੀਆਂ ਤੇ ਕੰਮਜ਼ੋਰਾਂ ਲਈ ਇਨਸਾਫ਼ ਦੀ ਉਮੀਦ ਵੀ ਕਿਵੇਂ ਕੀਤੀ ਜਾ ਸਕਦੀ ਹੈ ? ਲੀਡਰਸ਼ਿਪ ਦੀਆਂ ਬੇਈਮਾਨੀਆਂ ਅਤੇ ਧੋਖਿਆਂ ਕਾਰਨ ਪੰਜਾਬ ਨੇ ਹਮੇਸ਼ਾਂ ਹੀ ਧੋਖਾ ਖਾਧਾ ਹੈ। ਹੁਣ ਫਿਰ ਇਕ ਵੱਡਾ ਧੋਖਾ ਹੋਣ ਜਾ ਰਿਹਾ ਹੈ। ਪੰਜਾਬੀਆਂ ਨੂੰ ਸਾਵਧਾਨ ਹੋਣ ਦੀ ਲੋੜ ਹੈ।

ਸਰਬ ਪਾਰਟੀ ਮੀਟਿੰਗ ਵੱਲੋਂ ਪਾਣੀ ਦੀ ਵੰਡ ਲਈ ਨਵਾਂ ਟ੍ਰਿਬਿਊਨਲ ਬਣਾਉਣ ਦੀ ਮੰਗ ਕਿੰਨੀ ਪੰਜਾਬ ਵਿਰੋਧੀ ਹੈ, ਇਸਨੂੰ ਸਮਝਣ ਲਈ 1986 ਵਿਚ ਕੇਂਦਰ ਵੱਲੋਂ ਇਰਾਡੀ ਟ੍ਰਿਬਿਊਨਲ ਬਣਾਉਣ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ ਦੀਆਂ ਪਰਤਾਂ ਫਰੋਲਣ ਅਤੇ ਉਸ ਟ੍ਰਿਬਿਊਨਲ ਦੇ ਪੰਜਾਬ ਵਿਰੋਧੀ ਫ਼ੈਸਲਿਆਂ ਨੂੰ ਸਮਝਣ ਦੀ ਲੋੜ ਹੈ।



ਸੰਵਿਧਾਨ ਦੇ ਗਿਆਰਵੇਂ ਭਾਗ ਵਿਚ 'ਸੰਘ ਅਤੇ ਰਾਜਾਂ ਦਰਮਿਆਨ ਸਬੰਧਾਂ' ਦੇ ਸਿਰਲੇਖ ਅਧੀਨ ਧਾਰਾ 246 ਵਿਚ ਸੰਸਦ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵੱਲੋਂ ਕਾਨੂੰਨ ਬਣਾਉਣ ਲਈ ਇਸ ਵਿਚ ਵੱਖ-ਵੱਖ ਵਿਸ਼ਿਆਂ ਦੀ ਵੰਡ ਦਾ ਵੇਰਵਾ ਦਿੱਤਾ ਗਿਆ ਹੈ। ਧਾਰਾ 262 ਦੀ ਕਲਾਜ (3) ਵਿਚ ਦਰਸਾਇਆ ਗਿਆ ਹੈ ਕਿ 'ਕਲਾਜ (1) ਅਤੇ (2) ਦੀਆਂ ਬੰਦਸ਼ਾਂ ਅਧੀਨ, ਸੱਤਵੀਂ ਅਨੁਸੂਚੀ ਦੀ ਦੂਜੀ ਲਿਸਟ (ਸੰਵਿਧਾਨ ਵਿਚ ਸਟੇਟ ਲਿਸਟ ਵਜੋਂ ਜ਼ਿਕਰ ਕੀਤੀ ਗਈ) ਵਿਚ ਦਰਜ ਕੀਤੇ ਕਿਸੇ ਵੀ ਮੁੱਦੇ ਬਾਰੇ ਉਸ ਰਾਜ ਜਾਂ ਉਸਦੇ ਕਿਸੇ ਹਿੱਸੇ ਲਈ ਕਾਨੂੰਨ ਬਣਾਉਣ ਦੀਆਂ ਰਾਜ ਦੀ ਵਿਧਾਨਪਾਲਿਕਾ ਕੋਲ ਸਿਰਫ਼ (ਵਸ਼ਿਸ਼ਟ) ਸ਼ਕਤੀਆਂ ਹਨ।' ਯਾਨੀ ਕਿ ਕਿਸੇ ਇਕ ਸੂਬੇ ਵਿਚ ਵਹਿਣ ਵਾਲੇ ਦਰਿਆਵਾਂ ਬਾਰੇ ਕਾਨੂੰਨ ਬਣਾਉਣ ਦਾ ਅਧਿਕਾਰ ਸਿਰਫ਼ ਸੂਬੇ ਦੀ ਵਿਧਾਨਪਾਲਿਕਾ ਕੋਲ ਹੈ, ਕੇਂਦਰ ਇਸ ਵਿਚ ਕੋਈ ਦਖਲ ਨਹੀਂ ਦੇ ਸਕਦਾ। ਜਦੋਂਕਿ ਦੋ ਜਾਂ ਵੱਧ ਸੂਬਿਆਂ ਵਿਚ ਵਹਿਣ ਵਾਲੇ ਸਾਂਝੇ ਦਰਿਆਵਾਂ ਦੇ ਝਗੜਿਆਂ ਦੇ ਨਿਪਟਾਰੇ ਲਈ ਸੰਸਦ ਸੰਵਿਧਾਨ ਦੀ ਧਾਰਾ 262 ਦੇ ਕਲਾਜ 1 ਅਤੇ 2 ਅਨੁਸਾਰ ਅੰਤਰ-ਰਾਜੀ ਦਰਿਆਵਾਂ ਜਾਂ ਦਰਿਆ ਘਾਟੀਆਂ ਦੇ ਪਾਣੀਆਂ ਸਬੰਧੀ ਝਗੜਿਆਂ ਦੇ ਨਿਪਟਾਰੇ ਸਬੰਧੀ ਕੋਈ ਕਾਨੂੰਨ ਬਣਾ ਸਕਦੀ ਹੈ। ਇਸ ਧਾਰਾ ਅਨੁਸਾਰ, '(1) ਪਾਰਲੀਮੈਂਟ ਕਿਸੇ ਅੰਤਰ-ਰਾਜੀ ਦਰਿਆ ਜਾਂ ਦਰਿਆ ਘਾਟੀ ਦੇ ਪਾਣੀਆਂ ਦੀ ਵਰਤੋਂ, ਵੰਡ ਜਾਂ ਕੰਟਰੋਲ ਸਬੰਧੀ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਨਿਪਟਾਰੇ ਲਈ ਕਾਨੂੰਨ ਬਣਾਕੇ ਬੰਦੋਬਸਤ ਕਰ ਸਕਦੀ ਹੈ। (2) ਇਸ ਸੰਵਿਧਾਨ ਵਿਚ ਹੋਰ ਕੁਝ ਉਲਟ ਹੋਣ ਦੇ ਬਾਵਜੂਦ ਸੰਸਦ ਕਾਨੂੰਨ ਬਣਾਕੇ ਇਹ ਬੰਦੋਬਸਤ ਕਰ ਸਕਦੀ ਹੈ ਕਿ ਨਾ ਤਾਂ ਸਰਵ-ਉੱਚ ਅਦਾਲਤ ਅਤੇ ਨਾ ਹੀ ਕੋਈ ਹੋਰ ਅਦਾਲਤ ਉੱਪਰ ਕਲਾਜ (1) ਵਿਚ ਜ਼ਿਕਰ ਕੀਤੇ ਅਜਿਹੇ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਸਬੰਧ ਵਿਚ ਅਧਿਕਾਰ ਖੇਤਰ ਨਹੀਂ ਰੱਖੇਗੀ।'

ਇਸ ਤਰਾਂ ਸੰਵਿਧਾਨ ਦੀ ਧਾਰਾ 262 ਸਪੱਸ਼ਟ ਰੂਪ ਵਿਚ ਰਿਪੇਰੀਅਨ ਸਿਧਾਤਾਂ ਅਨੁਸਾਰ ਇਕ ਹੀ ਸੂਬੇ ਵਿਚ ਵਹਿਣ ਵਾਲੇ ਦਰਿਆਵਾਂ ਉੱਪਰ ਸੰਪੂਰਨ ਮਾਲਕੀ ਹੱਕ ਸਬੰਧਤ ਸੂਬੇ ਨੂੰ ਦਿੰਦੀ ਹੈ ਅਤੇ ਅੰਤਰ-ਰਾਜੀ ਦਰਿਆਵਾਂ ਦੇ ਝਗੜਿਆਂ ਦੇ ਨਿਪਟਾਰੇ ਲਈ ਸੰਸਦ ਵੱਲੋਂ 1956 ਵਿਚ ਅੰਤਰ-ਰਾਜੀ ਦਰਿਆਈ ਪਾਣੀਆਂ ਬਾਰੇ ਝਗੜਾ ਕਾਨੂੰਨ 1956 ਬਣਾਇਆ ਗਿਆ ਸੀ। ਪੰਜਾਬ ਦੇ ਦਰਿਆ ਹਰਿਆਣਾ, ਰਾਜਸਥਾਨ ਤੇ ਦਿੱਲੀ ਨਾਲ ਅੰਤਰ-ਰਾਜੀ ਨਾ ਹੋਣ ਕਾਰਨ 1986 ਤਕ ਇਹ ਕਾਨੂੰਨ ਪੰਜਾਬ 'ਤੇ ਲਾਗੂ ਨਹੀਂ ਹੁੰਦਾ ਸੀ ਅਤੇ ਕੇਂਦਰ ਕਿਸੇ ਕਿਸਮ ਦਾ ਟ੍ਰਿਬਿਊਨਲ ਬਣਾਕੇ ਕਾਨੂੰਨੀ ਤੌਰ 'ਤੇ ਦਖਲ ਨਹੀਂ ਦੇ ਸਕਦਾ ਸੀ। ਕਾਨੂੰਨੀ ਪੱਖ ਤੋਂ ਹਰਿਆਣਾ ਤੇ ਰਾਜਸਥਾਨ ਦੀ ਸਥਿਤੀ ਬਹੁਤ ਕੰਮਜ਼ੋਰ ਸੀ, ਭਾਵੇਂ ਕਿ ਉਸ ਤੋਂ ਪਹਿਲਾਂ ਕੇਂਦਰ ਨੇ ਪੰਜਾਬ-ਹਰਿਆਣਾ ਦੀ ਵੰਡ ਵੇਲੇ 1966 ਵਿਚ ਪੰਜਾਬ-ਮੁੜ ਗਠਨ ਕਾਨੂੰਨ ਵਿਚ ਬੇਈਮਾਨੀ ਦੀ ਨੀਅਤ ਨਾਲ ਧਾਰਾ 78,79 ਤੇ 80 ਰਾਹੀਂ ਗ਼ੈਰ-ਸੰਵਿਧਾਨਕ ਤਰੀਕੇ ਨਾਲ ਪੰਜਾਬ ਦੇ ਪਾਣੀਆਂ 'ਤੇ ਇਨਾਂ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਹੱਕ ਦੇਣ ਦੀ ਸਾਜ਼ਿਸ਼ ਘੜ ਕੇ ਸੰਵਿਧਾਨ ਵਿਰੋਧੀ ਇਕ ਚਾਲ ਚੱਲੀ ਸੀ, ਪਰ ਕਾਨੂੰਨੀ ਪੱਖ ਤੋਂ ਇਹ ਬਹੁਤ ਕੰਮਜ਼ੋਰ ਸੀ।

1985 ਵਿਚ ਕੇਂਦਰ ਨੇ ਰਾਜੀਵ ਲੌਂਗੋਵਾਲ ਸਮਝੌਤੇ ਰਾਹੀਂ ਪੰਜਾਬ ਨਾਲ ਧੋਖਾ ਕਰਨ ਦੀ ਨਵੀਂ ਚਾਲ ਚੱਲੀ ਤਾਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਅੰਤਰ-ਰਾਜੀ ਐਲਾਨ ਕੇ ਕੇਂਦਰ ਟ੍ਰਿਬਿਊਨਲ ਬਣਾਕੇ ਪੰਜਾਬ ਵਿਰੋਧੀ ਫ਼ੈਸਲੇ ਕਰਵਾ ਸਕੇ। ਸਮਝੌਤੇ ਵਿਚ ਹੋਰ ਕਈ ਪੰਜਾਬ ਵਿਰੋਧੀ ਮੱਦਾਂ ਤੋਂ ਇਲਾਵਾ ਮੱਦ ਨੰਬਰ 9.1 ਅਤੇ 9.2 ਰਾਹੀਂ ਰਾਵੀ-ਬਿਆਸ ਦਰਿਆਵਾਂ ਦੇ ਝਗੜੇ ਦੇ ਨਿਪਟਾਰੇ ਲਈ ਕੇਂਦਰ ਵੱਲੋਂ ਟ੍ਰਿਬਿਊਨਲ ਬਣਾਉਣ ਦਾ ਕੇਂਦਰ ਨੂੰ ਇਕ ਗ਼ੈਰ-ਸੰਵਿਧਾਨਕ ਹੱਕ ਦੇ ਦਿੱਤਾ ਗਿਆ।

ਬਾਕੀ ਸਫ਼ਾ 32 'ਤੇ

# ਆਪਣੀ ਹੋਂਦ ਦਾ ਨਵਾਂ ਸਿਰਨਾਵਾਂ ਲਿਖਣਾ ਅਜੋਕੇ ਬੰਦੇ ਦੇ ਵੱਸ ਨਹੀਂ ਰਿਹਾ

**- ਸੰਤੋਖ ਮਿਨਹਾਸ**

ਸੰਸਾਰ ਵਿੱਚ ਮਨੁੱਖ ਜਾਤੀ ਨੂੰ ਸਭ ਤੋਂ ਉੱਤਮ ਜਾਤੀ ਮੰਨਿਆ ਗਿਆ ਹੈ। ਉਸ ਦੀ ਇਸ ਦਿੱਬ ਦ੍ਰਿਸ਼ਟੀ ਨੇ ਅੱਲੋਕਾਰੀ ਕ੍ਰਿਸ਼ਮੇ ਸੰਸਾਰ ਨੂੰ ਪ੍ਰਦਾਨ ਕੀਤੇ ਹਨ, ਜਿਨਾਂ ਨਾਲ ਉਸ ਨੇ ਸਾਰੇ ਜਨ-ਜੀਵਨ ਨੂੰ ਪ੍ਰਭਾਵਤ ਕੀਤਾ ਹੈ। ਕੁਦਰਤੀ ਵਰਤਾਰਿਆਂ ਨੂੰ ਆਪਣੀ ਮਨਮਰਜ਼ੀ ਨਾਲ ਉਸ ਨੇ ਪ੍ਰਕਿਰਤੀ ਅਸੂਲ ਭੰਗ ਕਰਕੇ ਆਪਣੇ ਹਿਤ ਲਈ ਵਰਤਿਆ ਹੈ। ਉਹ ਸੰਸਾਰੀ ਜੀਵ-ਸ਼ਕਤੀ ਨੂੰ ਆਪਣੀ ਮੁੱਠੀ ਵਿੱਚ ਬੰਦ ਕਰਨ ਦੇ ਆਹਰ ਵਿੱਚ ਹੈ। ਉਹ ਸਧਾਰਣ ਮਨੁੱਖ ਦਿਸਦਾ ਹੋਇਆ ਵੀ ਅਸਧਾਰਣ ਕੰਮਾਂ ਵਿੱਚ ਰੁੱਝਿਆ ਹੋਇਆ ਹੈ।

ਇਹ ਗੱਲ ਆਮ ਹੀ ਪੜਨ ਜਾਂ ਸੁਣਨ ਨੂੰ ਮਿਲਦੀ ਹੈ ਕਿ ਅੱਜ ਦੇ ਮੰਡੀ ਯੁੱਗ ਨੇ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੱਤਾ। ਬੰਦੇ ਨੇ ਆਪਣੇ ਆਪ ਨੂੰ ਵੀ ਵਸਤੂ ਵਾਂਗ ਵਿਕਣ ਲਾ ਦਿੱਤਾ ਹੈ। ਹਰ ਗੱਲ 'ਤੇ ਆਪਣਾ ਮੁੱਲ ਭਾਲਦਾ ਹੈ। ਇਸ ਕੀਮਤ ਨੇ ਬੰਦੇ ਵਿੱਚੋਂ ਬਹੁਤ ਕੁਝ ਮਨਫੀ ਕਰ ਦਿੱਤਾ ਹੈ। ਇਸ ਲਈ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਤਜਾਰਤ ਨੇ ਹੀ ਬੰਦੇ ਵਿੱਚ ਪਾਸਕੂ ਲੈ ਆਂਦਾ ਹੈ। ਉਹ ਸਾਰਾ ਦੋਸ਼ ਇਸ ਬਾਜ਼ਾਰੂ ਢਾਂਚੇ ਦੇ ਸਿਰ ਮੜਦੇ ਹਨ ਕਿ ਉਸ ਨੇ ਬੰਦਾ ਨੂੰ ਬੰਦਾ ਨਹੀਂ ਰਹਿਣ ਦਿੱਤਾ।

ਜੇ ਅਸੀਂ ਅੱਜ ਦੀ ਹੀ ਗੱਲ ਕਰੀਏ, ਅਸੀਂ ਇਹ ਆਮ ਹੀ ਦੇਖਦੇ ਹਾਂ ਕਿ ਬੜੇ ਬੜੇ ਸਾਧ ਸੰਤ, ਬਾਬੇ ਜਾਂ ਹੋਰ ਕਥਾ-ਵਾਚਕ ਹਜ਼ਾਰਾਂ ਲੱਖਾਂ ਦੇ ਇਕੱਠਾਂ ਨੂੰ ਸੰਬੋਧਨ ਕਰਦੇ ਹਨ। ਟੀ ਵੀ ਚੈਨਲਾਂ ਤੇ ਤਾਂ ਇਨਾਂ ਦੀ ਅੱਜ-ਕੱਲ ਬਹੁਤ ਹੀ ਭਰਮਾਰ ਹੈ। ਜੋ ਬੰਦਿਆਂ ਦੀ ਭੀੜ ਨੂੰ ਬੰਦਾ ਬਣਨ ਦੇ ਗੁਰ ਦੱਸ ਰਹੇ ਜਾਂ ਸਮਝਾ ਰਹੇ ਹੁੰਦੇ ਹਨ, ਮਿੱਠਾ ਮਿੱਠਾ ਲਾਲਚ ਵੀ ਦੇ ਰਹੇ ਹੁੰਦੇ ਹਨ ਕਿ ਭਾਈ ਜੇ ਤੁਸੀਂ ਆਹ ਗੁਣ ਗ੍ਰਹਿਣ ਕਰ ਲਏ ਤਾਂ ਇੱਕ ਵਧੀਆ ਮੁਨੱਖ ਬਣ ਜਾਵੋਗੇ, ਸਵਰਗ ਵਿੱਚ ਵੀ ਢੋਈ ਮਿਲੇਗੀ। ਅੱਗਾ ਸੰਵਾਰਨ ਜਾਂ ਬੰਦਾ ਬਣਨ ਦੇ ਇਹ ਸ਼ਬਦੀ ਤੋਹਫੇ, ਬੰਦੇ ਨੂੰ ਚੰਗੇ ਤਾਂ ਲਗਦੇ ਹਨ ਪਰ ਅਸਲ ਜੀਵਨ ਵਿੱਚ ਬੰਦੇ ਨੂੰ ਆਪਣੇ ਆਪ ਨੂੰ ਨਸੀਹਤਾਂ ਦੀ ਚੁਗਾਠ ਵਿੱਚ ਫਿੱਟ ਕਰਨਾ ਬੜਾ ਔਖਾ ਲਗਦਾ ਹੈ। ਦਿਖਾਵੇ ਦੇ ਤੌਰ ਉੱਤੇ ਬੰਦਾ ਚੰਗਾ ਬਣਨ ਦੇ ਢਕਵੰਜ ਤਾਂ ਰਚਦਾ ਹੈ ਪਰ ਅੰਦਰੋਂ ਉਹੀ ਰਹਿੰਦਾ ਹੈ, ਜੋ ਇਨਾਂ ਸਾਧਾਂ-ਸੰਤਾਂ ਦੇ ਵਿਖਿਆਨ ਸੁਣਨ ਤੋਂ ਪਹਿਲਾਂ ਸੀ। ਸਗੋਂ ਅੰਦਰੋਂ ਹੋਰ ਬਹੁਤ ਕੁਝ ਗਵਾ ਕੇ ਭਟਕਣ ਦੇ ਕੁੰਭੀ-ਨਰਕ ਨੂੰ ਭੋਗਣ ਲਈ ਜ਼ਿੰਦਗੀ ਭਰ ਕੁਰਾਹੇ ਪਿਆ ਰਹਿੰਦਾ ਹੈ। ਪਰ ਦੁੱਖ ਉਦੋਂ ਹੁੰਦਾ ਹੈ, ਜਦੋਂ ਇਹ ਸਾਧ-ਸੰਤ, ਪ੍ਰਚਾਰਕ, ਕਰਤੂਤੋਂ ਆਪ ਨੰਗੇ ਹੁੰਦੇ ਹਨ। ਕਰਮ ਪੱਖੋਂ ਵੀ, ਧਰਮ ਪੱਖੋਂ ਵੀ। ਦੇਵਤਿਆਂ ਦੀ ਪਰਛਾਈ ਸਮਝੇ ਜਾਂਦੇ ਇਹ ਬਾਬੇ ਕਿਵੇਂ ਬੰਦੇ ਦੀ ਜਾਤ ਨੂੰ ਵੀ ਕਲੰਕਿਤ ਕਰਦੇ ਹਨ। ਬੰਦੇ ਨੂੰ ਜੀਵਨ-ਜਾਚ ਦੀ ਦੁਹਾਈ ਪਾਉਣ ਵਾਲੇ ਇਹ ਕਿਰਤਚੋਰ ਸਾਧ ਅੰਦਰੋਂ ਕਿੰਨੇ ਊਣੇ, ਕਿੰਨੇ ਬਦਜਾਤ ਕਿਸਮ ਦੇ ਹਨ, ਇਸਦੀ ਮਿਸਾਲ ਸਾਡੇ ਸਾਹਮਣੇ ਹੈ। ਲੱਖਾਂ ਕਰੋੜਾਂ ਲੋਕਾਂ ਦੇ ਗੁਰੂ ਕਹਾਉਣ ਵਾਲੇ ਇਹ ਸਾਧ ਮਨੋਂ ਤਨੋਂ ਨੰਗੇ ਹੋ ਕੇ ਅੱਜ ਜੇਲਾਂ ਵਿੱਚ ਬੰਦ ਹਨ। ਜੇ ਇਹ ਅਜੇ ਤੱਕ ਆਪ ਹੀ ਬੰਦੇ ਦੀ ਜਾਤ ਤੋਂ ਊਣੇ ਹਨ, ਫਿਰ ਆਮ ਲੋਕਾਂ ਕੋਲੋਂ ਅਸੀਂ ਕੀ ਆਸ ਰੱਖਾਂਗੇ। ਕਦੇ ਕਦੇ ਲਗਦਾ ਹੈ, ਜਿਵੇਂ ਸਾਰਾ ਆਵਾ ਹੀ ਊਤਿਆ ਪਿਆ ਹੈ।

ਇੱਕ ਵਾਰ ਮੇਰੇ ਦੋਸਤ ਦੀ ਘਰਵਾਲੀ ਆਪਣੇ ਪਤੀ ਦੇਵ ਨੂੰ ਕਹਿੰਦੀ ਸੁਣੀ, ਮੈਂ ਸਾਰੀ ਉਮਰ ਇਸ ਬੰਦੇ ਨਾਲ ਕੱਟ ਲਈ ਪਰ ਇਹ ਬੰਦਾ, ਬੰਦਾ ਨਹੀਂ ਬਣਿਆ। ਬਰਾਬਰ ਦੇ ਜਵਾਕ ਹੋ ਗੇ ਐ, ਪਰ ਇਹ ਅਕਲ ਨੂੰ ਹੱਥ ਨਹੀਂ ਮਾਰਦਾ। ਇੱਥੇ ਅਕਲ ਸ਼ਬਦ ਸਮਝ ਤਾਂ ਆਉਂਦਾ ਹੈ ਪਰ ਹੁਣ ਸਵਾਲ ਪੈਦਾ ਹੁੰਦਾ ਹੈ ਉਹ ਕਿਹੜੀ ਅਕਲ ਹੈ, ਜਿਹੜੀ ਬੰਦੇ ਕੋਲ ਨਹੀਂ ਹੈ। ਮੈਂ ਵੇਖਿਆ ਹੈ, ਬਹੁਤ ਸਾਰੇ ਲੋਕਾਂ ਕੋਲ ਅਕਲ ਦਾ ਤਾਜ ਵੀ ਹੁੰਦਾ ਹੈ, ਕੰਮ ਫਿਰ ਉਹ ਹੈਵਾਨਾਂ ਵਾਲੇ ਕਰਦੇ ਹਨ। ਫਿਰ ਇਹ ਅਕਲ ਦਾ ਕਿਹੜਾ ਤਰਾਜੂ ਹੈ, ਜਿਹੜਾ ਆਮ ਬੰਦੇ ਦੇ ਮੇਚ ਨਹੀਂ ਆਉਂਦਾ। ਆਪਾਂ ਸਭ ਜਾਣਦੇ ਹਾਂ ਕਿ ਮਾਸਾਹਾਰੀ ਜਾਨਵਰ ਵੀ ਆਪਣੀ ਜਾਤੀ ਦੇ ਜਾਨਵਰਾਂ ਦਾ ਸ਼ਿਕਾਰ ਨਹੀਂ ਕਰਦਾ, ਆਪਣੇ ਲੋਭ ਲਾਲਚ ਜਾਂ ਭੁੱਖ ਲਈ ਨਹੀਂ ਮਾਰਦਾ, ਸ਼ਿਕਾਰ ਜਾਂ ਕਬਜ਼ੇ ਦੀ ਭਾਵਨਾ ਲਈ ਲੜਦਾ ਜਾਂ ਡਰਾਉਂਦਾ ਤਾਂ ਵੇਖਿਆ ਜਾ ਸਕਦਾ ਪਰ ਆਪਣੀ ਜਾਤੀ ਦੀ ਜਾਨ ਦਾ ਦੁਸ਼ਮਣ ਨਹੀਂ ਬਣਦਾ ਵੇਖਿਆ। ਇੱਕ ਬੰਦਾ ਹੀ ਹੈ ਜੋ ਬਿਨਾ ਕਿਸੇ ਵੈਰ ਵਿਰੋਧ ਜਾਂ ਬਿਨਾਂ ਕਿਸੇ ਕਸੂਰ ਦੇ ਇੱਕ ਦੂਜੇ ਨੂੰ ਮਾਰ ਸੁੱਟਦਾ ਹੈ। ਸਦੀਆਂ ਤੋਂ ਹਜ਼ਾਰਾਂ ਲੱਖਾਂ ਲੋਕ ਬਿਨਾਂ ਕਿਸੇ ਕਸੂਰ ਦੇ ਮੌਤ ਦੇ ਘਾਟ ਉਤਾਰੇ ਜਾ ਰਹੇ ਹਨ। ਇਹ ਦਸਤੂਰ ਅੱਜ ਵੀ ਜਾਰੀ ਹੈ। ਬੰਦਾ ਹੁੱਬ ਕੇ ਕਹਿ ਰਿਹਾ ਹੈ, ਜਿਹੜੇ ਲੋਕ ਮਾਰੇ ਜਾ ਰਹੇ ਹਨ ਉਹ ਬੰਦੇ ਨਹੀਂ ਸਨ ਕਿਉਂਕਿ ਉਨਾਂ ਦਾ ਧਰਮ ਹੋਰ ਸੀ। ਧਰਮ ਦੇ ਨਾਂ 'ਤੇ ਬੰਦਾ, ਬੰਦਾ ਨਹੀਂ ਹੈ। ਜੇ ਜਰਮਨ ਲੱਖਾਂ ਯਹੂਦੀਆਂ ਨੂੰ ਇਸ ਲਈ ਗੈਸ ਚੈਂਬਰਾਂ ਜਾਂ ਹੋਰ ਤਸੀਹਾ ਕੇਂਦਰਾਂ ਵਿੱਚ ਮਾਰ ਮੁਕਾਉਂਦਾ ਹੈ ਕਿ ਜਰਮਨ ਕੌਮ ਉੱਤਮ ਹੈ ਤਾਂ ਦੂਸਰੀ ਸੰਸਾਰ ਜੰਗ ਵੇਲੇ ਜਦੋਂ ਜਰਮਨ ਹਾਰ ਰਿਹਾ ਸੀ ਤਾਂ ਬਰਤਾਨਵੀ ਅਤੇ ਅਮਰੀਕਾ ਦੀਆਂ ਫੌਜਾਂ ਦੇ ਕੋਈ ਇੱਕ ਹਜ਼ਾਰ ਜਹਾਜ਼ਾਂ ਨੇ ਜਰਮਨ ਦੇ ਸ਼ਹਿਰ ਡ੍ਰੈਸਡਨ ਉੱਤੇ ਸੌ ਸੌ ਕਿਲੋ ਦੇ ਕੋਈ ਤੀਹ ਹਜ਼ਾਰ ਬੰਬ ਸੁੱਟੇ, ਜਿਸ ਨਾਲ ਸਾਰਾ ਸ਼ਹਿਰ ਸੜ ਕੇ ਸੁਆਹ ਹੋ ਗਿਆ ਤੇ ਲੋਥਾਂ ਦੇ ਢੇਰ ਲੱਗ ਗਏ। ਇਹ ਤਬਾਹੀ ਜਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਸੁੱਟੇ ਬੰਬਾਂ ਦੀ ਤਬਾਹੀ ਤੋਂ ਜ਼ਿਆਦਾ ਸੀ। ਇਹ ਇੱਕੋ ਧਰਮ ਨੂੰ ਮੰਨਣ ਵਾਲੇ ਬੰਦਿਆਂ ਦੀ ਬੰਦੇ ਵਲੋਂ ਤਬਾਹੀ ਸੀ। ਜੇਮਜ਼ ਏ ਫਰੂਡ ਇੱਕ ਥਾਂ ਕਹਿੰਦਾ ਹੈ ਕਿ ਜੰਗਲੀ ਜਾਨਵਰ ਕਦੇ ਕਿਸੇ ਨੂੰ ਸ਼ੁਗਲ ਲਈ ਨਹੀਂ ਮਾਰਦੇ, ਇਹ ਕੇਵਲ ਬੰਦਾ ਹੀ ਹੈ ਜੋ ਆਪਣੇ ਹਮ ਨਸਲਾਂ ਨੂੰ ਤਸੀਹੇ ਦੇਣ ਅਤੇ ਮਾਰਨ ਵਿੱਚ ਖ਼ੁਸ਼ੀ ਮਹਿਸੂਸ ਕਰਦਾ ਹੈ।

ਜਦੋਂ ਅਸੀਂ ਅੱਜ ਸੰਸਾਰ ਪੱਧਰ 'ਤੇ ਨਜ਼ਰ ਮਾਰਦੇ ਹਾਂ ਤਾਂ ਬਹੁਤ ਭਿਆਨਕ ਤਸਵੀਰ ਬੰਦੇ ਦੀਆਂ ਕਰਤੂਤਾਂ ਦੀ ਉੱਭਰਕੇ ਸਾਹਮਣੇ ਆਉਂਦੀ ਹੈ ਜਦੋਂ ਬੰਦੇ ਨੇ ਬੰਦੇ ਦੀ ਨਸ਼ਲਕੁਸ਼ੀ ਕਰਨ ਵਿੱਚ ਆਪਣੀ ਸ਼ਾਨ ਮਹਿਸੂਸ ਕੀਤੀ ਹੈ। ਇਸਦੀਆਂ ਸੈਕੜੇ ਮਿਸਾਲਾਂ ਸਾਡੇ ਸਾਹਮਣੇ ਹਨ, ਜਿਸਦਾ ਸੰਤਾਪ ਬੰਦਾ ਅੱਜ ਵੀ ਭੋਗ ਰਿਹਾ ਹੈ। ਪੰਜਾਬ ਦੀ 1947 ਦੀ ਵੰਡ ਹੀ ਲੈ ਲਵੋ, ਜਦੋਂ ਮਨੁੱਖ ਨੇ ਮਨੁੱਖ ਦਾ ਰੱਜ ਕੇ ਘਾਣ ਕੀਤਾ। 1984 ਵਿੱਚ ਸਿੱਖਾਂ ਦਾ ਕਤਲੇਆਮ ਕਿਸ ਨੂੰ ਭੁੱਲਿਆ ਹੈ ? ਵਿਲੀਅਮ ਜੇਮਜ, ਮੈਮੋਰੀਜ਼ ਐਂਡ ਸਟੱਡੀਜ਼ ਵਿੱਚ ਲਿਖਦਾ ਹੈ ਕਿ ਮੁਨੱਖ ਸਾਰੇ ਸ਼ਿਕਾਰੀ ਜਾਨਵਰਾਂ ਵਿੱਚੋਂ ਸਭ ਤੋਂ ਖਤਰਨਾਕ ਹੈ ਅਤੇ ਅਸਲ ਵਿੱਚ ਇਹ ਇਕੱਲਾ ਹੀ ਅਜਿਹਾ ਜਾਨਵਰ ਹੈ ਜੋ ਆਪਣੀ ਹੀ ਜਾਤੀ ਦਾ ਯੋਜਨਾਬੱਧ ਢੰਗ ਨਾਲ ਸ਼ਿਕਾਰ ਕਰਦਾ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ:

ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥
ਬਾਹਰਿ ਭੇਖ ਅੰਤਰ ਮਲੁ ਮਾਇਆ।। ਛਪਸਿ ਨਾਹਿ ਕਛੁ ਕਰੈ ਛਪਾਇਆ।।

ਇੱਕ ਪਾਸੇ ਬੰਦਾ ਸੰਸਾਰ ਪੱਧਰ 'ਤੇ ਫੈਲੇ ਅੱਤਵਾਦ ਦੀਆਂ ਕਾਰਵਾਈਆਂ ਦੀ ਨਖੇਧੀ ਕਰਦਾ ਹੈ ਦੂਜੇ ਪਾਸੇ ਉਨਾਂ ਨੂੰ ਹਥਿਆਰ ਸਪਲਾਈ ਕਰ ਰਿਹਾ ਹੈ। ਇਸ ਸਾਰੇ ਘਟਨਾਕ੍ਰਮ ਤੋਂ ਇਹੀ ਲੱਗਦਾ ਕਿ ਬੰਦੇ ਦਾ ਥਹੁ ਪਾਉਣਾ ਗੁੰਝਲਦਾਰ ਬੁਝਾਰਤ ਹੈ। ਉਪਰੋਕਤ ਘਟਨਾਵਾਂ ਅਤੇ ਵਿਦਵਾਨਾਂ ਦੇ ਕਥਨਾਂ ਤੋਂ ਇਹੀ ਲਗਦਾ ਕਿ ਮੁਨੱਖ ਸਦਾ ਹੀ ਬੰਦੇ ਦੀ ਭਾਲ ਵਿੱਚ ਰਿਹਾ ਹੈ।

ਬਹਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਅਸਲ ਵਿੱਚ ਹਰ ਬੰਦਾ ਅਧੂਰਾ ਹੈ। ਇਸ ਲਈ ਹਰ ਬੰਦਾ ਦੂਜੇ ਬੰਦੇ ਵਿੱਚੋਂ ਉਹ ਕੁਝ ਭਾਲ ਰਿਹਾ ਹੈ, ਜਿਹੜਾ ਉਸਦੇ ਕੋਲ ਨਹੀਂ ਹੈ। ਉਹ ਆਪਣੇ ਅੰਦਰਲੀ ਗਵਾਚੀ ਭੁੱਖ ਦਾ ਥਹੁ ਦੂਜਿਆਂ ਦੀ ਨੇੜਤਾ ਦੇ ਰੂਪ ਵਿੱਚ ਭਾਲਦਾ ਹੈ ਪਰ ਹਰ ਬੰਦਾ ਦੂਜੇ ਦੀ ਭਾਲ ਦੇ ਮੇਚ ਨਹੀਂ ਆਉਂਦਾ। ਇਹੀ ਕੁਝ ਪਾਉਣ ਦੀ ਚੀਸ ਉਸ ਨੂੰ ਹਰ ਸਮੇਂ ਕੁਰੇਦਦੀ ਰਹਿੰਦੀ ਹੈ। ਇਸ ਪੀੜ ਦਾ ਭੰਨਿਆ ਬੰਦਾ ਆਪਣੇ ਕੀਤੇ ਫੈਸਲਿਆਂ 'ਤੇ ਵੀ ਇਤਬਾਰ ਨਹੀਂ ਕਰਦਾ। ਉਹ ਆਪਣੇ ਨਿਰਣਿਆਂ ਨੂੰ ਵਾਰ ਵਾਰ ਬਦਲਦਾ ਰਹਿੰਦਾ ਹੈ। ਇਹ ਟਿਕ ਕੇ ਨਾ ਖੜਨ ਦੀ ਦੁਚਿੱਤੀ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ। ਬੰਦਿਆਂ ਦੀ ਭੀੜ ਦੇ ਦਰਿਆ ਵਗ ਰਹੇ ਹਨ। ਇਸ ਵਿੱਚ ਉਹ ਬੰਦਾ ਗਾਇਬ ਹੈ, ਜਿਸ ਦੀ ਸਾਨੂੰ ਭਾਲ ਹੈ। ਇਹ ਤਾਂ ਸਭ ਬੰਦੇ ਦੀ ਸ਼ਕਲ ਦੇ ਡਰਨੇ ਹਨ ਜਿਨਾਂ ਦਾ ਆਪਣਾ ਕੋਈ ਵਿਚਾਰਧਾਰਕ ਵਜੂਦ ਨਹੀਂ ਹੈ। ਆਪਣੀ ਹੋਂਦ ਦਾ ਨਵਾਂ ਸਿਰਨਾਵਾਂ ਲਿਖਣਾ ਅਜੋਕੇ ਬੰਦੇ ਦੇ ਵੱਸ ਨਹੀਂ ਰਿਹਾ। ਫਿਰ ਉਹ ਬੰਦਾ ਅਸੀਂ ਕਿੱਥੋ ਲੱਭਾਂਗੇ, ਜਿਸ ਦੀ ਸਾਨੂੰ ਭਾਲ ਹੈ। ਕਦੇ ਕਦੇ ਇਵੇਂ ਲੱਗਦਾ ਹੈ ਜਿਵੇਂ ਬੰਦਾ ਬੰਦੇ ਦੀ ਭਾਲ ਵਿੱਚ ਭਟਕ ਗਿਆ ਹੈ। ਸੱਚਮੁੱਚ ਨਵੇਂ ਬੰਦੇ ਦੀ ਸਿਰਜਣਾ ਇੱਕ ਕਲਪਨਾ ਮਾਤਰ ਬਣ ਕੇ ਰਹਿ ਗਈ ਹੈ। ਜਦ ਤੱਕ ਧਰਤੀ 'ਤੇ ਬੰਦਾ ਜੀਵਤ ਹੈ, ਬੰਦੇ ਦੀ ਤਲਾਸ਼ ਜਾਰੀ ਰਹੇਗੀ।

# ਕਨੇਡਾ ’ਚ ਵੀ ਲੋਕਾਂ ਨੂੰ ਢਿੱਡ ਭਰ ਕੇ ਖਾਣਾ ਨਸੀਬ ਨਹੀਂ ਹੁੰਦਾ

**- ਗੁਰਲਾਲ ਸਿੰਘ ਕੈਨੇਡਾ**

ਕੈਨੇਡਾ ਦੀ ਗਿਣਤੀ ਵਿਸ਼ਵ ਵਿੱਚ ਅਗਾਂਹਵਧੂ ਮੁਲਕਾਂ ਵਿੱਚ ਹੁੰਦੀ ਹੈ। ਹਰ ਕੋਈ ਇਹ ਹੀ ਸੋਚਦਾ ਹੈ ਕਿ ਇਸ ਮੁਲਕ ਦੇ ਸਾਰੇ ਹੀ ਨਾਗਰਿਕ ਬਹੁਤ ਖ਼ੁਸ਼ਹਾਲ ਹਨ। ਇਨਾਂ ਲੋਕਾਂ ਦਾ ਜੀਵਨ ਪੱਧਰ ਬਹੁਤ ਉੱਚਾ ਹੋਵੇਗਾ ਇੱਥੇ ਕੋਈ ਵੀ ਆਰਥਿਕ ਤੰਗੀ ਨਹੀਂ ਹੋਵੇਗੀ। ਜਦ ਕਿ ਸੱਚਾਈ ਇਹ ਨਹੀਂ ਹੈ। ਵਿਸ਼ਵ ਦੇ ਹਰ ਮੁਲਕ ਵਿੱਚ ਅਮੀਰ ਗਰੀਬ ਦਾ ਪਾੜਾ ਹੈ। ਅਮੀਰ ਗਰੀਬ ਦਾ ਪਾੜਾ ਤਾਂ ਇੱਕ ਪਾਸੇ ਇੱਥੇ ਕਨੇਡਾ ਵਿੱਚ ਤਾਂ ਭੁੱਖਮਰੀ ਵੀ ਹੈ। ਲੋਕ ਬਹੁਤੇ ਅਜਿਹੇ ਹਨ ਜਿਨਾਂ ਨੂੰ ਢਿੱਡ ਭਰ ਕੇ ਖਾਣਾ ਵੀ ਨਸੀਬ ਨਹੀਂ ਹੁੰਦਾ। ਰਜਮੀ ਰੋਟੀ ਨਾ ਮਿਲਣ ਕਾਰਨ ਮਨੁੱਖੀ ਸਰੀਰ ਜਲਦੀ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਇਹ ਇਨਫੈਕਸ਼ਨ ਹੀ ਜਾਨ ਲੈਣ ਦਾ ਕਾਰਨ ਬਣਦੀ ਹੈ। ਅਨੁਮਾਨ ਹੈ ਕਿ ਕੈਨੇਡਾ ਵਿੱਚ 40 ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਇਨਾਂ ਨੂੰ ਰੱਜ-ਵੀਂ ਰੋਟੀ ਵੀ ਨਹੀਂ ਮਿਲ ਰਹੀ। ਜਿਸ ਕਾਰਨ ਇਹ ਲੋਕ ਸਮੇਂ ਤੋਂ ਪਹਿਲਾਂ ਦਮ ਤੋੜ ਜਾਂਦੇ ਹਨ। ਕੈਨੇਡਾ ਵਿੱਚ ਉੱਥੋਂ ਦੇ ਨਾਗਰਿਕਾਂ ਦੀ ਔਸਤ ਉਮਰ 82 ਸਾਲ ਮੰਨੀ ਜਾਂਦੀ ਹੈ। ਜੇਕਰ ਕੋਈ ਆਦਮੀ 82 ਸਾਲ ਦੀ ਉਮਰ ਤੋਂ ਪਹਿਲਾਂ ਦਮ ਤੋੜ ਦਿੰਦਾ ਹੈ ਤਾਂ ਉਸ ਦੀ ਉਮਰ ਨੂੰ ਘੱਟ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਕੈਨੇਡਾ ਦੇ ਪੰਜ ਲੱਖ ਲੋਕਾਂ ਵਿੱਚੋਂ 25000 ਸਮੇਂ ਤੋਂ ਪਹਿਲਾਂ ਹੀ ਦਮ ਤੋੜ ਗਏ ਹਨ। ਕੈਨੇਡਾ ਅਮਰੀਕਾ ਯੂਰਪ ਦੇ ਮੁਲਕਾਂ ਨੂੰ ਵਿਕਸਿਤ ਮੁਲਕ ਕਿਹਾ ਜਾਂਦਾ ਹੈ। ਅਨੁਮਾਨ ਹੈ ਕਿ ਪੂਰੇ ਵਿਸ਼ਵ ਵਿੱਚ ਦੋ ਅਰਬ ਲੋਕ ਭੁੱਖ ਨਾਲ ਜੂਝ ਰਹੇ ਹਨ। ਜਦ ਕਿ ਇਸ ਗਿਣਤੀ ਦਾ 8 ਫੀਸਦੀ ਹਿੱਸਾ ਕੈਨੇਡਾ ਅਮਰੀਕਾ ਅਤੇ ਯੂਰਪ ਵਿੱਚ ਵੱਸਦਾ ਹੈ।

ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਜਨਰਲ ਵਿੱਚ ਇੱਕ ਰਿਪੋਰਟ ਪ੍ਰਕਾਸ਼ਿਤ ਹੋਈ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਕੈਨੇਡਾ ਵਰਗੇ ਅਮੀਰ ਮੁਲਕਾਂ ਵਿੱਚ ਵੀ ਭੁੱਖਮਰੀ ਲੋਕਾਂ ਦੀਆਂ ਜਾਨਾਂ ਲੈਣ ਲਈ ਜ਼ਿੰਮੇਵਾਰ ਹੈ। ਜਿੱਥੇ ਕੈਂਸਰ ਨਾਲ ਬਹੁਗਿਣਤੀ ਲੋਕ ਦਮ ਤੋੜ ਰਹੇ ਹਨ। ਉੱਥੇ ਜਾਨਾਂ ਜਾਣ ਦਾ ਦੂਜਾ ਵੱਡਾ ਕਾਰਨ ਭੁੱਖਮਰੀ ਹੈ।



ਭੁੱਖਮਰੀ ਕਾਰਨ ਬਿਮਾਰੀਆਂ ਲਗਦੀਆਂ ਹਨ।

**ਬਰੈਂਪਟਨ ’ਚ ਪੰਜਾਬੀਆਂ ਵਲੋਂ ਗੁੰਡਾਗਰਦੀ**

ਕੈਨੇਡਾ ਦੇ ਬਰੈਂਪਟਨ ਵਿੱਚ ਸਟੀਲਜ਼ ਐਵੇਨਿਊ ਅਤੇ ਏਅਰਪੋਰਟ ਰੋਡ ਤੇ ਸਥਿਤ ਬੈਂਕਟ ਹਾਲ ਦੇ ਪਾਰਕਿੰਗ ਸਥਾਨ ਵਿੱਚ ਦੋ ਗਰੁੱਪਾਂ ਦੀ ਆਪਸ ਵਿਚ ਹੋਈ ਟੱਕਰ ਵਿੱਚ ਇੱਕ 20 ਸਾਲਾ ਨੌਜਵਾਨ ਦੇ ਛੁਰਾ ਲੱਗਣ ਦੀ ਖ਼ਬਰ ਮਿਲੀ ਹੈ। ਅਜੇ ਤੱਕ ਆਪਸ ਵਿੱਚ ਭਿੜਨ ਵਾਲੇ ਇਨਾਂ ਵਿਅਕਤੀਆਂ ਦੀ ਪਹਿਚਾਣ ਨਹੀਂ ਹੋ ਸਕੀ। ਪਰ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਹ ਪੰਜਾਬੀ ਗੱਭਰੂ ਸਨ। ਪੁਲਿਸ ਦਾ ਕਹਿਣਾ ਹੈ ਕਿ ਇੱਥੇ ਕਈ ਜਣਿਆਂ ਦਾ ਆਪਸ ਵਿੱਚ ਟਕਰਾਅ ਹੋਇਆ। ਛੁਰਾ ਲੱਗਣ ਕਰਕੇ ਨੌਜਵਾਨ ਨੂੰ ਟਰੋਮਾ ਸੈਂਟਰ ਲਿਜਾਇਆ ਗਿਆ। ਜਿੱਥੇ ਉਸ ਦੀ ਹਾਲਤ ਫਿਲਹਾਲ ਕੁਝ ਠੀਕ ਦੱਸੀ ਜਾ ਰਹੀ ਹੈ। ਅੱਜ ਕੱਲ ਨੌਜਵਾਨਾਂ ਵਿੱਚ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ। ਜ਼ਰਾ ਜਿੰਨੀ ਗੱਲ ਪਿੱਛੇ ਤਕਰਾਰ ਪੈਦਾ ਹੋ ਜਾਂਦਾ ਹੈ। ਇਸ ਤਕਰਾਰ ਤੋਂ ਹੀ ਹੱਥੋਪਾਈ ਦੀ ਨੌਬਤ ਆ ਜਾਂਦੀ ਹੈ। ਕਈ ਵਾਰ ਤਾਂ ਗੱਲ ਹਥਿਆਰਾਂ ਤੱਕ ਪਹੁੰਚ ਜਾਂਦੀ ਹੈ।ਅਜਿਹਾ ਹੀ ਪੀਆਰਸਨ ਕਨਵੈਨਸ਼ਨ ਸੈਂਟਰ ਦੇ ਪਾਰਕਿੰਗ ਸਥਾਨ ਵਿੱਚ ਵਾਪਰਿਆ ਹੈ। ਪੁਲਿਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਦੋਸ਼ੀਆਂ ਤੱਕ ਪਹੁੰਚਣ ਲਈ ਜਾਂਚ ਕਰਤਾਵਾਂ ਦੀ ਸਹਾਇਤਾ ਕੀਤੀ ਜਾਵੇ।

**ਕਨੇਡਾ ਜਾਣ ਲਈ ਪੰਜਾਬਣ ਨੇ ਕੀਤਾ ਧੋਖਾ**

ਬਠਿੰਡਾ ਦੇ ਪਿੰਡ ਭਗਤਾ ਭਾਈਕੇ ਦੇ ਗੁਰਪ੍ਰੀਤ ਸਿੰਘ ਨੂੰ ਉਸ ਦੀ ਪਤਨੀ ਸੁਮਨਪ੍ਰੀਤ ਕੌਰ ਬਰਾੜ ਨਿਵਾਸੀ ਬੁੱਲੇਵਾਲ ਨੇ 20 ਲੱਖ ਰੁਪਏ ਵਿੱਚ ਮਾਂਜ ਦਿੱਤਾ। ਗੁਰਪ੍ਰੀਤ ਸਿੰਘ ਨੇ ਕੈਨੇਡਾ ਜਾਣ ਲਈ ਆਈਲੈਟਸ ਪਾਸ ਲੜਕੀ ਨਾਲ ਵਿਆਹ ਕਰਵਾਇਆ ਤੇ 20 ਲੱਖ ਰੁਪਏ ਖਰਚ ਕਰਕੇ ਉਸ ਨੂੰ ਪੜਾਈ ਕਰਨ ਲਈ ਕੈਨੇਡਾ ਭੇਜ ਦਿੱਤਾ। ਸੁਮਨਪ੍ਰੀਤ ਕੌਰ ਉਸ ਨੂੰ ਕੈਨੇਡਾ ਤਾਂ ਲੈ ਗਈ। ਪਰ ਆਪ ਉੱਥੇ ਰਾਜੂ ਗੁਪਤਾ ਨਾਲ ਰਹਿ ਰਹੀ ਸੀ। ਜਿਹੜਾ ਕਿ ਇੱਥੋਂ ਦੇ ਸੰਗਰੂਰ ਦੇ ਪਿੰਡ ਲਹਿਰਾਗਾਗਾ ਦਾ ਰਹਿਣ ਵਾਲਾ ਹੈ। ਇਨਾਂ ਨੇ ਮਿਲ ਕੇ ਗੁਰਪ੍ਰੀਤ ਸਿੰਘ ਨੂੰ ਧਮਕੀਆਂ ਦਿੱਤੀਆਂ। ਆਪਣੀ ਜਾਨ ਨੂੰ ਖਤਰਾ ਸਮਝ ਕੇ ਗੁਰਪ੍ਰੀਤ ਵਾਪਸ ਪੰਜਾਬ ਆ ਗਿਆ। ਪੁਲਿਸ ਨੇ ਐਨ ਆਰ ਆਈ ਸੁਮਨਪ੍ਰੀਤ ਕੌਰ ਤੇ ਮਾਮਲਾ ਦਰਜ ਕਰ ਲਿਆ ਹੈ। ਗੁਰਪ੍ਰੀਤ ਸਿੰਘ ਕੈਨੇਡਾ ਜਾਣਾ ਚਾਹੁੰਦਾ ਸੀ। ਪਰ ਉਸ ਤੋਂ ਆਈਲੈਟਸ ਦਾ ਟੈਸਟ ਪਾਸ ਨਹੀਂ ਹੋਇਆ। ਉਸ ਦੇ ਪਰਿਵਾਰ ਨੇ ਅਖ਼ਬਾਰ ਵਿੱਚ ਇਸ਼ਤਿਹਾਰ ਪੜਿਆ। ਜਿਸ ਵਿੱਚ ਇੱਕ ਆਈਲੈਟਸ ਪਾਸ ਲੜਕੀ ਲਈ ਵਰ ਦੀ ਮੰਗ ਕੀਤੀ ਗਈ ਸੀ। ਉਨਾਂ ਨੇ ਸ਼ਰਤ ਰੱਖੀ ਸੀ ਕਿ ਲੜਕੇ ਵਾਲੇ ਲੜਕੀ ਨੂੰ ਕੈਨੇਡਾ ਭੇਜਣ ਦਾ ਖ਼ਰਚਾ ਕਰਨ ਗੁਰਪ੍ਰੀਤ ਦੇ ਮਾਪਿਆਂ ਨੇ ਆਪਣੇ ਇਕਲੌਤੇ ਪੁੱਤਰ ਲਈ ਸਬੰਧੀ ਕੌਰ ਬਰਾੜ ਨਿਵਾਸੀ ਬੁੱਲੇਵਾਲ ਦਾ ਰਿਸ਼ਤਾ ਲੈ ਲਿਆ। ਸੁਮਨਪ੍ਰੀਤ ਕੌਰ ਅਤੇ ਗੁਰਪ੍ਰੀਤ ਦਾ ਸਾਲ 2018 ਵਿੱਚ ਵਿਆਹ ਹੋ ਗਿਆ। ਕੁੱਝ ਦੇਰ ਬਾਅਦ ਉਸ ਦੇ ਸਹੁਰੇ ਪਰਿਵਾਰ ਨੇ 20 ਲੱਖ ਰੁਪਏ ਖਰਚ ਕੇ ਉਸ ਨੂੰ ਕੈਨੇਡਾ ਭੇਜ ਦਿੱਤਾ। ਫੇਰ ਸੁਮਨਪ੍ਰੀਤ ਨੇ ਇਨਰੋਲਮੈਂਟ ਪੱਤਰ ਭੇਜ ਕੇ ਗੁਰਪ੍ਰੀਤ ਨੂੰ ਵੀ ਕੈਨੇਡਾ ਬੁਲਾ ਲਿਆ। ਗੁਰਪ੍ਰੀਤ ਨੇ ਦੇਖਿਆ ਕਿ ਉੱਥੇ ਉਸੇ ਘਰ ਵਿੱਚ ਲਹਿਰਾਗਾਗਾ ਤੋਂ ਗਿਆ ਰਾਜੂ ਗੁਪਤਾ ਅਤੇ ਰਮਨਜੋਤ ਨਾਂ ਦੀ ਲੜਕੀ ਵੀ ਮੌਜੂਦ ਸੀ। ਸੁਮਨਪ੍ਰੀਤ ਕੌਰ ਨੇ ਗੁਰਪ੍ਰੀਤ ਸਿੰਘ ਨੂੰ ਸਪੱਸ਼ਟ ਰੂਪ ਵਿਚ ਆਖ ਦਿੱਤਾ ਕਿ ਉਸ ਦੇ ਸਬੰਧ ਰਾਜੂ ਗੁਪਤਾ ਨਾਲ ਹਨ। ਉਸ ਕੋਲ ਪੈਸੇ ਨਾ ਹੋਣ ਕਾਰਨ ਕੈਨੇਡਾ ਆਉਣ ਲਈ ਉਸ ਨੇ ਗੁਰਪ੍ਰੀਤ ਦੀ ਸਹਾਇਤਾ ਲਈ ਹੈ। ਉਨਾਂ ਨੇ ਗੁਰਪ੍ਰੀਤ ਨੂੰ ਧਮਕੀਆਂ ਵੀ ਦਿੱਤੀਆਂ। ਆਪਣੀ ਜਾਨ ਜੋਖਿਮ ਵਿੱਚ ਦੇਖ ਕੇ ਗੁਰਪ੍ਰੀਤ ਸਿੰਘ ਵਾਪਸ ਪੰਜਾਬ ਆ ਗਿਆ।



# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

**Basic web packages are availables on comparatively economical rates**
**We work as per your requirement and charge only according to work**

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**
a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.
**$4,900,000**



**1943 E Fremont St,**
1924 E park St and 1850 E Oak St Stockton CA 95205,
Total 8 APN number, one lot,
7.56 acres paved truck parking.
**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਸਾਕਾ ਨਕੋਦਰ ਦੇ ਸਿੱਖ ਸ਼ਹੀਦ

## ਸ਼ਹਾਦਤਾਂ 4 ਫਰਵਰੀ 1986



ਸਾਕਾ ਨਕੋਦਰ ਦੇ ਸ਼ਹੀਦਾਂ ਦੇ 34ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿਚ ਮਿਤੀ 9 ਫਰਵਰੀ ਦਿਨ ਐਤਵਾਰ ਨੂੰ ਗੁਰਦੂਆਰਾ ਸਾਹਿਬ ਫਰੀਮੌਂਟ (ਕੈਲੀਫੋਰਨੀਆ) ਵਿਖੇ ਮਹਾਨ ਸ਼ਹੀਦੀ ਸਮਾਗਮ ਹੋ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਸ਼ਹੀਦ ਹੋਏ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਸਿਜਦਾ ਕਰਨ ਲਈ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਜੀ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

**408 - 461 - 7071**

# ਗੁਰਮਤਿ ਸੰਗੀਤ ਵਿੱਚ ਬਸੰਤ ਦੀ ਕੀਰਤਨ-ਮਰਿਆਦਾ

**- ਡਾ. ਗੁਰਨਾਮ ਸਿੰਘ**

**ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਵਿਚ ਪ੍ਰਕਿਰਤੀ ਦੇ ਮੌਲਣ ਤੇ ਵਿਗਸਣ ਦੀ ਪ੍ਰਕ੍ਰਿਆ ਦੇ ਪ੍ਰਤੀਕਾਤਮਕ ਚਿਤਰਣ ਦੁਆਰਾ ਆਤਮ ਵਿਗਾਸ ਦਾ ਸੁਨੇਹਾ ਦਿੱਤਾ ਗਿਆ ਹੈ। ਇਸ ਰਾਗ ਵਿਚ ਸਮੂਹ ਬਾਣੀਕਾਰ ਗੁਰੂ ਸਾਹਿਬਾਨ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਰਾਮਾਨੰਦ, ਭਗਤ ਰਾਮਦੇਵ ਅਤੇ ਭਗਤ ਰਵਿਦਾਸ ਜੀ ਦੀ ਇਲਾਹੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਬਾਣੀ ਵਿਚ ਬਸੰਤ ਦਾ ਇਕ ਹੋਰ ਪ੍ਰਕਾਰ ਬਸੰਤ ਹਿੰਡੋਲ ਵੀ ਖ਼ੂਬ ਪ੍ਰਯੋਗ ਕੀਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬਸੰਤ ਦੇ ਸ਼ੁਭ ਆਗਮਨ 'ਤੇ ਮਨੁੱਖੀ ਮਨ ਨੂੰ ਮੁਮਾਰਖੀ ਸੁਨੇਹਾ ਦਿੰਦਿਆਂ ਆਤਮ ਵਿਗਾਸ ਦੁਆਰਾ ਚੜਦੀ ਕਲਾ ਵਿਚ ਟਿਕਣ ਦਾ ਮਾਰਗ ਦਰਸਾਇਆ ਹੈ। ਤੀਸਰੇ ਗੁਰੂ ਅਮਰਦਾਸ ਜੀ ਬਨਸਪਤੀ ਦੇ ਮੌਲਣ ਨਾਲ ਬਸੰਤ ਰੂਪ ਦੇ ਆਗਮਨ ਤੇ ਗੁਰੂ ਦੀ ਸੰਗਤ ਸੰਗ ਮੌਲਣ ਤੇ ਵਿਗਸਣ ਦੀ ਬਾਤ ਪਾ ਰਹੇ ਹਨ। ਗੁਰੂ ਅਰਜਨ ਪਾਤਸ਼ਾਹ ਇਸ ਕਲਜੁਗ ਵਿਚ ਨਾਮ ਬੀਜਣ ਦਾ ਸੁਨੇਹਾ ਦਿੰਦਿਆਂ ਦਰਸਾ ਰਹੇ ਹਨ ਕਿ ਉਸ ਗ੍ਰਹਿ ਵਿਚ ਬਸੰਤ ਦਾ ਆਤਮਿਕ ਖੇੜਾ ਵਿਗਾਸ ਤੇ ਟਿਕਾਅ ਪ੍ਰਵੇਸ਼ ਕਰੇਗਾ ਜਿੱਥੇ ਉਸ ਹਰਿ ਕੀਰਤਨ ਦੀ ਧੁਨੀ ਗੂੰਜਰਿਤ ਰਹੇਗੀ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਵੈਰਾਗਮਈ ਬਾਣੀ ਮਨੁੱਖੀ ਮਨ ਨੂੰ ਵਾਰ ਵਾਰ ਚੇਤਾਰ ਰਹੀ ਹੈ ਕਿ ਤੇਰੇ ਸੰਗ ਕੇਵਲ ਇਕੋ ਪ੍ਰਭੂ ਭਗਤੀ ਨੇ ਹੀ ਜਾਣਾ ਹੈ। ਇਸ ਲਈ ਇਕ ਮਨ ਇਕ ਚਿਤ ਇਕ ਰਸ ਹੋ ਕੇ ਉਸ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ।

ਭਗਤ ਕਬੀਰ ਜੀ ਦਾ ਸ਼ਬਦ ''ਮਉਲੀ ਧਰਤੀ ਮਉਲਿਆ ਆਕਾਸ਼'', ਰਾਮਾਨੰਦ ਜੀ ਦਾ ਸ਼ਬਦ ''ਕਤ ਜਾਈਐ ਰੇ ਘਰੁ ਲਾਗੋ ਰੰਗ'', ਇਸ ਰਾਗ ਦੀਆਂ ਵਿਸ਼ੇਸ਼ ਸ਼ਬਦ ਰਚਨਾਵਾਂ ਹਨ। ਬਸੰਤ ਰਾਗ ਦੀ ਸਮੁੱਚੀ ਬਾਣੀ ਦਾ ਉਦੇਸ਼ ਮਨੁੱਖੀ ਮਨਾਂ ਨੂੰ ਸਦੀਵੀ ਖੇੜਾ ਪ੍ਰਦਾਨ ਕਰਨਾ ਹੈ।

ਇਸ ਤਰਾਂ ਬਸੰਤ ਰਾਗ ਦੀ ਬਾਣੀ ਸਾਡੇ ਜੀਵਨ ਚੱਕਰ ਵਿਚ ਅਹਿਮ ਹੈ। ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਰਾਗਾਂ ਦੇ ਕਾਲ ਚੱਕਰ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ। ਇਨਾਂ ਵੱਖ-ਵੱਖ ਸਮਿਆਂ 'ਤੇ ਹੋਣ ਵਾਲੀਆਂ ਕੀਰਤਨ ਪੇਸ਼ਕਾਰੀਆਂ ਨੂੰ ਕੀਰਤਨ ਚੌਕੀ ਕਿਹਾ ਜਾਂਦਾ ਹੈ। ਜਿਵੇਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਕਾਨੜੇ ਦੀ ਚੌਕੀ ਆਦਿ। ਰੁੱਤਾਂ ਨਾਲ ਸਬੰਧਤ ਦੋ ਅਹਿਮ ਕੀਰਤਨ ਚੌਕੀਆਂ ਸਾਵਣ ਰੁਤੇ ਮਲਾਰ ਤੇ ਬਸੰਤ ਰੁਤ ਵਿਚ ਬਸੰਤ ਦੀ ਕੀਰਤਨ ਚੌਕੀ ਹੈ। ਆਸਾ ਦੀ ਵਾਰ, ਸੋ ਦਰੁ ਦੀ ਕੀਰਤਨ ਚੌਕੀ ਤੋਂ ਬਾਅਦ ਬਸੰਤ ਦੀ ਕੀਰਤਨ ਚੌਕੀ ਦੇ ਗਾਇਨ ਦਾ ਪ੍ਰਚਲਨ ਅਜੇ ਵੀ ਰਾਗੀਆਂ ਵਿਚ ਹੈ। ਇਹ ਪ੍ਰਸੰਨਤਾ ਤੇ ਸ਼ਲਾਘਾ ਦਾ ਵਿਸ਼ਾ ਹੈ।

ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਦੀ ਮਰਿਆਦਾ ਅਨੁਸਾਰ ਬਸੰਤ ਰਾਗ 'ਤੇ ਅਧਾਰਤ ਬਸੰਤ ਦੀ ਕੀਰਤਨ ਚੌਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ 'ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ ਬਸੰਤ ਖੋਲਣ ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਲੋਕ ਸੰਗੀਤਕ ਅੰਗ ਤੋਂ ਕੀਤੇ ਜਾਣ ਵਾਲੇ ਵਾਰੀਆਂ ਦੇ ਕੀਰਤਨ ਵਿਚ ਵੀ ਬਸੰਤ ਰੁਤ ਵਿਚ ਬਸੰਤ ਰਾਗ ਦੇ ਸ਼ਬਦਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ। ਇਸ ਤਰਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਨ ਹਰ ਕੀਰਤਨ ਚੌਕੀ ਵਿਚ ਕਰਨ ਦੀ ਪ੍ਰਥਾ ਹੈ। ਹੋਲੇ ਮਹੱਲੇ ਤੋਂ ਪਹਿਲੀ ਰਾਤ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਬਸੰਤ ਰਾਗ ਅਤੇ ਹੋਲੀ ਨਾਲ ਸਬੰਧਤ ਸ਼ਬਦਾਂ ਦੇ ਗਾਇਨ 'ਤੇ ਆਧਾਰਿਤ ਵਿਸ਼ੇਸ਼ ਰਾਗ ਦਰਬਾਰ ਦੀ ਪ੍ਰਥਾ ਅੱਜ ਤੱਕ ਪ੍ਰਚਲਿਤ ਹੈ ਜਿਸ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਵੀ ਬਸੰਤ ਤੇ ਬਸੰਤ ਦੇ ਪ੍ਰਕਾਰਾਂ ਵਿਚ ਕਰ ਲਿਆ ਜਾਂਦਾ ਹੈ। ਇਥੇ ਸਪਸ਼ਟ ਕਰਨਾ ਉਚਿੱਤ ਹੋਵੇਗਾ ਕਿ ਉਂਜ ਵੀ ਬਸੰਤ ਰਾਗ ਆਪਣੇ ਸਮੇਂ ਅਨੁਸਾਰ ਸ਼ੁੱਧ ਬਸੰਤ ਦੁਪਹਿਰ ਤੇ ਬਸੰਤ (ਪੂਰਵੀ) ਮੱਧ ਰਾਤ ਨੂੰ ਗਾਇਆ ਜਾਂਦਾ ਹੈ। ਬਸੰਤ ਰੁਤ ਸਮੇਂ ਇਸ ਰਾਗ ਨੂੰ ਹਰ ਸਮੇਂ ਗਾਉਣ ਦੀ ਪ੍ਰਥਾ ਹੈ। ਗੁਰੂ ਘਰ ਵਿਚ ਪੁਰਾਤਨ ਬਸੰਤ ਸ਼ੁੱਧ ਸੁਰਾਂ ਵਾਲਾ ਬਿਲਾਵਲ ਥਾਟ ਵਾਲਾ ਬਸੰਤ ਪ੍ਰਚਲਤ ਰਿਹਾ। ਵਰਤਮਾਨ ਸਮੇਂ ਬਸੰਤ ਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰੂਪ ਕੀਰਤਨੀਆਂ ਵਿਚ ਖ਼ੂਬ ਉਤਸ਼ਾਹ ਨਾਲ ਗਾਏ ਵਜਾਏ ਜਾਂਦੇ ਹਨ। ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ ਕੀਰਤਨੀਏ ਇਸ ਰੁੱਤੇ ਬਸੰਤ ਰਾਗ ਵਿਚ ਸ਼ਬਦ ਤੇ ਬਸੰਤ ਕੀ ਵਾਰ ਮਹੱਲਾ ਪੰਜਵਾਂ ਦੀਆਂ ਵਿਚੋਂ ਪਉੜੀਆਂ ਦਾ ਗਾਇਨ ਜ਼ਰੂਰ ਕਰਦੇ ਹਨ।

ਇਸ ਤਰਾਂ ਗੁਰੂ ਸਾਹਿਬਾਨ ਨੇ ਰਾਗ ਤੇ ਸੰਗੀਤ ਦੀ ਨਾਦਾਤਮਕ ਸ਼ਕਤੀ ਜੋ ਸਾਡੇ ਸੱਭਿਆਚਾਰਕ ਧਰਾਤਲ ਦੀ ਵੱਡੀ ਧਰੋਹਰ ਨੂੰ ਸਦੀਵੀ ਰੂਪ ਵਿਚ ਸੰਭਾਲਦਿਆਂ ਇਸ ਦੇ ਪ੍ਰਯੋਗ ਨੂੰ ਚਿਰੰਜੀਵਤਾ ਪ੍ਰਦਾਨ ਕੀਤੀ ਹੈ। ਗੁਰੂ ਘਰ ਵਿਚ ਸਦੀਆਂ ਤੋਂ ਗਾਇਨ ਕੀਤੇ ਜਾਂਦੇ ਇਹ ਰਾਗ ਅੱਜ ਜਿੱਥੇ ਸਾਡੇ ਮਨਾਂ ਵਿਚ ਸ਼ਬਦ ਦਾ ਪ੍ਰਕਾਸ਼ ਕਰ ਰਹੇ ਹਨ ਉਥੇ ਭਾਰਤੀ ਸੰਗੀਤ ਦੀ ਰਾਗਾਤਮਕ ਵਿਰਾਸਤ ਨੂੰ ਵੀ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸੁਰੱਖਿਅਤ ਕੀਤਾ ਤੇ ਪਰਚਾਰਿਆ। ਪ੍ਰਸੰਨਤਾ ਦਾ ਵਿਸ਼ਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਬਸੰਤ ਪੰਚਮੀ ਦੇ ਅਵਸਰ 'ਤੇ ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਨਾਲ ਸਾਂਝੇ ਤੌਰ 'ਤੇ 8 ਫਰਵਰੀ ਨੂੰ ਰਾਤ ਨੂੰ ਇਕ ਵਿਸ਼ਾਲ ਬਸੰਤ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਉੱਦਮ ਲਈ ਜਥੇਦਾਰ ਅਵਤਾਰ ਸਿੰਘ ਤੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਸ਼ਲਾਘਾ ਦੇ ਹੱਕਦਾਰ ਹਨ। ਇਸ ਰਿਕਾਰਡਿੰਗ ਨੂੰ ਪੰਜਾਬੀ ਯੂਨੀਵਰਸਿਟੀ ਦੀ ਗੁਰਮਤਿ ਸੰਗੀਤ ਵੈੱਬਸਾਈਟ 'ਤੇ ਜਲਦ ਹੀ ਅਪਲੋਡ ਕਰ ਦਿੱਤਾ ਜਾਵੇਗਾ ਤੇ ਪੀ.ਟੀ.ਸੀ ਤੇ ਹੋਰ ਚੈਨਲ ਇਸ ਦਾ ਨਿਰੰਤਰ ਪ੍ਰਸਾਰਣ ਵੀ ਕਰਨਗੇ। ਅਜਿਹੇ ਯਤਨਾਂ ਦੁਆਰਾ ਅਸੀਂ ਆਪਣੀ ਵਿਰਾਸਤ ਦੀ ਸੰਭਾਲ ਕਰ ਸਕਦੇ ਹਾਂ ਤੇ ਗੁਰੂ ਦਾ ਸੁਨੇਹਾ ਸਮੁੱਚੀ ਮਾਨਵਤਾ ਤੱਕ ਪਹੁੰਚਾ ਸਕਦੇ ਹਾਂ।

---

## ਧਰਮ-ਨਿਰਪੇਖ ਯਾਦਗਾਰ

# ਸ੍ਰੀ ਹਰਗੋਬਿੰਦਪੁਰ ਵਿੱਚ 'ਗੁਰੂ ਕੀ ਮਸੀਤ'

**- ਪ੍ਰਿੰਸੀਪਲ ਨਰਿੰਦਰ ਸਿੰਘ ਬੇਦੀ**

ਜ਼ਿਲਾ ਗੁਰਦਾਸਪੁਰ ਦੇ ਪ੍ਰਸਿੱਧ ਪੁਰਾਣੇ ਸ਼ਹਿਰ ਸ੍ਰੀ ਹਰਗੋਬਿੰਦਪੁਰ ਵਿੱਚ 'ਗੁਰੂ ਕੀ ਮਸੀਤ' ਆਪਣੀ ਪੂਰੀ ਆਨ ਅਤੇ ਸ਼ਾਨ ਨਾਲ ਸੁਭਾਇਮਾਣ ਹੈ। ਇਹ ਮਸੀਤ ਮੀਰੀ-ਪੀਰੀ ਦੇ ਮਾਲਕ, ਬੰਦੀ ਛੋੜ ਦਾਤਾ, ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਆਪਣੇ ਵਿੱਚ ਸਮੋਈ ਬੈਠੀ ਹੈ। ਸਾਲ 1630 ਵਿੱਚ ਜੰਗ ਸ੍ਰੀ ਹਰਗੋਬਿੰਦਪੁਰ ਦੀ ਅਲੌਕਿਕ ਫਤਹਿ ਤੋਂ ਬਾਅਦ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਇੱਥੇ ਇੱਕ ਸੁੰਦਰ ਅਤੇ ਸੁਰੱਖਿਅਤ ਸ਼ਹਿਰ ਦੀ ਉਸਾਰੀ ਕੀਤੀ ਜਾਵੇ ਜਿੱਥੇ ਇੱਥੋਂ ਦੇ ਵਾਸੀ ਕਿਸੇ ਡਰ ਭੈਅ ਤੋਂ ਬਿਨਾ ਅਮਨ ਚੈਨ ਨਾਲ ਰਹਿ ਸਕਣ।

ਗੁਰੂ ਜੀ ਨੇ ਇਸ ਸ਼ਹਿਰ ਨੂੰ ਸਾਂਝੀਵਾਲਤਾ ਅਤੇ ਧਰਮ-ਨਿਰਪੇਖਤਾ ਦੀ ਦਿੱਖ ਦੇਣ ਲਈ, ਜਿੱਥੇ ਹਿੰਦੂਆਂ ਅਤੇ ਸਿੱਖਾਂ ਲਈ ਮੰਦਰ ਅਤੇ ਗੁਰਦੁਆਰੇ ਬਣਵਾਏ, ਉੱਥੇ ਮੁਸਲਮਾਨ ਭਰਾਵਾਂ ਲਈ ਇੱਕ ਆਲੀਸ਼ਾਨ ਮਸੀਤ ਵੀ ਬਣਵਾਈ ਜਿਸ ਨੂੰ ਅੱਜ ਤਕ 'ਗੁਰੂ ਕੀ ਮਸੀਤ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਵੱਲੋਂ ਕਿਸੇ ਦੂਜੇ ਧਰਮ ਲਈ ਬਣਾਇਆ ਗਿਆ ਧਰਮ ਅਸਥਾਨ ਦੀ ਇਹ ਅਨੋਖੀ ਤੇ ਅਨੂਠੀ ਉਦਾਹਰਨ ਸ਼ਾਇਦ ਹੀ ਦੁਨੀਆਂ ਭਰ ਵਿੱਚੋਂ ਕਿਤੇ ਮਿਲਦੀ ਹੋਵੇ। ਇਸ ਸ਼ਹਿਰ ਵਿੱਚ ਵਸੇ ਮੁਸਲਮਾਨ ਪੀਰ ਸ਼ਾਹਇਮਾਨ (ਸ਼ਾਹ ਮਾਨਾ), ਸ਼ਾਹ ਗੋਦੜੀਵਾਲਾ, ਮਾਨੀ ਸ਼ਾਹ ਤੇ ਜਾਨੀ ਸ਼ਾਹ ਨਾਲ ਗੁਰੂ ਜੀ ਦੀ ਬੜੀ ਨੇੜਤਾ ਸੀ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਗੁਰੂ ਜੀ ਨੇ ਜਦੋਂ ਇੱਥੇ ਮਸੀਤ ਬਣਾਉਣ ਦਾ ਨਿਸਚਾ ਕੀਤਾ ਤਾਂ ਮੁਸਲਮਾਨਾਂ ਨੂੰ ਬਹੁਤ ਸਨੇਹ ਵਾਲੀ ਗੱਲ ਜਾਪੀ। ਇਤਿਹਾਸ ਅਨੁਸਾਰ ਕਿਹਾ ਜਾਂਦਾ ਹੈ ਕਿ ਜਿਵੇਂ ਕੁਦਰਤ ਨੇ ਵੀ ਇਸ ਫ਼ੈਸਲੇ 'ਤੇ ਖ਼ੁਸ਼ੀ ਪ੍ਰਗਟਾਈ ਹੋਵੇ, ਕਿਉਂਕਿ ਉਸੇ ਵੇਲੇ ਅਕਾਸ਼ ਬੱਦਲਾਂ ਨਾਲ ਢਕਿਆ ਗਿਆ। ਮਨ ਮੋਹਣੇ ਬੱਦਲ ਚਾਰ-ਚੁਫ਼ੇਰੇ ਛਾ ਗਏ। ਠੰਢੀਆਂ ਅਤੇ ਤੇਜ਼ ਹਵਾਵਾਂ ਚੱਲੀਆਂ ਅਤੇ ਭਾਰੀ ਵਰਖਾ ਸ਼ੁਰੂ ਹੋ ਗਈ। ਦਰਿਆ ਬਿਆਸ ਵੀ ਖ਼ੁਸ਼ੀ ਨਾਲ ਝੂਮ ਉੱਠਿਆ। ਦਰਿਆ ਵਿੱਚ ਹੜ ਦੀਆਂ ਛੱਲਾਂ ਅਤੇ ਲਹਿਰਾਂ ਦੇ ਵਲ਼-ਵਲੇਵੇਂ ਇਉਂ ਜਾਪਦੇ ਸਨ, ਜਿਵੇਂ ਨਾਚ ਕਰ ਰਹੀਆਂ ਹੋਣ ਅਤੇ ਉਨਾਂ ਦੀਆਂ ਮਧੁਰ ਆਵਾਜ਼ਾਂ ਸੁੰਦਰ ਗੀਤ ਜਾਪਦੇ ਸਨ।



ਗੁਰੂ ਕੀ ਮਸੀਤ ਦੀ ਜਗਾ ਦੀ ਚੋਣ ਅਜਿਹੀ ਹੈ ਕਿ ਉਹ ਅੱਜ ਵੀ ਦਰਿਆ ਵੱਲ ਮੂੰਹ ਕਰੀ ਸੁੰਦਰ ਨਜ਼ਾਰੇ ਤਕ ਕੇ ਮਨ-ਮੁਗ਼ਧ ਹੁੰਦੀ ਰਹਿੰਦੀ ਹੈ। ਗੁਰੂ ਜੀ ਦੇ ਧਰਮ-ਨਿਰਪੱਖ ਅਤੇ ਖੁੱਲਦਿਲੇ ਵਿਚਾਰਾਂ ਨੂੰ ਅਕੀਦੱਤ ਪੇਸ਼ ਕਰਨ ਲਈ ਇਲਾਕੇ ਭਰ ਦੇ ਸਾਰੇ ਧਰਮਾਂ ਦੇ ਲੋਕ ਇਸ ਸਥਾਨ (ਗੁਰੂ ਕੀ ਮਸੀਤ) ਨੂੰ ਪੂਰਾ ਮਾਣ ਅਤੇ ਸਤਿਕਾਰ ਦਿੰਦੇ ਹਨ।

ਉਂਜ ਤਾਂ ਇਹ ਸ਼ਹਿਰ ਹੀ ਨਿਵੇਕਲੀ ਸ਼ਾਨ ਦਾ ਮਾਲਕ ਹੈ ਪਰ ਇਸ ਮਸੀਤ ਦੀ ਉਸਾਰੀ ਵੀ ਬੜੀ ਸੁੰਦਰ ਅਤੇ ਸਲੀਕੇ ਨਾਲ ਕੀਤੀ ਗਈ ਹੈ। ਜਦੋਂ ਇਸ ਦਾ ਗੇਟ ਲੰਘ ਕੇ ਇਸ ਦੇ ਹਾਤੇ ਵਿੱਚ ਜਾਈਏ ਤਾਂ ਪਹਿਲਾਂ ਸਾਹਮਣੇ ਗੁਰੂ ਕੀ ਮਸੀਤ ਦੀ ਇਮਾਰਤ ਨਜ਼ਰੀਂ ਪੈਂਦੀ ਹੈ। ਮੁੱਖ ਦੁਆਰ ਲੰਘਦਿਆਂ ਹੀ ਖੱਬੇ ਹੱਥ ਕੋਈ 8 ਫੁੱਟ ਵਿਆਸ ਦਾ ਖੂਹ ਹੈ, ਜਿਸ ਦੇ ਦੁਆਲੇ ਉੱਚੀ ਮਣ ਬਣੀ ਹੋਈ ਹੈ। ਵਿਹੜੇ ਵਿੱਚ ਰੁੱਖ ਅਤੇ ਫੁੱਲ ਬੂਟੇ ਹਨ। ਮਸੀਤ ਦੀ ਇਮਾਰਤ ਮੁਗ਼ਲ ਕਾਲ ਦੀ ਭਵਨ ਕਲਾ ਦਾ ਅਦਭੁੱਤ ਨਮੂਨਾ ਹੈ। ਨਾਨਕਸਾਹੀ ਛੋਟੀਆਂ ਲਾਲ ਰੰਗ ਦੀਆਂ ਇੱਟਾਂ ਨਾਲ ਇਸ ਦੀ ਉਸਾਰੀ ਕੀਤੀ ਗਈ ਹੈ। ਲਸੂੜੀ ਰੰਗ ਦੀ ਮੋਟੀ ਰੇਤ ਅਤੇ ਹੋਰ ਮਸਾਲੇ ਵੀ ਵਰਤੇ ਗਏ ਹਨ।

ਗੁਰੂ ਕੀ ਮਸੀਤ ਦੀ ਇਮਾਰਤ 40 ਫੁੱਟ ਲੰਮੀ ਅਤੇ 20 ਫੁੱਟ ਚੌੜੀ ਆਇਤਕਾਰ ਦੀ ਸ਼ਕਲ ਦੀ ਹੈ। ਇਸ ਦੇ ਉੱਪਰ ਬੜੇ ਹੀ ਸੁੰਦਰ ਤਿੰਨ ਗੁੰਬਦ ਹਨ। ਵਿਚਕਾਰਲਾ ਗੁੰਬਦ ਵੱਡਾ ਅਤੇ ਪਾਸੇ ਵਾਲੇ ਗੁੰਬਦ ਦੋਵੇਂ ਇੱਕੋ ਜਿਹੇ, ਪਰ ਛੋਟੇ ਹਨ। ਸਾਹਮਣੇ ਵੱਲ ਤਿੰਨ ਦਰਵਾਜ਼ੇ ਹਨ, ਜਿਨਾਂ 'ਤੇ ਕੁਝ ਨਾ ਪੜਨਯੋਗ ਫ਼ਾਰਸੀ ਅੱਖਰ ਲਿਖੇ ਹੋਏ ਹਨ ਪਰ ਸਮੇਂ ਦੇ ਚੱਕਰ ਨਾਲ ਇਹ ਮਿੱਟ ਰਹੇ ਹਨ।

ਹਰ ਦਰਵਾਜ਼ੇ ਦੇ ਨਾਲ ਇੱਕ ਛੋਟਾ ਜਿਹਾ ਆਲਾ ਬਣਿਆ ਹੋਇਆ ਹੈ। ਅੰਦਰ ਜਾਣ ਲਈ ਦੋ ਗਜ਼ (6 ਫੁੱਟ) ਲੰਘ ਕੇ ਫਿਰ ਦਰਵਾਜ਼ਾ ਆਉਂਦਾ ਹੈ। ਕਹਿੰਦੇ ਹਨ ਕਿ ਇਹ ਕੰਧ ਦੀ ਚੌੜਾਈ ਹੈ। ਪਹਿਲਾ ਦੋ ਕੁ ਫੁੱਟ ਦਰਵਾਜ਼ਾ ਉੱਚਾ ਅਤੇ ਖੁੱਲਾ ਹੈ, ਫਿਰ 4 ਕੁ ਫੁੱਟ ਡਾਟ ਵਾਲਾ ਦਰਵਾਜ਼ਾ ਨੀਵਾਂ ਹੈ, ਜੋ 5×3 ਫੁੱਟ ਦਾ ਹੋਵੇਗਾ। ਅੰਦਰ ਜਾਈਏ ਤਾਂ ਇਵੇਂ ਲੱਗਦਾ ਹੈ ਕਿ ਕਿਸੇ ਵਾਤਾਅਨੁਕੂਲ ਭਵਨ ਵਿੱਚ ਆ ਗਏ ਹਾਂ। ਹਰ ਦਰਵਾਜ਼ੇ ਦੇ ਸਾਹਮਣੇ ਪਿਛਲੀ ਕੰਧ ਵਿੱਚ ਹੁਜਰਾ ਹੈ। ਇਸ ਤਰਾਂ ਇਸ ਮਸੀਤ ਵਿੱਚ ਤਿੰਨ ਹੁਜਰੇ ਹਨ। ਆਮ ਮਸੀਤ ਵਿੱਚ ਇੱਕੋ ਹੀ ਹੁਜਰਾ ਹੁੰਦਾ ਹੈ। ਇਹ ਹੁਜਰੇ ਕੰਧ ਤੋਂ ਪਿਛਲੇ ਪਾਸੇ ਵਧੇ ਹੋਏ ਨਹੀਂ ਹਨ। ਉਸ ਵੇਲੇ ਦੇ ਕਾਰੀਗਰਾਂ ਨੇ ਕੰਧ ਏਨੀ ਚੌੜੀ ਬਣਾਈ ਹੋਈ ਹੈ ਕਿ ਹੁਜਰੇ ਕੰਧ ਵਿੱਚ ਹੀ ਬਣੇ ਹੋਏ ਹਨ। ਇਹ ਵੀ ਆਮ ਮਸੀਤਾਂ ਨਾਲੋਂ ਇਸ ਦੀ ਵਿਲੱਖਣਤਾ ਹੈ। ਬਾਹਰ ਵਾਰ ਮਸੀਤ ਦੇ ਚਾਰੇ ਪਾਸੇ ਪੰਜ ਕੁ ਫੁੱਟ ਦਾ ਰਸਤਾ ਹੈ। ਇਸ ਤਰਾਂ ਆਸਾਨੀ ਨਾਲ ਉਸ ਦੇ ਚਾਰ-ਚੁਫ਼ੇਰੇ ਫਿਰ ਕੇ ਦੇਖਿਆ ਜਾ ਸਕਦਾ ਹੈ। ਇਸ ਵਿਲੱਖਣ ਮਸੀਤ ਦੀ ਭਵਨ ਨਿਰਮਾਣ ਕਲਾ ਵੇਖ ਕੇ ਦੰਗ ਰਹਿ ਜਾਈਦਾ ਹੈ।

ਗੁਰੂ ਜੀ ਦੀ ਮਨੁੱਖਤਾ ਨੂੰ ਇਹ ਵਿਲੱਖਣ ਦੇਣ ਦੀ ਮਹਾਨਤਾ ਨੂੰ ਯੂਨੈੱਸਕੋ ਅਤੇ ਯੂਨਾਈਟਿਡ ਸਟੇਟਸ ਸਿੱਖ ਫਾਊਂਡੇਸ਼ਨ ਨੇ ਇਸ ਦੀ ਮੁਰੰਮਤ ਅਤੇ ਇਸ ਨੂੰ ਨਵਿਆਉਣ ਦਾ ਕਾਰਜ ਆਪਣੇ ਹੱਥਾਂ ਵਿੱਚ ਲਿਆ ਹੈ। ਸਥਾਨਕ ਦਾਨੀਆਂ ਨੇ ਵੀ ਸਹਿਯੋਗ ਦਿੱਤਾ ਹੈ ਤਾਂ ਕਿ ਇਸ ਦੀ 400 ਸਾਲ ਪੁਰਾਣੀ ਦਿੱਖ ਮੁੜ ਬਹਾਲ ਕਰਕੇ ਇਸ ਨਾਲ ਸਬੰਧਤ ਇਤਿਹਾਸ ਨੂੰ ਦੁਨੀਆਂ ਦੇ ਲੋਕਾਂ ਤਕ ਪੁੱਜਦਾ ਕੀਤਾ ਜਾਵੇ। ਪਰ ਇਹ ਦਸ ਸਾਲ ਬੀਤ ਜਾਣ 'ਤੇ ਵੀ ਪੂਰਾ ਨਹੀਂ ਹੋ ਸਕਿਆ। ਸਰਕਾਰਾਂ ਦਾ ਪ੍ਰਚੱਲਣ ਹੀ ਇਸ ਤਰਾਂ ਦਾ ਹੈ। ਫਿਰ ਵੀ ਇਸ ਅਨੋਖੀ, ਅਨੂਠੀ ਅਤੇ ਵਿਲੱਖਣ ਯਾਦਗਾਰ, ਜੋ ਗੁਰੂ ਜੀ ਦੀ ਮਹਾਨ ਅਤੇ ਸਰਵੋਤਮ ਸਿੱਖ ਫ਼ਲਸਫ਼ੇ ਨੂੰ ਦਰਸਾਉਂਦੀ ਹੈ, ਦੀ ਜ਼ਿਆਰਤ ਕਰਨੀ ਬਣਦੀ ਹੈ।

# ਮੁੰਬਈ ਵਿੱਚ ਪੰਜਾਬੀ ਤੇ ਮਹਿਮਾਨਨਿਵਾਜ਼ੀ

- ਜਗਜੀਤ ਸਿੰਘ

ਸਾਰੇ ਮਹਾਂਨਗਰਾਂ 'ਚ ਪੰਜਾਬੀ ਖਾਣੇ ਦਾ ਬੋਲਬਾਲਾ ਹੈ। ਪੁਣੇ, ਨਾਗਪੁਰ, ਕਲਕੱਤਾ ਵਰਗੇ ਸ਼ਹਿਰਾਂ ਵਿੱਚ ਕਈ ਪੰਜਾਬੀ ਰੈਸਟੋਰੈਂਟ ਖੁੱਲ ਗਏ ਹਨ।

ਮੈਂ ਸੰਨ 1947 ਵਿੱਚ ਦੇਸ਼ ਦੇ ਬਟਵਾਰੇ ਤੋਂ ਬਾਅਦ ਮੁੰਬਈ ਵਿੱਚ ਆ ਕੇ ਰਹਿਣ ਲੱਗ ਪਿਆ। ਉਦੋਂ ਮੇਰੀ ਉਮਰ 13-14 ਦੀ ਸੀ। ਫਰੇਅਰ ਰੋਡ ਉੱਤੇ ਸਿੰਘ ਸਭਾ ਦਾ ਗੁਰਦੁਆਰਾ ਸੀ। ਉੱਥੇ ਐਤਵਾਰ ਸ਼ਾਮੀਂ ਕੀਰਤਨ ਹੁੰਦਾ ਸੀ। ਉਦੋਂ ਮੈਂ ਵੀ ਧਾਰਮਿਕ ਖਿਆਲਾਂ ਤੋਂ ਪ੍ਰਭਾਵਿਤ ਸਾਂ। ਹਰ ਐਤਵਾਰ ਇਸ ਗੁਰਦੁਆਰੇ ਵਿੱਚ ਮੱਥਾ ਟੇਕਣਾ ਮੈਂ ਆਪਣਾ ਧਰਮ ਸਮਝਦਾ ਸਾਂ। ਗੁਰਦੁਆਰਾ ਇੱਕ ਖ਼ਸਤਾ ਹਾਲਤ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਸੀ। ਇਸ ਦੇ ਖੱਬੇ ਪਾਸੇ ਰੈਸਟੋਰੈਂਟ 'ਸ਼ੇਰੇ ਪੰਜਾਬ' ਸੀ।

ਪਾਕਿਸਤਾਨ ਬਣਨ ਤੋਂ ਕਈ ਸਾਲ ਪਹਿਲਾਂ ਲਾਇਲਪੁਰ ਦੇ ਇਲਾਕੇ ਤੋਂ ਰੋਜ਼ੀ-ਰੋਟੀ ਦੀ ਤਲਾਸ਼ 'ਚ ਮੁੰਬਈ ਆਏ ਮਰਹੂਮ ਅਵਤਾਰ ਸਿੰਘ ਬੇਦੀ ਨੇ ਸ਼ੇਰੇ ਪੰਜਾਬ ਨਾਂ ਦਾ ਪਹਿਲਾ ਰੈਸਟੋਰੈਂਟ ਸ਼ੁਰੂ ਕੀਤਾ। ਇਸ ਰੈਸਟੋਰੈਂਟ 'ਚ ਪੰਜਾਬੀ ਖਾਣਾ ਮਿਲਦਾ ਸੀ। ਰੈਸਟੋਰੈਂਟ ਵੀ ਟੀ. ਸਟੇਸ਼ਨ ਦੇ ਕੋਲ ਸੀ, ਇਸ ਲਈ ਰੈਸਟੋਰੈਂਟ ਚੱਲ ਪਿਆ। ਬੇਦੀ ਹੁਰਾਂ ਦਾ ਸਾਰਾ ਪਰਿਵਾਰ ਹੀ ਮੁੰਬਈ ਆ ਗਿਆ। ਉਨਾਂ ਦੇ ਬਜ਼ੁਰਗ ਪਿਤਾ ਸ੍ਰੀ ਹਰਨਾਮ ਸਿੰਘ ਹਰ ਰੋਜ਼ ਰੈਸਟੋਰੈਂਟ ਜਾਂਦੇ ਤੇ ਗਾਹਕਾਂ ਨਾਲ ਗੱਲਬਾਤ ਕਰਕੇ ਸਾਂਝ ਪੈਦਾ ਕਰ ਲੈਂਦੇ। ਜਦੋਂ ਰੈਸਟੋਰੈਂਟ ਚੱਲ ਨਿਕਲਿਆ ਤਾਂ ਅਵਤਾਰ ਸਿੰਘ ਬੇਦੀ ਦੇ ਛੋਟੇ ਭਰਾ ਮਨੋਮੋਹਨ ਸਿੰਘ ਵੀ ਉਨਾਂ ਨਾਲ ਇਸ ਕੰਮ ਵਿੱਚ ਲੱਗ ਗਏ। ਉਨਾਂ ਨੇ ਸਮਾਂ ਪਾ ਕੇ ਹੋਟਲ ਡਿਪਲੋਮੇਟ ਕੋਲਾਬੇ ਦੇ ਇਲਾਕੇ 'ਚ ਖੋਲ ਲਿਆ। ਇਹ ਹੋਟਲ ਤਾਜ ਮਹਿਲ ਦੀ ਪਿਛਲੀ ਗਲੀ 'ਚ ਹੈ। ਬੇਦੀਆਂ ਦੇ ਇੱਕ ਭਰਾ ਨੇ ਸ਼ੇਰੇ ਪੰਜਾਬ ਸਾਹਮਣੇ ਸਿੰਧ ਪੰਜਾਬ ਨਾਂ ਦਾ ਰੈਸਟੋਰੈਂਟ ਤੇ ਨਾਲ ਹੀ ਸ੍ਰੀ ਪ੍ਰਤਾਪ ਸਿੰਘ ਝੱਟਕਈ ਨੇ ਵੀ ਇੱਕ ਹੋਰ ਰੈਸਟੋਰੈਂਟ ਖੋਲ ਲਿਆ। ਇਸ ਮਗਰੋਂ ਮਸੂਰੀ 'ਚ ਸੜਕ 'ਤੇ ਛੋਲੇ-ਭਟੂਰੇ ਵੇਚਣ ਵਾਲੇ ਲਾਭ ਸਿੰਘ ਵੀ ਮੁੰਬਈ ਆ ਗਏ ਤੇ ਜੀ.ਪੀ.ਓ. ਸਾਹਮਣੇ ਨੀਲਮ ਰੈਸਟੋਰੈਂਟ ਖੋਲਿਆ।




ਦਰਅਸਲ ਪਾਕਿਸਤਾਨ ਬਣਨ ਤੋਂ ਬਾਅਦ ਕਾਫ਼ੀ ਪੰਜਾਬੀ ਮੁੰਬਈ ਆ ਕੇ ਵਸ ਗਏ। ਰੋਜ਼ੀ-ਰੋਟੀ ਖ਼ਾਤਰ ਉਨਾਂ ਵਿੱਚੋਂ ਬਹੁਤੇ ਟੈਕਸੀਆਂ ਚਲਾਉਣ ਲੱਗ ਪਏ। ਟੈਕਸੀਆਂ ਚਲਾਉਣ ਲਈ ਸਾਰਾ ਦਿਨ ਘਰੋਂ ਬਾਹਰ ਰਹਿਣਾ ਪੈਂਦਾ। ਦੁਪਹਿਰ ਦਾ ਖਾਣਾ ਵੀ ਘਰੋਂ ਬਾਹਰ ਹੀ ਖਾਣਾ ਪੈਂਦਾ। ਇਸ ਕਰਕੇ ਪੰਜਾਬੀ ਰੈਸਟੋਰੈਂਟਾਂ ਦਾ ਖਾਣਾ ਕਾਫੀ ਮਕਬੂਲ ਹੋਣ ਲੱਗ ਪਿਆ। ਕੋਲੀਵਾੜਾ ਚੈਂਬੂਰ, ਸਾਇਨ ਤੇ ਭਾਡੁੰਪ, ਮੁਲੰਡ ਤੇ ਫਿਰ ਕਲਿਆਨ ਤੇ ਓਲਾਸ ਨਗਰ ਵਿੱਚ ਸਿੰਧੀ ਤੇ ਪੰਜਾਬੀ ਰਫ਼ਿਊਜੀਆਂ ਲਈ ਕੈਂਪ ਸਨ। ਹੌਲੀ-ਹੌਲੀ ਸਾਰੇ ਰਫ਼ਿਊਜੀ ਇਨਾਂ ਇਲਾਕਿਆਂ ਦੇ ਪੱਕੇ ਵਸਨੀਕ ਬਣ ਗਏ ਤੇ ਇਨਾਂ ਇਲਾਕਿਆਂ ਵਿੱਚ ਵੀ ਛੋਟੇ-ਮੋਟੇ ਢਾਬੇ ਟਾਈਪ ਰੈਸਟੋਰੈਂਟ ਖੁੱਲ ਗਏ।

ਹੌਲੀ-ਹੌਲੀ ਸਾਰੀ ਮੁੰਬਈ 'ਚ ਮੱਕੀ ਦੀ ਰੋਟੀ, ਸਰੋਂ ਦਾ ਸਾਗ ਤੇ ਲੱਸੀ ਦੇ ਨਾਲ ਨਾਲ ਕਾਲੀ ਮੱਖਣੀ ਦਾਲ ਦੇ ਨਾਂ ਲੋਕਾਂ ਦੀ ਜ਼ੁਬਾਨ 'ਤੇ ਚੜ ਗਏ।

ਦੂਜੇ ਪਾਸੇ ਬੇਦੀ ਪਰਿਵਾਰ ਦੇ ਜਵਾਈ ਦੀਵਾਨ ਸਿੰਘ ਗਾਂਧੀ ਮੁਲਕ ਦੇ ਬਟਵਾਰੇ ਤੋਂ ਬਾਅਦ ਪਰਿਵਾਰ ਸਮੇਤ ਮੁੰਬਈ ਆ ਕੇ ਰਹਿਣ ਲੱਗੇ। ਪਾਕਿਸਤਾਨ ਦੇ ਫੈਸਲਾਬਾਦ 'ਚ ਉਹ ਘੋੜਿਆਂ ਦਾ ਵਪਾਰ ਕਰਦੇ ਸਨ। ਮੁੰਬਈ ਆ ਕੇ ਉਨਾਂ ਕਲਿਆਨ 'ਚ ਸਟੇਸ਼ਨ ਦੇ ਕੋਲ ਹੀ ਸ਼ੇਰੇ ਪੰਜਾਬ ਨਾਂ ਦਾ ਰੈਸਟੋਰੈਂਟ ਖੋਲ ਲਿਆ ਤੇ ਉੱਥੇ ਹੀ ਰਹਿਣ ਲੱਗ ਪਏ। ਕੁਝ ਸਾਲਾਂ ਬਾਅਦ ਉਨਾਂ ਦੇ ਪੁੱਤਰ ਤਰਲੋਕ ਸਿੰਘ ਗਾਂਧੀ ਨੇ ਦਾਦਰ 'ਚ ਸ਼੍ਰੀ ਸਾਊਂਡ ਸਟੂਡੀਓ ਤੇ ਰਣਜੀਤ ਸਟੂਡੀਓ ਨੇੜੇ ਗੁਪਤਾ ਰੈਸਟੋਰੈਂਟ ਲੀਜ਼ 'ਤੇ ਲੈ ਲਿਆ। ਇਨਾਂ ਦੋਨਾਂ ਫਿਲਮ ਸਟੂਡੀਓਜ਼ 'ਚ ਦਿਨ-ਰਾਤ ਸ਼ੂਟਿੰਗ ਹੁੰਦੀ ਰਹਿੰਦੀ ਸੀ ਤੇ ਫਿਲਮਾਂ 'ਚ ਕੰਮ ਕਰਨ ਵਾਲੇ ਅਦਾਕਾਰਾਂ ਦਾ ਖਾਣਾ ਗੁਪਤਾ ਰੈਸਟੋਰੈਂਟ ਤੋਂ ਹੀ ਭੇਜਿਆ ਜਾਂਦਾ। ਉਨਾਂ ਦਿਨਾਂ 'ਚ ਧਰਮਿੰਦਰ ਵਰਗੇ ਹੀਰੋ ਵੀ ਗੁਪਤਾ ਰੈਸਟੋਰੈਂਟ ਤੋਂ ਹੀ ਤੰਦੂਰੀ ਚਿਕਨ ਮੰਗਵਾ ਕੇ ਖਾਣ ਦਾ ਸ਼ੌਕ ਰੱਖਦੇ ਸਨ। ਸਮਾਂ ਪਾ ਕੇ ਤਰਲੋਕ ਸਿੰਘ ਗਾਂਧੀ ਨੇ ਨੇੜੇ ਹੀ ਹੋਟਲ ਗਰੇਟ ਪੰਜਾਬ ਖੋਲ ਲਿਆ। ਗਰੇਟ ਪੰਜਾਬ ਦੀ ਕਮਾਈ ਵਿੱਚੋਂ ਹੀ ਉਨਾਂ ਦੇ ਛੋਟੇ ਭਰਾ ਗੁਰਪਾਲ ਗਾਂਧੀ ਨੇ ਐਰੋਮਾ ਰੈਸਟੋਰੈਂਟ ਅਤੇ ਇੱਕ ਹੋਰ ਭਰਾ ਨੇ ਐਰੋਮਾ ਹੋਟਲ ਖੋਲਿਆ। ਹੋਟਲ ਦਾਦਰ ਇਲਾਕੇ 'ਚ ਸੀ। ਨੇੜੇ ਹੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੀ। ਯਾਤਰੀਆਂ ਦੀਆਂ ਬੱਸਾਂ ਜਦੋਂ ਹਜ਼ੂਰ ਸਾਹਿਬ ਤੋਂ ਹੋ ਕੇ ਮੁੰਬਈ ਆਉਂਦੀਆਂ ਤਾਂ ਯਾਤਰੀ ਗੁਰਦੁਆਰੇ 'ਚ ਠਹਿਰਦੇ ਤੇ ਖਾਣਾ ਗਰੇਟ ਪੰਜਾਬ 'ਚ ਖਾਂਦੇ। ਨੇੜੇ ਹੀ ਟਾਟਾ ਕੈਂਸਰ ਹਸਪਤਾਲ ਸੀ। ਉੱਥੇ ਦੂਜੇ ਸ਼ਹਿਰਾਂ ਤੋਂ ਇਲਾਜ ਲਈ ਆਉਣ ਵਾਲੇ ਵੀ ਇਸ ਰੈਸਟੋਰੈਂਟ ਦਾ ਹੀ ਖਾਣਾ ਪਸੰਦ ਕਰਦੇ। ਇੱਥੋਂ ਨੇੜਲੀ ਕੀਮਤ ਰਾਏ ਬਿਲਡਿੰਗ 'ਚ ਇਨਕਮ ਟੈਕਸ ਦੇ ਦਫ਼ਤਰ ਸਨ ਤੇ ਅਫ਼ਸਰਾਂ ਨੂੰ ਖ਼ੁਸ਼ ਕਰਨ ਲਈ ਪਾਰਟੀਆਂ ਇਸ ਰੈਸਟੋਰੈਂਟ ਵਿੱਚ ਹੀ ਲਿਆਉਂਦੀਆਂ ਸਨ। ਗਰੇਟ ਪੰਜਾਬ ਦੇ ਗਾਂਧੀ ਪਰਿਵਾਰ ਦੇ ਕੁਲਦੀਪ ਸਿੰਘ ਨੇ ਗੋਆ ਜਾ ਕੇ ਸ਼ੇਰੇ ਪੰਜਾਬ ਨਾਂ ਦਾ ਇੱਕ ਰੈਸਟੋਰੈਂਟ ਖੋਲਿਆ ਤੇ ਸਮਾਂ ਪਾ ਕੇ ਉੱਥੇ ਬੜਾ ਵੱਡਾ ਹੋਟਲ ਐਰੋਮਾ ਖੋਲਿਆ।

ਰੈਸਟੋਰੈਂਟ ਤੇ ਹੋਟਲ ਇੰਡਸਟਰੀ ਨਾਲ ਜੁੜੇ ਵਿਅਕਤੀਆਂ ਨੂੰ ਲੋਕਾਂ ਦੇ ਖਾਣ ਪੀਣ ਦੇ ਸ਼ੌਕ ਪੂਰੇ ਕਰਨ ਦੇ ਨਾਲ-ਨਾਲ ਪਬਲਿਕ ਰਿਲੇਸ਼ਨ ਬਣਾਉਣ 'ਚ ਵੀ ਮੁਹਾਰਤ ਹੋ ਜਾਂਦੀ ਹੈ। ਅਕਸਰ ਹੋਟਲਾਂ ਤੇ ਰੈਸਟੋਰੈਂਟਾਂ 'ਚ ਪਾਰਟੀਆਂ ਹੁੰਦੀਆਂ ਰਹਿੰਦੀਆਂ ਹਨ ਭਾਵ ਪ੍ਰੰਨ ਦੇ ਨਾਲ-ਨਾਲ ਫਲੀਆਂ ਵੀ ਮਿਲਣ ਲੱਗ ਪੈਂਦੀਆਂ ਹਨ। ਕਈ ਵਾਰੀ ਤਾਂ ਰਾਜਨੀਤਕ ਸਬੰਧ ਵੀ ਬਣ ਜਾਂਦੇ ਹਨ ਤੇ ਜੇ ਬੰਦਾ ਦੂਰ-ਅੰਦੇਸ਼ ਹੋਵੇ ਤਾਂ ਇਸ ਦਾ ਪੂਰਾ ਲਾਭ ਉਠਾਇਆ ਜਾ ਸਕਦਾ ਹੈ। ਸ੍ਰੀ ਮਨਮੋਹਨ ਸਿੰਘ ਬੇਦੀ ਮੁੰਬਈ ਮਹਾਂਨਗਰਪਾਲਿਕਾ ਦੀਆਂ ਚੋਣਾਂ ਕਈ ਵਾਰੀ ਜਿੱਤੇ ਤੇ ਆਖ਼ਿਰ ਇਸੇ ਮਹਾਂਨਗਰਪਾਲਿਕਾ ਦੇ ਮੇਅਰ ਵੀ ਚੁਣੇ ਗਏ, ਜੋ ਪੰਜਾਬੀਆਂ ਲਈ ਬੜੇ ਮਾਣ ਦੀ ਗੱਲ ਸੀ। ਇਸੇ ਤਰਾਂ ਸ੍ਰੀ ਪ੍ਰਤਾਪ ਸਿੰਘ ਝੱਟਕਈ ਵੀ ਕੁਝ ਦੇਰ ਕਾਰਪੋਰੇਟਰ ਹੋਣ ਦੇ ਨਾਲ-ਨਾਲ ਥੋੜੇ ਸਮੇਂ ਲਈ ਮੇਅਰ ਚੁਣੇ ਗਏ। ਉਨਾਂ ਦਾ ਭਤੀਜਾ ਤਾਰਾ ਸਿੰਘ ਵੀ ਕਾਫ਼ੀ ਦੇਰ ਕਾਰਪੋਰੇਸ਼ਨ ਦਾ ਮੈਂਬਰ ਰਿਹਾ ਤੇ ਅੱਜ-ਕੱਲ ਉਹ ਮਹਾਰਾਸ਼ਟਰ ਅਸੈਂਬਲੀ ਦਾ ਮੈਂਬਰ ਹੈ।

ਸਟਰੈਂਡ ਸਿਨੇਮੇ ਨੇੜਲੇ ਹੋਟਲ ਵੌਲਡਾਰਫ਼ ਦੇ ਮਾਲਕ ਬਖ਼ਸ਼ੀ ਦਲੀਪ ਸਿੰਘ ਨੂੰ ਮੁੰਬਈ ਦਾ ਸ਼ੈਰਿਫ਼ ਬਣਾ ਦਿੱਤਾ ਗਿਆ। ਇਸ ਚਮਤਕਾਰ ਪਿੱਛੇ ਵੀ ਹੋਟਲ ਇੰਡਸਟਰੀ ਦਾ ਹੀ ਹੱਥ ਸੀ। ਬੇਦੀ ਪਰਿਵਾਰ ਦੀ ਦੇਖਾ-ਦੇਖੀ ਸ੍ਰੀ ਪ੍ਰਹਿਲਾਦ ਸਿੰਘ ਕੋਹਲੀ ਨੇ ਵੀ ਪਿਛਲੀ ਸਦੀ ਦੇ ਚੌਥੇ ਦਹਾਕੇ 'ਚ ਦਾਦਰ ਸਟੇਸ਼ਨ ਦੇ ਕੋਲ ਛੋਟਾ ਜਿਹਾ ਪ੍ਰੀਤਮ ਰੈਸਟੋਰੈਂਟ ਖੋਲ ਲਿਆ। ਇੱਥੇ ਮਹੀਨੇ ਭਰ ਦਾ ਦੋ ਵੇਲੇ ਖਾਣਾ ਪੰਜਾਹ ਰੁਪਏ ਵਿੱਚ ਮਿਲ ਜਾਂਦਾ ਸੀ। ਰੈਸਟੋਰੈਂਟ ਨੇੜੇ ਹੀ ਫ਼ਿਲਮ ਸਟੂਡੀਓ ਸਨ। ਇਹ ਫਿਲਮਾਂ 'ਚ ਹੀਰੋ ਬਣਨ ਲਈ ਬਾਹਰਲੇ ਸ਼ਹਿਰਾਂ ਤੋਂ ਆਏ ਸੰਘਰਸ਼ ਕਰ ਰਹੇ ਕਲਾਕਾਰਾਂ ਦਾ ਅੱਡਾ ਬਣ ਗਿਆ। ਸ਼ੁਰੂ-ਸ਼ੁਰੂ 'ਚ ਪ੍ਰਹਿਲਾਦ ਸਿੰਘ ਦੀ ਪਤਨੀ ਆਪਣੇ ਹੱਥਾਂ ਨਾਲ ਖਾਣਾ ਬਣਾਉਂਦੀ ਤੇ ਰੈਸਟੋਰੈਂਟ 'ਚ ਖਾਣ ਵਾਲਿਆਂ ਨੂੰ ਮਹਿਸੂਸ ਹੁੰਦਾ ਜਿਵੇਂ ਉਹ ਆਪਣੀ ਮਾਂ ਦੇ ਹੱਥਾਂ ਦਾ ਪਕਾਇਆ ਖਾਣਾ ਖਾ ਰਹੇ ਹੋਣ। ਹੌਲੀ-ਹੌਲੀ ਰੈਸਟੋਰੈਂਟ ਦਾ ਅਕਾਰ ਵਧਣ ਲੱਗ ਪਿਆ ਤੇ ਕਾਰੋਬਾਰ 'ਚ ਵੀ ਕਾਫ਼ੀ ਤਰੱਕੀ ਹੋਣ ਲੱਗ ਪਈ। ਇਸ ਮਗਰੋਂ ਦਾਦਰ 'ਚ ਸ਼ਿਵਾਜੀ ਪਾਰਕ ਕੋਲ ਸ੍ਰੀ ਕਾਹਨ ਸਿੰਘ ਰੈਸਟੋਰੈਂਟ ਬਣ ਗਿਆ। ਫਿਰ ਸ਼ਿਵਾਜੀ ਪਾਰਕ ਕੋਲ ਕਾਹਨ ਸਿੰਘ ਘੜੀਆਂ ਵਾਲੇ ਨੇ ਪਾਰਕਵੇ ਹੋਟਲ ਤੇ ਰੈਸਟੋਰੈਂਟ ਖੋਲਿਆ। ਉਸ ਦਾ ਅਸਲੀ ਧੰਦਾ ਵਿਦੇਸ਼ੀ ਘੜੀਆਂ ਦਾ ਕਾਰੋਬਾਰ ਸੀ। ਉਹ ਹੋਟਲ ਤੇ ਰੈਸਟੋਰੈਂਟ ਸਫ਼ਲਤਾਪੂਰਵਕ ਚਲਾ ਹੀ ਨਾ ਸਕਿਆ। ਕੋਹਲੀ ਪਰਿਵਾਰ ਨੇ ਇਹ ਹੋਟਲ ਖਰੀਦ ਲਿਆ। ਕਿਸੇ ਸਮੇਂ ਮਹਾਰਾਜਾ ਬੜੌਦਾ ਦੀ ਜਾਇਦਾਦ ਰਹੀ ਇਹ ਇਮਾਰਤ ਸ੍ਰੀ ਪ੍ਰਹਿਲਾਦ ਸਿੰਘ ਨੇ ਖਰੀਦ ਲਈ।

ਸ੍ਰੀ ਪ੍ਰਹਿਲਾਦ ਸਿੰਘ ਦੇ ਦੇਹਾਂਤ ਮਗਰੋਂ ਉਨਾਂ ਦੇ ਪੁੱਤਰ ਕੁਲਵੰਤ ਸਿੰਘ ਕੋਹਲੀ ਨੇ ਨਵੀਂ ਖਰੀਦੀ ਧਰਮ ਪੁੱਤਰ ਬਿਲਡਿੰਗ ਦੇ ਨਾਲ ਦਾ ਪਲਾਟ ਖਰੀਦ ਕੇ ਉੱਥੇ ਹੋਟਲ ਮਿਡ-ਟਾਊਨ ਪ੍ਰੀਤਮ ਖੋਲ ਲਿਆ। ਸਮਾਂ ਪਾ ਕੇ ਇਹ ਹੋਟਲ ਮੁੰਬਈ ਦੇ ਕੇਂਦਰ 'ਚ ਸਥਿਤ ਇੱਕ ਨਾਮੀਂ ਹੋਟਲ ਬਣ ਗਿਆ। ਸ੍ਰੀ ਕੁਲਵੰਤ ਸਿੰਘ ਕੋਹਲੀ ਬਾਈ-ਪਾਸ ਸਰਜਰੀ ਕਰਵਾਉਣ ਲਈ ਅਮਰੀਕਾ ਗਏ। ਉਨਾਂ ਦੀ ਗੈਰ-ਹਾਜ਼ਰੀ 'ਚ ਉਨਾਂ ਦੇ ਪੁੱਤਰ ਟੋਟੀ ਨੇ ਧਰਮ ਪੁੱਤਰ ਬਿਲਡਿੰਗ ਦੇ ਪਿੱਛੇ ਵੱਡੇ ਬਗੀਚੇ ਦੀ ਥਾਂ ਪ੍ਰੀਤਮ ਦਾ ਢਾਬਾ ਖੋਲ ਦਿੱਤਾ। ਸ਼ਹਿਰ ਦੇ ਐਨ ਵਿਚਕਾਰ ਇਸ ਬਾਗ 'ਚ ਪੇਂਡੂ ਵਾਤਾਵਰਣ ਬਣਾਉਣ ਲਈ ਵਾਣ ਨਾਲ ਉਣੀਆਂ ਮੰਜੀਆਂ ਵਿਛਾ ਦਿੱਤੀਆਂ, ਉੱਤੇ ਚਾਦਰਾਂ ਵਿਛਾ ਕੇ ਗੋਲ ਗੱਦੇ ਰੱਖ ਦਿੱਤੇ। ਉਪਰ ਖੁੱਲਾ ਆਸਮਾਨ ਸਾਹਮਣੇ ਤੰਦੂਰ 'ਤੇ ਪੱਕਦੇ ਕਬਾਬ, ਚਿਕਨ, ਰੁਮਾਲੀ ਰੋਟੀਆਂ ਵੇਖ ਕੇ ਵੈਸੇ ਹੀ ਨਸ਼ਾ ਆ ਜਾਂਦਾ। ਮੰਜੀਆਂ 'ਤੇ ਓਟ ਲਾ ਕੇ ਬੈਠੇ ਜਾਂ ਸ਼ਰਾਬ ਦੇ ਨਸ਼ੇ 'ਚ ਧੁੱਤ ਹੋ ਕੇ ਇਨਾਂ ਮੰਜੀਆਂ 'ਤੇ ਹੀ ਭਾਵੇਂ ਲੇਟ ਵੀ ਜਾਓ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ। ਰੰਗ-ਬਰੰਗੀਆਂ ਧੀਮੀ ਰੌਸ਼ਨੀ ਵਾਲੇ ਬੱਲਬ ਤੇ ਕੋਲ ਹੀ ਪੱਥਰ ਟਿਕਾ ਕੇ ਬਣਾਈ ਹੋਈ ਵਾਟਰ ਫਾਲ ਸਮੇਂ ਨੂੰ ਹੋਰ ਵੀ ਰੰਗੀਨ ਬਣਾ ਦਿੰਦੀ ਸੀ।

ਥੋੜੇ ਸਮੇਂ 'ਚ ਹੀ ਪ੍ਰੀਤਮ ਢਾਬਾ ਕਾਫ਼ੀ ਹਰਮਨਪਿਆਰਾ ਹੋ ਗਿਆ। ਮੁੰਬਈ ਵਿੱਚ ਇਸੇ ਤਰਜ਼ ਉੱਤੇ ਖੁੱਲੇ ਹੋਰ ਢਾਬਿਆਂ ਵਿੱਚੋਂ ਮਨਜੀਤ ਦਾ ਢਾਬਾ ਵੀ ਖ਼ੂਬ ਚੱਲ ਨਿਕਲਿਆ।

ਵਾਪੀ ਵਿੱਚ ਸ੍ਰੀ ਕੁਲਵੰਤ ਸਿੰਘ ਕੋਹਲੀ ਨੇ ਸਿਮਟਰ ਕਾਮਥ ਕੋਲੋਂ ਇੱਕ ਹੋਟਲ ਖਰੀਦ ਲਿਆ ਪਰ ਉਹ ਥੋੜੀ ਦੇਰ ਚਲਾ ਕੇ ਬੰਦ ਕਰ ਦਿੱਤਾ। ਵਾਪੀ ਨਾਂ ਦੇ ਸ਼ਹਿਰ 'ਚ ਸ੍ਰੀ ਕੁਲਵੰਤ ਸਿੰਘ ਵੀ ਸ੍ਰੀ ਮਨਮੋਹਨ ਸਿੰਘ ਬੇਦੀ ਵਾਂਗ ਸਰਕਾਰੇ-ਦਰਬਾਰੇ ਕਾਫ਼ੀ ਮਕਬੂਲ ਹਨ। ਉਨਾਂ ਦੀ ਗੱਲਬਾਤ 'ਚ ਸਲੀਕਾ ਹੈ, ਜ਼ੁਬਾਨ 'ਚ ਮਿਠਾਸ ਤੇ ਨਿੱਜੀ ਤੌਰ 'ਤੇ ਉਨਾਂ ਦੇ ਕਈ ਪ੍ਰਸਿੱਧ ਹਸਤੀਆਂ ਨਾਲ ਕਾਫ਼ੀ ਗੂੜੇ ਸਬੰਧ ਹਨ। ਇਨਾਂ ਵਿੱਚੋਂ ਸ੍ਰੀ ਸੁਸ਼ੀਲ ਕੁਮਾਰ ਸ਼ਿੰਦੇ, ਮਰਹੂਮ ਪ੍ਰਮੋਦ ਮਹਾਜਨ, ਗੋਪੀ ਨਾਥ ਮੁੰਡੇ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਮਰਹੂਮ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਸ੍ਰੀ ਬੂਟਾ ਸਿੰਘ, ਗਵਰਨਰ ਸੁਰਜੀਤ ਸਿੰਘ ਬਰਨਾਲਾ ਆਦਿ ਮੁੱਖ ਹਨ। ਬਖ਼ਸ਼ੀ ਦਲੀਪ ਸਿੰਘ ਤੋਂ ਬਾਅਦ ਸ੍ਰੀ ਕੁਲਵੰਤ ਸਿੰਘ ਕੋਹਲੀ ਵੀ ਮੁੰਬਈ ਮਹਾਨਗਰ ਦੇ ਸ਼ੈਰਿਫ ਬਣਾਏ ਗਏ। ਇਸ ਦਾ ਸਿਹਰਾ ਵੀ ਇਸ ਮਹਾਂਨਗਰ 'ਚ ਹਾਸਪੀਟੇਲਟੀ ਦੇ ਖੇਤਰ 'ਚ ਪੰਜਾਬੀਆਂ ਦੇ ਯੋਗਦਾਨ ਨੂੰ ਹੀ ਜਾਂਦਾ ਹੈ।

ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਕੋਲਾਬਾ 'ਚ ਇਲੈਕਟ੍ਰਿਕ ਹਾਊਸ ਸਾਹਮਣੇ ਕੁਆਲਿਟੀ ਨਾਂ ਦਾ ਪੰਜਾਬੀ ਰੈਸਟੋਰੈਂਟ ਸੀ। ਇਸ ਦੇ ਲਜ਼ੀਜ਼ ਖਾਣੇ ਦੀਆਂ ਧੁੰਮਾਂ ਸਾਰੇ ਸ਼ਹਿਰ 'ਚ ਪੈ ਚੁੱਕੀਆਂ ਸਨ। ਇਹ ਰੈਸਟੋਰੈਂਟ ਕੋਈ ਆਨੰਦ ਪਰਿਵਾਰ ਚਲਾ ਰਿਹਾ ਸੀ। ਬਾਅਦ ਵਿੱਚ ਕੁਝ ਦੇਰ ਲਈ ਇਸ ਦੀ ਇੱਕ ਬਰਾਂਚ ਚੋਪਾਟੀ ਨੇੜੇ ਵੀ ਖੁੱਲੀ ਪਰ ਛੇਤੀ ਹੀ ਬੰਦ ਹੋ ਗਈ। ਕੁਆਲਿਟੀ ਦੇ ਮਾਲਕਾਂ ਨੇ ਬਾਅਦ 'ਚ ਕੁਆਲਿਟੀ ਆਈਸਕ੍ਰੀਮ ਦੀਆਂ ਫੈਕਟਰੀਆਂ ਲਾ ਕੇ ਕਾਫੀ ਨਾਂ ਕਮਾਇਆ। ਹੁਣ ਵੀ ਕੁਆਲਿਟੀ ਵਾਲੇ ਵਰਲੀ ਕੋਲ ਕਈ ਬੈਂਕੁਇਟ ਹਾਲਾਂ 'ਚ ਪੰਜਾਬੀ ਖਾਣੇ ਦੇ ਸ਼ੌਕੀਨਾਂ ਨੂੰ ਖਿੱਚਣ 'ਚ ਕਾਮਯਾਬ ਹਨ। ਜਦੋਂ ਤੋਂ ਸ੍ਰੀ ਪਿਆਰੇ ਲਾਲ ਇਸ ਗਰੁੱਪ ਨਾਲ ਜੁੜ ਗਏ ਹਨ ਇਹ ਗਰੁੱਪ ਵੀ ਚੰਗਾ ਨਾਂ ਕਮਾ ਰਿਹਾ ਹੈ।

ਫੋਰਟ ਇਲਾਕੇ 'ਚ ਕਾਲੇ ਘੋੜੇ ਕੋਲ ਖੈਬਰ ਨਾਂ ਦਾ ਰੈਸਟੋਰੈਂਟ ਥੋੜੀ ਦੇਰ 'ਚ ਹੀ ਹਰਮਨ ਪਿਆਰਾ ਬਣ ਗਿਆ। ਇਸ ਰੈਸਟੋਰੈਂਟ ਦੇ ਲਜ਼ੀਜ਼ ਖਾਣੇ ਦਾ ਸਵਾਦ ਲੈਣ ਲਈ ਵਿਦੇਸ਼ੀ ਯਾਤਰੀ ਵੀ ਆਉਂਦੇ ਹਨ। ਇਸ ਰੈਸਟੋਰੈਂਟ ਦੇ ਮਾਲਕ ਸ੍ਰੀ ਓ.ਪੀ. ਬੇਹਲ ਵੀ ਆਪਣੀ ਮਹਿਮਾਨ-ਨਿਵਾਜ਼ੀ ਕਰ ਕੇ ਮਹਾਰਾਸ਼ਟਰ ਅਸੈਂਬਲੀ ਦੇ ਮੈਂਬਰ ਚੁਣੇ ਗਏ।

ਇਸੇ ਤਰਾਂ ਸ੍ਰੀ ਪ੍ਰੇਮ ਚੱਢਾ ਦੇ ਪੁੱਤਰ ਨੇ ਕਾਰਦਾਰ ਫਿਲਮ ਦੇ ਜੇ.ਕੇ. ਕਪੂਰ ਦੇ ਪੁੱਤਰ ਨਾਲ ਮਿਲ ਕੇ ਕਾਪਰਚਿਮਨੀ ਨਾਂ ਦੇ ਰੈਸਟੋਰੈਂਟ ਰਾਹੀਂ ਪੰਜਾਬੀ ਖਾਣਿਆਂ ਨੂੰ ਕਾਫੀ ਮਕਬੂਲ ਕਰਵਾਇਆ। ਅੱਜ ਕਾਪਰ ਚਿਮਨੀ ਇੱਕ **Chain** ਬਣ ਚੁੱਕਿਆ ਹੈ। ਇਨਾਂ ਰੈਸਟੋਰੈਂਟਾਂ 'ਚ ਖਾਣਾ ਖਾਣ ਜਾਣਾ ਸਟੇਟਸ ਸਿੰਬਲ ਬਣ ਗਿਆ ਹੈ। ਦੇਸ਼ ਦੇ ਬਟਵਾਰੇ ਤੋਂ ਪਹਿਲਾਂ ਹੀ ਚਰਚ ਗੇਟ ਸਟੇਸ਼ਨ ਕੋਲ ਐਂਬੈਸਡਰ ਹੋਟਲ ਖੋਲ ਕੇ ਗੁਜਰਾਂਵਾਲੇ ਤੋਂ ਆਏ ਨਾਰੰਗ ਪਰਿਵਾਰ ਨੇ ਵੀ ਆਪਣਾ ਯੋਗਦਾਨ ਪਾ ਕੇ ਪੰਜਾਬੀਆਂ ਦੇ ਵੱਕਾਰ 'ਚ ਵਾਧਾ ਕੀਤਾ। ਕਈ ਹਵਾਈ ਜਹਾਜ਼ਾਂ ਦੀਆਂ ਉਡਾਣਾਂ 'ਚ ਇਨਾਂ ਦੀ ਏਅਰ ਫਲਾਈਟ ਕਿਚਨ 'ਚ ਪਕਾਇਆ ਖਾਣਾ ਹੀ ਪਰੋਸਿਆ ਜਾਂਦਾ ਹੈ। ਮੁੰਬਈ 'ਚ ਇਨਾਂ ਨੇ ਵੱਖ-ਵੱਖ ਕਿਸਮ ਦੇ ਪਰਾਉਂਠਿਆਂ ਨੂੰ ਕਾਫ਼ੀ ਮਕਬੂਲ ਬਣਾਇਆ ਹੈ। ਇਸ ਦੇ ਮਾਲਕ ਰਾਮਾ ਨਾਰੰਗ ਦੀ ਆਵਾਜ਼ 'ਚ ਮਿਠਾਸ ਹੈ ਤੇ ਵਤੀਰੇ 'ਚ ਬੜੀ ਹੀ ਹਲੀਮੀ। ਉਨਾਂ ਦੇ ਪਰਿਵਾਰ ਦੀ ਅਗਲੀ ਪੀੜੀ ਨੇ ਮੁੰਬਈ 'ਚ ਹੀ **outlets** ਵੀ ਖੋਲੇ ਹੋਏ ਹਨ।

ਵੈਸੇ ਮੁੰਬਈ ਸ਼ਹਿਰ ਕਦੇ ਚਰਚ ਗੇਟ ਤੋਂ ਅੰਧੇਰੀ ਤਕ ਤੇ ਕੋਲਾਬਾ ਤੋਂ ਥਾਣੇ ਤਕ ਸੀਮਿਤ ਸੀ ਪਰ ਆਏ ਦਿਨ ਇਸ ਸ਼ਹਿਰ ਦੀ ਅਬਾਦੀ ਵਧ ਰਹੀ ਹੈ। ਹੁਣ ਇਹ ਮਹਾਨਗਰ ਇੱਕ ਪਾਸੇ ਕੋਲਾਬਾ ਤੋਂ ਵਿਰਾਰ ਤਕ ਤੇ ਦੂਜੇ ਪਾਸੇ ਕੋਲਾਬਾ ਤੋਂ ਕਲਿਆਨ-ਅੰਬਰ ਨਾਥ ਤੋਂ ਵੀ ਅੱਗੇ ਫੈਲ ਗਿਆ ਹੈ। ਨਵੀਂ ਮੁੰਬਈ ਤਾਂ ਉਪ ਨਗਰਾਂ 'ਚ ਫੈਲ ਕੇ ਪਾਨਵਿਲ ਤਕ ਪਹੁੰਚ ਗਈ ਹੈ। ਧਾਰਵੀ ਵਰਗੀਆਂ ਗੰਦਿਆਂ ਬਸਤੀਆਂ ਵਿੱਚ ਰਹਿੰਦੇ ਲੋਕਾਂ ਨੂੰ ਵੇਖ ਕੇ ਬੜਾ ਤਰਸ ਆਉਂਦਾ ਹੈ।

ਮੁੰਬਈ ਸੁਪਨਿਆਂ ਦਾ ਸ਼ਹਿਰ ਹੈ। ਇਸ ਮਹਾਨਗਰ 'ਚ ਹਰ ਬੰਦਾ ਸੁਪਨੇ ਲੈ ਕੇ ਆਉਂਦਾ ਹੈ। ਕਈਆਂ ਦੇ ਸੁਪਨੇ ਸਾਕਾਰ ਹੋ ਜਾਂਦੇ ਹਨ ਤੇ ਕਈ ਬੰਦੇ ਇੱਥੇ ਅਜਿਹੀ ਮੌਤ ਵੀ ਮਰਦੇ ਨਜ਼ਰੀਂ ਪੈਂਦੇ ਹਨ ਜਿਸ ਦਾ ਉਹ ਕਿਸ਼ਤਾਂ 'ਚ ਭੁਗਤਾਨ ਕਰਦੇ ਹਨ। ਇਸ ਮਹਾਂਨਗਰ 'ਚ ਕਈ ਬਸਤੀਆਂ 'ਚ ਗੁਜਰਾਤੀਆਂ, ਕਈਆਂ 'ਚ ਮਰਾਠਿਆਂ, ਮਦਰਾਸੀਆਂ ਤੇ ਸਾਊਥ ਇੰਡੀਅਨ ਤੇ ਕਈਆਂ 'ਚ ਕੇਵਲ ਮੁਸਲਮਾਨ, ਹਿੰਦੂ, ਈਸਾਈ ਤੇ ਕਈਆਂ 'ਚ ਪੰਜਾਬੀ ਹਿੰਦੂ ਤੇ ਸਿੱਖ ਤੇ ਸਿੰਧੀ ਬਹੁ-ਗਿਣਤੀ 'ਚ ਵਸਦੇ ਹਨ ਪਰ ਹੁਣ ਕੋਈ ਵੀ ਅਜਿਹੀ ਬਸਤੀ ਜਾਂ ਉਪਨਗਰੀ ਨਹੀਂ ਹੈ ਜਿਸ ਵਿੱਚ ਪੰਜਾਬੀ ਰੈਸਟੋਰੈਂਟ ਨਾ ਹੋਵੇ।

# ਹਿੰਸਾ ਬੁਰੀ ਕਿ ਚੰਗੀ ?



**- ਡਾ. ਹਰਪਾਲ ਸਿੰਘ ਪੰਨੂ**

ਸਾਨੂੰ ਅਕਸਰ ਯਾਦ ਕਰਵਾਇਆ ਜਾਂਦਾ ਹੈ ਕਿ ਹਿਟਲਰ ਨੇ ਯਹੂਦੀਆਂ ਉੱਪਰ ਲੂੰ ਕੰਡੇ ਖੜੇ ਕਰ ਦੇਣ ਵਾਲੇ ਜ਼ੁਲਮ ਕੀਤੇ ਅਤੇ ਲੱਖਾਂ ਦੀ ਗਿਣਤੀ ਵਿਚ ਕਤਲ ਕੀਤੇ। ਸਟਾਲਿਨ ਅਤੇ ਮਾਓ ਨੇ ਵੀ ਅਜਿਹਾ ਹੀ ਕੁਝ ਕੀਤਾ ਸੀ, ਪਰ ਜਦੋਂ ਅਸੀਂ ਸਟਲਿਨ ਅਤੇ ਮਾਓ ਦੀ ਗੱਲ ਕਰਦੇ ਹਾਂ ਤਾਂ ਮਾਰਕਸੀ ਭਰਾ ਆਖਦੇ ਹਨ ਕਿ ਇਨਾਂ ਦੀ ਤੁਲਨਾ ਬੇਮੇਚੀ ਅਤੇ ਗਲਤ ਹੈ। ਉਨਾਂ ਅਨੁਸਾਰ ਸਮਾਜਵਾਦੀ ਟੀਚੇ ਲਈ ਹਥਿਆਰਬੰਦ ਜਮਾਤੀ ਸੰਘਰਸ਼ ਅਤੇ ਪੂੰਜੀਵਾਦੀ ਟੀਚੇ ਲਈ ਫਾਸ਼ੀਵਾਦੀ ਕਤਲਿਆਮ, ਵਿਚਾਰਧਾਰਕ ਤੇ ਸਿਆਸੀ ਪੱਖ ਤੋਂ ਵੱਖਰੇ ਹਨ।

ਹਿੰਸਾ ਹਿੰਸਾ ਹੈ, ਵੱਖਰਾ ਨਾਮ ਰੱਖਣ ਨਾਲ ਉਹ ਪਵਿੱਤਰ ਨਹੀਂ ਹੋ ਜਾਂਦੀ। ਇਹ ਇਸੇ ਤਰਾਂ ਦੀ ਦਲੀਲ ਹੈ ਜਿਵੇਂ ਮੈਂ ਗਾਲ ਦਿਆਂ ਤਾਂ ਸਹੀ, ਦੂਜੇ ਦੀ ਮੈਨੂੰ ਦਿੱਤੀ ਗਾਲ ਅਨੁਚਿਤ! ਇਸ ਪ੍ਰਸੰਗ ਵਿਚ ਪੁਰਾਣੀ ਘਟਨਾ ਯਾਦ ਆਈ। ਮਹਾਤਮਾ ਗਾਂਧੀ ਨੇ ਕਾਲ ਦਿੱਤੀ ਕਿ 6 ਅਪ੍ਰੈਲ 1919 ਨੂੰ ਭਾਰਤ ਬੰਦ ਰਹੇਗਾ। ਇਸ ਦਿਨ ਦੁਕਾਨਾਂ ਦਫਤਰ ਬੰਦ ਰਹਿਣਗੇ। ਭਾਰਤਵਾਸੀ ਇਕ ਦਿਨ ਲਈ ਵਰਤ ਰੱਖਣ, ਮੰਦਰਾਂ ਮਸਜਿਦਾਂ, ਗੁਰਦੁਆਰਿਆਂ ਵਿਚ ਜਾਕੇ ਪਾਠ ਪੂਜਾ ਕਰਨ। ਅੰਦੋਲਨ ਪੂਰਨ ਸ਼ਾਂਤਮਈ ਅਤੇ ਅਹਿੰਸਕ ਹੋਵੇ, ਸੱਤਯਮੇਵਿਜਯਤੇ। ਸਾਰਾ ਦੇਸ ਇਸ ਦਿਨ ਬੰਦ ਅਤੇ ਸ਼ਾਂਤਮਈ ਰਿਹਾ। ਪੰਜਾਬੀਆਂ ਨੂੰ ਸਮਝ ਨਹੀਂ ਆਈ ਕਿ ਭੁੱਖੇ ਮਰਨ ਨਾਲ ਅੰਗਰੇਜ਼ ਕਿਵੇਂ ਚਲਾ ਜਾਏਗਾ? ਦੁਸ਼ਮਣ ਨੂੰ ਹਰਾਉਣ ਭਜਾਉਣ ਲਈ ਤਾਂ ਸਗੋਂ ਤਕੜੇ ਹੋਣ ਦੀ ਲੋੜ ਹੁੰਦੀ ਹੈ। ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ। ਪੰਜਾਬ ਵਿਚ ਥਾਂ ਥਾਂ ਅੱਗਜ਼ਨੀ ਹੋਈ, ਬੈਂਕ ਲੁੱਟੇ, ਡਾਕਖਾਨੇ ਅਤੇ ਰੇਲਵੇ ਪਲੈਟਫਾਰਮ ਫੂਕ ਦਿੱਤੇ। ਦੋ ਬੈਂਕ ਮੈਨੇਜਰਾਂ ਸਮੇਤ ਪੰਜ ਗੋਰੇ ਅਫਸਰ ਕਤਲ ਕੀਤੇ। ਸਰਕਾਰ ਨੇ ਹਵਾਈ ਜਹਾਜ਼ਾਂ ਨਾਲ ਬਲਦੇ ਲਾਂਬੂਆਂ ਦੀਆਂ ਫੋਟੋਆਂ ਖਿੱਚ ਕੇ ਪ੍ਰੈੱਸ ਨੂੰ ਦਿੱਤੀਆਂ। ਅੰਮ੍ਰਿਤਸਰ ਵਿਚ ਸਕੂਲ ਦੀ ਗੋਰੀ ਪ੍ਰਿੰਸੀਪਲ ਨੇ ਗੜਬੜ ਹੁੰਦੀ ਦੇਖ ਕੇ ਛੁੱਟੀ ਕਰ ਦਿੱਤੀ ਅਤੇ ਤਾਲਾ ਲਾਕੇ ਸਾਈਕਲ ਉੱਪਰ ਘਰ ਵਲ ਤੁਰ ਪਈ। ਭੀੜ ਨੇ ਘੇਰ ਲਈ, ਥੱਪੜ ਮਾਰੇ, ਕੱਪੜੇ ਪਾੜ ਦਿੱਤੇ। ਲੱਜਿਤ ਹੋਕੇ ਚਲੀ ਗਈ।

ਅਖਬਾਰਾਂ ਵਿਚ ਅਗਲੇ ਦਿਨ ਖਬਰਾਂ ਪੜ ਕੇ ਗਾਂਧੀ ਜੀ ਨੇ ਮੱਥੇ 'ਤੇ ਹੱਥ ਮਾਰਿਆ, ਕਿਹਾ, ਮੈਥੋਂ ਹਿਮਾਲਾ ਪਰਬਤ ਜਿੱਡੀ ਗਲਤੀ ਹੋਈ। ਪੰਜਾਬੀਆਂ ਨੂੰ ਪਤਾ ਹੀ ਨਹੀਂ ਸ਼ਾਂਤਮਈ ਅੰਦੋਲਨ ਵੀ ਕੋਈ ਚੀਜ਼ ਹੁੰਦਾ ਹੈ। ਮੈਨੂੰ ਚਾਹੀਦਾ ਸੀ ਪੰਜਾਬੀਆਂ ਨੂੰ ਪਹਿਲਾਂ ਇਸ ਬਾਰੇ ਸਿਖਿਅਤ ਕਰਦਾ, ਫਿਰ ਕਾਲ ਦਿੰਦਾ। ਹੁਣ ਮੈਂ ਪੰਜਾਬ ਜਾਵਾਂਗਾ, ਉਦੋਂ ਤੱਕ ਉੱਥੇ ਰਹਾਂਗਾ ਜਦੋਂ ਤੱਕ ਉਨਾਂ ਨੂੰ ਅਹਿੰਸਕ ਅੰਦੋਲਨ ਦੀ ਗੱਲ ਸਮਝ ਨਹੀਂ ਆਉਂਦੀ। ਉਹ ਕਲਕੱਤੇ ਤੋਂ ਪੰਜਾਬ ਆਉਣ ਵਾਲੀ ਟ੍ਰੇਨ ਵਿਚ ਸਵਾਰ ਹੋ ਗਏ। ਪੰਜਾਬ ਦੇ ਲੈਫਟੀਨੈਂਟ ਗਵਰਨਰ ਓਡਵਾਇਰ ਨੇ ਅਫਸਰਾਂ ਨੂੰ ਕਿਹਾ, ਗਾਂਧੀ ਕੀ ਸਿਖਾਏਗਾ? ਮੈਨੂੰ ਆਉਂਦਾ ਹੈ, ਪੰਜਾਬੀਆਂ ਨੂੰ ਸਬਕ ਮੈਂ ਸਿਖਾਵਾਂਗਾ।

ਦੂਰ ਦਾ ਸਫਰ ਮੁਕਾ ਕੇ ਗਾਂਧੀ ਪੰਜਾਬ ਵੱਲ ਆ ਰਿਹਾ ਸੀ ਕਿ ਪਹਿਲਾਂ ਹੀ ਪੰਜਾਬੋਂ ਦੂਰ ਪਲਵਲ ਦੇ ਸਟੇਸ਼ਨ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ। ਬੇਇੱਜ਼ਤ ਕਰਨ ਹਿਤ ਮਾਲ ਗੱਡੀ ਤੇ ਚਾੜ ਕੇ ਪੁਲਿਸ ਟੁਕੜੀ ਨਾਲ ਵਾਪਸ ਤੋਰ ਦਿੱਤਾ। ਇਹ ਖਬਰ ਪੰਜਾਬੀਆਂ ਨੇ ਪੜੀ, ਉਹ ਤੈਸ਼ ਵਿਚ ਆ ਗਏ ਤੇ 13 ਅਪ੍ਰੈਲ ਨੂੰ ਜਲਿਆਂਵਾਲੇ ਬਾਗ ਵਿਚ ਰੋਸ ਪ੍ਰਦਰਸ਼ਨ ਕਰਨ ਦੀ ਕਾਲ ਦੇ ਦਿੱਤੀ। ਸਰਕਾਰ ਨੇ ਦਫਾ 144 ਲਾ ਕੇ, ਹੋਕੇ ਦਿਵਾ ਦਿੱਤੇ ਕਿ ਪੰਜ ਤੋਂ ਵਧੀਕ ਬੰਦਿਆਂ ਦੇ ਇਕੱਠ ਦੀ ਮਨਾਹੀ ਹੈ।

ਜੇ ਇਕੱਠ ਹੋਇਆ ਤਾਂ ਇਸ ਇਕੱਠ ਨੂੰ ਸਬਕ ਸਿਖਾਉਣ ਲਈ ਓਡਵਾਇਰ ਨੇ ਪੁਲਿਸ ਅਫਸਰਾਂ ਨੂੰ ਕਿਹਾ ਕਿ ਜਦੋਂ ਮੈਂ ਕਹਾਂ, ਫਾਇਰ! ਇਸ ਦਾ ਮਤਲਬ ਹਵਾਈ ਫਾਇਰ ਹਰਗਿਜ਼ ਨਹੀਂ। ਸਮਝ ਗਏ? ਸਭ ਸਮਝ ਗਏ। ਪਿੱਛੋਂ ਜੋ ਹੋਇਆ ਉਸਦਾ ਸਭ ਨੂੰ ਪਤਾ ਹੈ। ਜਿਸ ਗਲੀ ਵਿਚ ਉਹ ਗੋਰੀ ਪ੍ਰਿੰਸੀਪਲ ਰਹਿੰਦੀ ਸੀ, ਜਿਹੜਾ ਉਸ ਗਲੀ ਵਿਚ ਅੰਦਰ ਜਾਂ ਬਾਹਰ ਜਾਏਗਾ, ਗੋਡਣੀਆਂ ਭਾਰ ਜਾਏ। ਤੇਰਾਂ ਅਪ੍ਰੈਲ ਪਾਠ ਪੋਥੀਆਂ ਵਿਚ ਦਰਜ ਹੈ, ਛੇ ਅਪ੍ਰੈਲ ਦੀ ਘਟਨਾ ਛੁਪਾਈ ਜਾਂਦੀ ਹੈ।

ਜਦੋਂ ਗਾਂਧੀ ਦੀ ਰਿਹਾਈ ਹੋਈ, ਪੰਜਾਬ ਆਉਣ ਦੀ ਆਗਿਆ ਮਿਲੀ, ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਲੀਡਰਾਂ ਨੇ 13 ਅਪ੍ਰੈਲ ਨੂੰ ਹੋਈ ਹਿੰਸਾ ਦੀ ਨਿਖੇਧੀ ਦਾ ਮਤਾ ਲਿਆਂਦਾ। ਗਾਂਧੀ ਨੇ ਕਿਹਾ ਕਿ ਪਹਿਲਾਂ 6 ਅਪ੍ਰੈਲ ਨੂੰ ਹੋਈ ਹਿੰਸਾ ਦੀ ਨਿਖੇਧੀ ਦਾ ਮਤਾ ਪਾਸ ਹੋਏਗਾ। ਵਰਕਿੰਗ ਕਮੇਟੀ ਪਹਿਲੀ ਹਿੰਸਾ ਦੀ ਨਿਖੇਧੀ ਕਰਨ ਨੂੰ ਤਿਆਰ ਨਹੀਂ ਸੀ। ਗਾਂਧੀ ਬਜ਼ਿੱਦ ਰਹੇ, ਕਿਹਾ ਕਿਸੇ ਵੱਲੋਂ ਹੋਏ ਚਾਹੇ, ਹਿੰਸਾ ਘਿਨਾਉਣੀ ਹੈ। ਕਈ ਦਿਨ ਕਸ਼ਮਕਸ਼ ਚੱਲੀ, ਆਖਰ ਦੋਵਾਂ ਦਿਨਾਂ ਦੀ ਹਿੰਸਾ ਦੀ ਨਿਖੇਧੀ ਦਾ ਮਤਾ ਪਾਸ ਹੋਇਆ।

# ਭਗਵਾਂ ਫਾਸ਼ੀਵਾਦ, ਵਿਦਿਆਰਥੀ ਤੇ ਪੁਲੀਸ ਦੀ ਦਹਿਸ਼ਤਗਰਦੀ

**- ਅਮਨਦੀਪ ਸਿੰਘ ਸੇਖੋਂ**

ਦਿੱਲੀ ਪੁਲਿਸ ਨੇ ਆਖਿਰ ਆਪਣੇ ਸਿਆਸੀ ਆਕਾਵਾਂ ਪ੍ਰਤੀ ਆਪਣਾ ਫਰਜ਼ ਪੂਰਾ ਕੀਤਾ ਹੈ ਅਤੇ ਜੇ.ਐੱਨ.ਯੂ. ਵਿੱਚ 5 ਜਨਵਰੀ ਨੂੰ ਹੋਈ ਘਟਨਾ ਵਿੱਚ ਹਮਲੇ ਦਾ ਸ਼ਿਕਾਰ ਬਣੀ ਧਿਰ ਦੇ ਹੀ 20 ਵਿਦਿਆਰਥੀਆਂ ਖਿਲਾਫ ਐੱਫ.ਆਈ.ਆਰ ਦਰਜ ਕੀਤੀ ਹੈ। ਇਲਜ਼ਾਮ ਇਹ ਲੱਗਿਆ ਹੈ ਕਿ ਉਨਾਂ ਨੇ 4 ਜਨਵਰੀ ਨੂੰ ਜੇ.ਐੱਨ.ਯੂ. ਅੰਦਰ ਹਿੰਸਾ ਕੀਤੀ ਸੀ। ਇਨਾਂ ਹੀ ਸਿਆਸੀ ਆਕਾਵਾਂ ਪ੍ਰਤੀ ਅਜਿਹਾ ਹੀ ਫਰਜ਼ 21 ਸਤੰਬਰ 2015 ਨੂੰ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਨਿਭਾਇਆ ਸੀ। ਰੋਹਿਤ ਵੈਮੁੱਲਾ ਅਤੇ ਉਸਦੇ ਚਾਰ ਹੋਰ ਸਾਥੀਆਂ ਨੂੰ ਯੂਨੀਵਰਸਿਟੀ ਤੋਂ ਛੇ ਮਹੀਨੇ ਲਈ ਬਰਖਾਸਤ ਕਰਨ, ਉਨਾਂ ਦਾ ਵਜ਼ੀਫਾ ਬੰਦ ਕਰਨ ਅਤੇ ਉਨਾਂ ਨੂੰ ਹੋਸਟਲ ਵਿੱਚੋਂ ਕੱਢਣ ਦਾ ਫੈਸਲਾ ਲਿਆ ਸੀ।

ਉਸ ਵੇਲੇ ਵੀ ਇੱਕ ਧਿਰ ਨੇ ਚੀਕ ਕੇ ਕਿਹਾ ਸੀ 'ਆਜ਼ਾਦੀ' ਅਤੇ ਦੂਸਰੀ ਧਿਰ ਚੀਕੀ ਸੀ 'ਦੇਸ਼ਧ੍ਰੋਹੀ'। ਪਰ ਵਿਚਕਾਰ ਪਈ ਲਾਸ਼ ਕਿਉਂਕਿ ਇੱਕ ਦਲਿਤ ਵਿਦਿਆਰਥੀ ਦੀ ਸੀ, ਜਿਸਨੇ 17 ਜਨਵਰੀ 2016 ਨੂੰ ਆਤਮ-ਹੱਤਿਆ ਕਰ ਲਈ ਸੀ, ਇਸ ਲਈ 'ਦੇਸ਼-ਭਗਤਾਂ' ਨੇ ਆਪਣੇ ਇਲਜ਼ਾਮ ਵਾਪਸ ਲੈ ਲਏ ਸਨ। ਇਸ ਤਰਾਂ ਰੋਹਿਤ ਦੇ ਆਖਰੀ ਪੱਤਰ ਵਿੱਚ ਲਿਖੀ ਗੱਲ ਨੂੰ ਸੱਚ ਸਾਬਿਤ ਕਰ ਦਿੱਤਾ ਸੀ ਕਿ ਆਦਮੀ ਦੀ ਕੀਮਤ ਤਾਂ ਉਸਦੀ ਫੌਰੀ ਪਹਿਚਾਣ ਵਿੱਚ ਸਿਮਟ ਕੇ ਰਹਿ ਗਈ ਹੈ। ਸਭ ਤੋਂ ਨੇੜੇ ਦੀ ਸੰਭਾਵਨਾ ਹੀ ਸਾਡੀ ਪਹਿਚਾਣ ਤੈਅ ਕਰਦੀ ਹੈ। ਇੱਕ ਵੋਟ, ਇੱਕ ਸੰਖਿਆ ਅਤੇ ਇੱਕ ਚੀਜ਼ ਰਾਹੀਂ। ਆਦਮੀ ਨੂੰ ਦਿਮਾਗ਼ ਵਾਂਗ ਤਾਂ ਦੇਖਿਆ ਹੀ ਨਹੀਂ ਗਿਆ ਹੈ।' ਰੋਹਿਤ ਨੂੰ ਵੀ ਉਸਦੇ ਦਿਮਾਗ਼ ਕਾਰਨ ਨਹੀਂ, ਉਸਦੀ ਜਾਤ ਦੀਆਂ ਵੋਟਾਂ ਕਾਰਨ ਪਹਿਚਾਣਿਆ ਗਿਆ। ਪਹਿਲਾਂ-ਪਹਿਲ ਤਾਂ ਭਾਜਪਾ ਦੇ ਲੀਡਰਾਂ ਨੇ ਇਹ ਕੋਸ਼ਿਸ਼ ਕੀਤੀ ਕਿ ਰੋਹਿਤ ਨੂੰ ਗ਼ੈਰ-ਦਲਿਤ ਸਾਬਿਤ ਕੀਤਾ ਜਾਵੇ। ਪਰ ਜਦੋਂ ਕੋਈ ਗੱਲ ਨਹੀਂ ਬਣੀ ਤਾਂ ਵਿਰੋਧੀ ਧਿਰਾਂ ਉੱਤੇ ਇੱਕ ਦਲਿਤ ਵਿਦਿਆਰਥੀ ਦੀ ਮੌਤ ਉੱਤੇ ਰਾਜਨੀਤੀ ਕਰਨ ਦਾ ਇਲਜ਼ਾਮ ਲਗਾ ਕੇ ਪੱਲਾ ਝਾੜ ਲਿਆ।

ਵਿਵਾਦ ਸ਼ੁਰੂ ਹੋਇਆ ਸੀ ਦਿੱਲੀ ਯੂਨੀਵਰਸਿਟੀ ਵਿੱਚ ਇੱਕ ਫਿਲਮ ਦੀ ਸਕ੍ਰੀਨਿੰਗ ਉੱਤੇ ਲੱਗੀ ਰੋਕ ਤੋਂ। ਫਿਲਮ ਸੀ ਨਕੁਲ ਸਿੰਘ ਸਾਹਨੀ ਦੀ ਮੁਜ਼ੱਫਰਨਗਰ ਦੰਗਿਆਂ ਉੱਤੇ ਬਣੀ ਫਿਲਮ 'ਮੁਜ਼ੱਫਰਨਗਰ ਬਾਕੀ ਹੈ', ਜਿਸ ਦੀ ਸਕ੍ਰੀਨਿੰਗ ਉੱਤੇ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਨੇ ਇਤਰਾਜ਼ ਕੀਤਾ ਸੀ ਅਤੇ ਇਹ ਸਕ੍ਰੀਨਿੰਗ ਰੁਕ ਗਈ ਸੀ। ਵਿਰੋਧੀ ਵਿਚਾਰਾਂ ਦੇ ਪ੍ਰਗਟਾਵੇ ਉੱਤੇ ਹੋਏ ਇਸ ਹਮਲੇ ਵਿਰੁੱਧ ਦੇਸ਼ ਭਰ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਪ੍ਰਦਰਸ਼ਨ ਹੋਏ ਸਨ। ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ ਸੀ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਨੇ। ਜਵਾਬੀ ਕਾਰਵਾਈ ਵਿੱਚ ਇਸ ਵਿਦਿਆਰਥੀ ਜਥੇਬੰਦੀ ਦੇ ਤਿੰਨ ਵਿਦਿਆਰਥੀਆਂ ਉੱਤੇ ਏ.ਬੀ.ਵੀ.ਪੀ. ਦੇ ਇੱਕ ਨੇਤਾ ਨੇ ਕੁੱਟਮਾਰ ਕਰਨ ਦਾ ਇਲਜ਼ਾਮ ਲਗਾਇਆ ਸੀ। ਕੋਈ ਸਬੂਤ ਨਾ ਹੁੰਦੇ ਹੋਏ ਵੀ ਪੰਜ ਵਿਦਿਆਰਥੀਆਂ ਨੂੰ ਸਜ਼ਾ ਦਿੱਤੀ ਗਈ। ਇਨਾਂ ਵਿਦਿਆਰਥੀਆਂ ਨੇ ਹਾਈ ਕੋਰਟ ਵਿੱਚ ਕੇਸ ਕਰਕੇ ਇਹ ਆਖਿਆ ਕਿ ਉਨਾਂ ਨੂੰ ਦਿੱਤੀ ਗਈ ਸਜ਼ਾ ਰਾਜਸੀ ਰੰਜਿਸ਼ ਦਾ ਸਿੱਟਾ ਸੀ। ਪਰ ਸ਼ਾਇਦ ਰੋਹਿਤ ਵੈਮੁੱਲਾ ਨੂੰ ਸਾਡੇ ਦੇਸ਼ ਦੀ ਨਿਆਂ ਪ੍ਰਣਾਲੀ ਦੀ ਕਾਰਜ ਕੁਸ਼ਲਤਾ ਉੱਤੇ ਕੁਝ ਖਾਸ ਭਰੋਸਾ ਨਹੀਂ ਸੀ। ਇਸ ਲਈ ਅਦਾਲਤੀ ਫੈਸਲੇ ਦਾ ਇੰਤਜ਼ਾਰ ਕੀਤੇ ਬਿਨਾ ਹੀ ਰੋਹਿਤ ਨੇ ਆਪਣੀ ਮੌਤ ਦਾ ਫੈਸਲਾ ਕਰ ਲਿਆ।




ਹੁਣ ਜਿਹੜੇ ਜੇ.ਐੱਨ.ਯੂ. ਦੇ ਵਿਦਿਆਰਥੀਆਂ ਨੂੰ ਦੇਸ਼ ਧ੍ਰੋਹੀ ਆਖ ਕੇ ਉਨਾਂ ਨੂੰ ਪਈ ਮਾਰ ਉੱਤੇ ਖੁਸ਼ ਹੋ ਰਹੇ ਹਨ, ਉਹ ਲੱਗੇ ਹੱਥ ਇੱਕ ਵਾਰ ਫਿਰ ਤੋਂ ਰੋਹਿਤ ਵੈਮੁੱਲਾ ਦੀ ਮੌਤ ਦੀ ਵੀ ਖੁਸ਼ੀ ਮਨਾ ਸਕਦੇ ਹਨ, ਕਿਉਂਕਿ ਉਹ ਵੀ ਦੇਸ਼ਧ੍ਰੋਹੀ ਸੀ। ਭਾਜਪਾ ਦੇ ਇੱਕ ਸਾਂਸਦ ਅਤੇ ਇੱਕ ਕੇਂਦਰੀ ਮੰਤਰੀ ਬੰਡਰੂ ਦੱਤਾਤ੍ਰੇ ਨੇ ਮਾਨਵ ਸੰਸਾਧਨ ਮੰਤਰੀ ਨੂੰ ਲਿਖੇ ਇੱਕ ਪੱਤਰ ਵਿੱਚ ਅੰਬੇਦਕਰ ਸਟੂਡੈਂਟਸ ਐਸੋਸੀਏਸ਼ਨ ਨੂੰ ਅੱਤਵਾਦ ਪੱਖੀ ਅਤੇ ਦੇਸ਼ਧ੍ਰੋਹੀ ਆਖਿਆ ਸੀ। ਜਿਵੇਂ ਕਨਈਆ ਕੁਮਾਰ ਦੇ ਖਿਲਾਫ ਅਫਜ਼ਲ ਗੁਰੂ ਦੇ ਪੱਖ ਵਿੱਚ ਨਾਅਰੇ ਲਾਉਣ ਦਾ ਇਲਜ਼ਾਮ ਲੱਗਿਆ ਸੀ, ਉਵੇਂ ਹੀ ਇਨਾਂ ਵਿਦਿਆਰਥੀਆਂ ਉੱਤੇ ਯਾਕੂਬ ਮੈਨਨ ਦੀ ਫਾਂਸੀ ਦਾ ਵਿਰੋਧ ਕਰਨ ਦਾ ਇਲਜ਼ਾਮ ਲਾਇਆ ਗਿਆ ਸੀ।

ਗੱਲ-ਗੱਲ ਉੱਤੇ ਦੂਸ਼ਣਬਾਜ਼ੀ ਕਰਨ ਵਾਲੇ ਸਾਡੇ ਲੀਡਰਾਂ ਨਾਲੋਂ ਕਿੰਨਾ ਮਹਾਨ ਸੀ ਰੋਹਿਤ ਜਿਸਨੇ ਆਪਣੇ ਆਖਰੀ ਖ਼ਤ ਵਿੱਚ ਸਭ ਨੂੰ ਦੋਸ਼-ਮੁਕਤ ਕਰ ਦਿੱਤਾ। ਉਸਨੇ ਲਿਖਿਆ ਕਿ, ਅਜਿਹਾ ਕਰਨ ਲਈ ਮੈਨੂੰ ਕਿਸੇ ਨੇ ਨਹੀਂ ਉਕਸਾਇਆ ਨਾ ਆਪਣੇ ਸ਼ਬਦਾਂ ਨਾਲ ਅਤੇ ਨਾ ਕੰਮਾਂ ਨਾਲ। ਇਹ ਮੇਰਾ ਫੈਸਲਾ ਹੈ ਅਤੇ ਮੈਂ ਇਕੱਲਾ ਹੀ ਇਸਦੇ ਲਈ ਜ਼ਿੰਮੇਦਾਰ ਹਾਂ। ਮੇਰੇ ਦੋਸਤਾਂ ਅਤੇ ਦੁਸ਼ਮਣਾਂ ਨੂੰ ਇਸਦੇ ਲਈ ਪ੍ਰੇਸ਼ਾਨ ਨਾ ਕੀਤਾ ਜਾਵੇ।' ਰਾਹਤ ਇੰਦੌਰੀ ਦੇ ਉਸ ਸ਼ੇਅਰ ਵਾਂਗ ਕਿ ਅਬ ਕਹਾਂ ਢੂੰਡਨੇ ਜਾਓਗੇ ਹਮਾਰੇ ਕਾਤਿਲ, ਆਪ ਤੋ ਕਤਲ ਕਾ ਇਲਜ਼ਾਮ ਹਮੀਂ ਪਰ ਰੱਖ ਦੋ ਰੋਹਿਤ ਵੈਮੁੱਲਾ ਨੇ ਆਪਣੀ ਮੌਤ ਦਾ ਇਲਜ਼ਾਮ ਵੀ ਆਪਣੇ ਜੰਮਣ ਨੂੰ ਹੀ ਦੇ ਲਿਆ ਅਤੇ ਲਿਖਿਆ ਕਿ, ਮੇਰਾ ਪੈਦਾ ਹੋਣਾ ਹੀ ਇੱਕ ਜਾਨਲੇਵਾ ਦੁਰਘਟਨਾ ਹੈ।' ਪਰ ਜਦੋਂ ਇਸ ਕਥਨ ਨੂੰ ਉਸਦੇ ਖ਼ਤ ਵਿਚਲੀ ਇੱਕ ਹੋਰ ਸਤਰ ਨਾਲ ਜੋੜ ਕੇ ਪੜਦੇ ਹਾਂ ਕਿ, ਕੁਝ ਲੋਕਾਂ ਲਈ ਤਾਂ ਜੀਵਨ ਹੀ ਇੱਕ ਅਭਿਸ਼ਾਪ ਹੈ।' ਤਾਂ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਦਰਦ ਦੀ ਝਲਕ ਪੈਂਦੀ ਹੈ ਜਿਨਾਂ ਵਿੱਚੋਂ ਰੋਹਿਤ ਵੈਮੁੱਲਾ ਵੀ ਇੱਕ ਸੀ।

ਗੱਲ-ਗੱਲ ਉੱਤੇ ਪੂਰਬ ਦੇ ਅਧਿਆਤਮਵਾਦ ਨੂੰ ਸਲਾਹੁਣ ਵਾਲੇ ਅਤੇ ਪੱਛਮ ਦੇ ਪਦਾਰਥਵਾਦ ਨੂੰ ਨਿੰਦਣ ਵਾਲਿਆਂ ਨੂੰ ਸ਼ਹੀਦ ਭਗਤ ਸਿੰਘ ਦੀ 1928 ਵਿੱਚ ਲਿਖੀ ਇਸ ਗੱਲ ਉੱਤੇ ਗੌਰ ਕਰਨਾ ਚਾਹੀਦਾ ਹੈ ਕਿ, ਸਾਡਾ ਮੁਲਕ ਬੜਾ ਰੂਹਾਨੀਅਤ ਪਸੰਦ ਹੈ। ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋ ਵੀ ਝਕਦੇ ਹਾਂ ਅਤੇ ਉਹ ਬਿਲਕੁਲ ਹੀ ਮਾਇਆਵਾਦੀ (ਪਦਾਰਥਵਾਦੀ) ਕਹਾਉਣ ਵਾਲਾ ਯੂਰਪ ਕਈ ਸਦੀਆਂ ਤੋਂ ਬਰਾਬਰੀ ਦਾ ਸ਼ੋਰ ਮਚਾ ਰਿਹਾ ਹੈ। ' ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਕੇ ਵਿੱਚ ਨਿਸ਼ੰਗ ਫਿਰਦਾ ਹੈ ਪਰ ਇੱਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ।' ਇਹ ਗੱਲ 1928 ਦੀ ਹੈ ਅਤੇ ਅੱਜ 2019 ਹੈ। ਅੱਜ ਵੀ ਘੋੜੀ ਉੱਤੇ ਚੜਨ, ਕੁੰਢੀਆਂ ਮੱਛਾਂ ਰੱਖਣ ਜਾਂ ਅੰਤਰ-ਜਾਤੀ ਵਿਆਹ ਕਰਵਾਉਣ ਉੱਤੇ ਦਲਿਤਾਂ ਨੂੰ ਕੁੱਟਿਆ ਮਾਰਿਆ ਜਾਂਦਾ ਹੈ। ਅੱਜ ਵੀ ਰਾਜਨੀਤੀ ਕੰਮ ਉੱਤੇ ਵੋਟ ਮੰਗਣ ਦੀ ਥਾਂ ਧਰਮ ਅਤੇ ਜਾਤ-ਬਿਰਾਦਰੀ ਦੇ ਸਮੀਕਰਣਾਂ ਰਾਹੀਂ ਵੋਟਾਂ ਲੈਣ ਨੂੰ ਪਹਿਲ ਦਿੰਦੀ ਹੈ। ਅੱਜ ਵੀ ਕੋਈ ਮਨੂੰਵਾਦੀ ਵਾਈਸ ਚਾਂਸਲਰ ਰੋਹਿਤ ਵੈਮੁੱਲਾ ਵਰਗੇ ਹੋਣਹਾਰ ਵਿਦਿਆਰਥੀ ਨੂੰ ਪੜਨ ਦੇ ਹੱਕ ਤੋਂ ਵਿਰਵਾ ਕਰ ਦਿੰਦਾ ਹੈ।

ਰੋਹਿਤ ਨੇ ਆਪਣੇ ਆਖਰੀ ਖ਼ਤ ਵਿੱਚ ਆਪਣੇ ਸੁਪਨਿਆਂ ਦੀ ਗੱਲ ਕੀਤੀ ਹੈ ਕਿ ਉਹ ਇੱਕ ਲੇਖਕ ਬਣਨਾ ਚਾਹੁੰਦਾ ਸੀ, ਵਿਗਿਆਨ ਦਾ ਲੇਖਕ। ਪਰ ਲਿਖਣ ਦੇ ਨਾਂ ਉੱਤੇ ਉਹ ਸਿਰਫ ਆਤਮ-ਹੱਤਿਆ ਦਾ ਪੱਤਰ ਹੀ ਲਿਖ ਸਕਿਆ। ਉਹ ਆਪਣੇ ਸੰਵਿਧਾਨਿਕ ਅਧਿਕਾਰਾਂ ਨੂੰ ਮਾਨਣਾ ਚਾਹੁੰਦਾ ਸੀ ਅਤੇ ਆਪਣੇ ਵਰਗੇ ਹੋਰ ਭਾਰਤੀਆਂ ਦੇ ਸੰਵਿਧਨਿਕ ਹੱਕਾਂ ਲਈ ਲੜ ਕੇ ਆਪਣਾ ਫਰਜ਼ ਨਿਭਾਉਣਾ ਚਾਹੁੰਦਾ ਸੀ। ਜਿਵੇਂ ਕਿ ਅੱਜ ਦੇਸ਼ ਦੇ ਲੱਖਾਂ ਹੀ ਲੋਕ ਸੜਕਾਂ ਉੱਤੇ ਉਨਾਂ ਅਧਿਕਾਰਾਂ ਦੀ ਰਾਖੀ ਲਈ ਉੱਤਰੇ ਹਨ। ਉਹ ਵੀ 'ਮੁਜ਼ੱਫਰਨਗਰ ਬਾਕੀ ਹੈ' ਫਿਲਮ ਉੱਤੇ ਰੋਕ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਹਮਲਾ ਮੰਨਦੇ ਹੋਏ ਸੜਕ ਉੱਤੇ ਨਿੱਕਲਿਆ ਸੀ ਪਰ ਸੱਤਾਵਾਨਾਂ ਦੇ ਹੰਕਾਰ ਨੂੰ ਇਹ ਮੰਨਜ਼ੂਰ ਨਹੀਂ ਸੀ।

ਇਨਸਾਨ ਕਿਸ ਤਰਾਂ ਆਪਣੀ ਆਤਮਾ ਦੀ ਆਵਾਜ਼ ਨੂੰ ਦਬਾ ਕੇ ਝੂਠ ਅਤੇ ਬੇਇਨਸਾਫੀ ਨਾਲ ਖਲੋ ਜਾਂਦਾ ਹੈ, ਇਸਦਾ ਦਰਦ ਉਸਦੇ ਖ਼ਤ ਵਿੱਚ ਸਾਫ ਝਲਕਦਾ ਹੈ। ਮੈਂ ਕੁਦਰਤ ਨੂੰ ਪਿਆਰ ਕੀਤਾ, ਅਤੇ ਇਨਸਾਨਾਂ ਨੂੰ ਵੀ। ਬਿਨਾਂ ਇਹ ਜਾਣੇ ਕਿ ਇਨਸਾਨ ਤਾਂ ਕਦੋਂ ਦੇ ਕੁਦਰਤ ਤੋਂ ਦੂਰ ਜਾ ਚੁੱਕੇ ਨੇ। ਸਾਡੀਆਂ ਭਾਵਨਾਵਾਂ ਆਪਣੀਆਂ ਨਹੀਂ ਰਹੀਆਂ, ਸਾਡਾ ਪਿਆਰ ਦਿਖਾਵਟੀ ਹੈ ਅਤੇ ਸਾਡੀਆਂ ਮਾਨਤਾਵਾਂ ਉੱਤੇ ਰੰਗ ਚੜ ਗਿਆ ਹੈ।' ਆਪਣੇ ਆਪ ਨੂੰ ਜ਼ਰਾ ਰੋਹਿਤ ਵੈਮੁੱਲਾ ਦੀਆਂ ਇਨਾਂ ਸਤਰਾਂ ਦੇ ਸ਼ੀਸ਼ੇ ਵਿੱਚ ਦੇਖੀਏ। ਕਿਤੇ ਸਾਡੀਆਂ ਵੀ ਮਾਨਤਾਵਾਂ ਉੱਤੇ ਕਿਸੇ ਖਾਸ ਧਿਰ ਦੇ ਏਜੰਡੇ ਦਾ ਰੰਗ ਤਾਂ ਨਹੀਂ ਚੜ ਗਿਆ? ਕਿਤੇ ਅਸੀਂ ਵੀ ਆਪਣੇ ਸਵਾਰਥਾਂ ਲਈ ਸੱਤਾ ਦੀ ਚਾਪਲੂਸੀ ਨਹੀਂ ਕਰ ਰਹੇ, ਜਿਵੇਂ ਰੋਹਿਤ ਦੀ ਯੂਨੀਵਰਸਿਟੀ ਨੇ ਕੀਤੀ ਸੀ, ਉਸਦੇ ਅਧਿਆਪਕਾਂ ਨੇ ਕੀਤੀ ਸੀ, ਜਿਨਾਂ ਦੀ ਕਮੇਟੀ ਨੇ ਉਸਦੇ ਖਿਲਾਫ ਫੈਸਲਾ ਸੁਣਾਇਆ ਅਤੇ ਇੱਕ ਵਿਦਿਆਰਥੀ ਤੋਂ ਉਸਦੀ ਸਿੱਖਿਆ ਦਾ ਹੱਕ ਖੋਹ ਲਿਆ - ਜਿਸ ਨੂੰ ਸੁਪਰੀਮ ਕੋਰਟ ਨੇ 1993 ਦੇ ਆਪਣੇ ਉਨੀ ਕ੍ਰਿਸ਼ਨਨ ਬਨਾਮ ਸਟੇਟ ਆਫ ਆਂਧਰਾ ਪ੍ਰਦੇਸ਼ ਦੇ ਫੈਸਲੇ ਰਾਹੀਂ ਜਿਉਣ ਦੇ ਅਧਿਕਾਰ ਨਾਲ ਜੋੜਿਆ ਸੀ।

ਸਿੱਖਿਆ ਦਾ ਹੱਕ ਖੋਹ ਕੇ ਰੋਹਿਤ ਤੋਂ ਜਿਉਣ ਦਾ ਹੱਕ ਖੋਹ ਲਿਆ ਗਿਆ। ਅੱਗੇ ਵਧਣ ਦੇ ਬਰਾਬਰੀ ਦੇ ਉਹ ਮੌਕੇ ਖੋਹ ਲਏ ਜਿਨਾਂ ਦੀ ਸਾਡਾ ਸੰਵਿਧਾਨ ਗਰੰਟੀ ਕਰਦਾ ਹੈ। ਉਹ ਰੋਹਿਤ ਵੈਮੁੱਲਾ ਜੋ ਜਿਉਣਾ ਚਾਹੁੰਦਾ ਸੀ, ਜੀਵਨ ਸ਼ੁਰੂ ਕਰਨ ਲਈ ਬੇਤਾਬ ਸੀ, ਇਹ ਧੱਕਾ ਉਹ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਉਹੀ ਹੋਇਆ ਜੋ ਅਕਸਰ ਹੁੰਦਾ ਆਇਆ ਹੈ ਅਤੇ ਇਸ ਫਿਲਮੀ ਗਾਣੇ ਵਿੱਚ ਰੂਪਮਾਨ ਹੋਇਆ ਹੈ ਕਿ:

**ਜ਼ਮਾਨੇ ਨੇ ਮਾਰੇ ਜਵਾਂ ਕੈਸੇ ਕੈਸੇ, ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ।'**

# ਗੁਰੂ ਹਰਿਰਾਏ ਸਾਹਿਬ ਜੀ

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼



**- ਪ੍ਰਮਿੰਦਰ ਸਿੰਘ ਪ੍ਰਵਾਨਾ**

ਗੁਰੂ ਹਰਿਰਾਏ ਜੀ ਦੇ ਇਕ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸ ਪੋਤਰੇ ਨੂੰ ਸਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਏ ਜੀ ਦੇ ਮਨ ਵਿਚ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਗੁਰਬਾਦੀ ਵਿਚਾਰ, ਬੀਰਰਸ ਦੇ ਪ੍ਰਭਾਵ ਦੇ ਨਾਲ ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਕੀਤਾ ਗਿਆ। ਬਾਲ ਅਵਸਥਾ ਤੋਂ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਅਤੇ ਵੀਰਤਾ ਦੇ ਪੁੰਜ ਸਨ। ਉਨਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਹੈ। ਇਸੇ ਭਾਵ ਵਿਚ ਆਪ ਨੇ ਤਾਣ ਹੁੰਦਿਆਂ ਵੀ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ. ਸ਼ੀਸ ਮਹੱਲ ਕੀਰਤਪੁਰ ਜ਼ਿਲਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ 1640 ਈ. ਨੂੰ ਮਾਤਾ ਕਿਸ਼ਨ ਕੌਰ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਏ ਤੇ ਹਰਿ ਕ੍ਰਿਸ਼ਨ (ਗੁਰੂ) ਜੀ ਸਨ। ਆਪ ਜੀ ਦੀ ਗੁਰਿਆਈ ਦਾ ਸਮਾ ਮਾਰਚ 1644 ਈ. ਹੈ। ਆਪ ਜੀ ਦੇ ਗੁਰੂਕਾਲ ਦੀ ਹਮੇਸ਼ਾ ਇਹ ਵਿਸ਼ੇਸ਼ਤਾ ਰਹੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅੱਗੇ ਤੋਰਿਆ। ਉਸੇ ਆਸ਼ੇ ਅਧੀਨ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ ਆਪ ਜੀ ਨੇ ਸੰਗਤਾਂ ਵਿਚ ਚੜਦੀ ਕਲਾ ਦਾ ਜ਼ਜਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿਚ ਵਿਸ਼ਵਾਸ ਨੂੰ ਲਹੀਂ ਤਿਆਗਣਾ, ਸਗੋਂ ਇਸ ਦੀ ਰੱਖਿਆ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ।

ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਕਿਸੇ ਨੂੰ ਡਰਾਉਂਦਾ ਹੈ। ਨਿਰਭਊ, ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੌਣਾ ਤੇ ਸਰੀਰ ਨੂੰ ਤੰਦਰੁਸਤ ਰੱਖਣਾ ਤੇ ਸਹਿਜ ਵਿਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਨੂੰ ਸਿੱਖਾਂ ਦੇ ਘਰਾਂ ਤੱਕ ਪਹੁੰਚਾਉਣ ਦੀ ਮਰਯਾਦਾ ਬਣਾ ਦਿੱਤੀ ਕਿ ਸਿੱਖਾਂ ਦੇ ਘਰੋਂ ਕੋਈ ਭੁੱਖਾ ਨਿਰਾਸ਼ ਨਾ ਜਾਵੇ। ਘਰ ਘਰ ਅੰਦਰ ਧਰਮਸ਼ਾਲ ਦੇ ਨਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਣਾਲੀ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ ਬਹਿਣੀ ਦਾ ਇਕ ਪ੍ਰਪੱਕ ਅੰਗ ਦੱਸਿਆ। ਲੰਗਰਾਂ ਨੂੰ ਸਿੱਖਾਂ ਦੀ ਰਹਿਣੀ ਬਹਿਣੀ ਦਾ ਪ੍ਰਪੰਕ ਅੰਗ ਦੱਸਿਆ। ਇਸੇ ਉਪਦੇਸ਼ ਅਧੀਨ ਜਦ 1644 ਈ. ਵਿਚ ਲਾਹੌਰ ਵਿਚ ਭਿਆਨਕ ਬੀਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਗਰੀਬਾਂ ਬੇਸਹਾਰਿਆਂ ਰੋਗੀਆਂ ਦੀ ਸੇਵਾ ਕੀਤੀ। ਆਪ ਜੀ ਨੂੰ ਗੁਰਿਆਈ ਬਖਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਫੌਜ ਜ਼ਰੂਰੀ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਜੁਝਾਰੂ ਫੌਜ ਆਪ ਜੀ ਦੇ ਕੋਲ ਸੀ ਜੋ ਖ਼ਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰਾਂ ਮੀਰੀ ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਕੋਅ ਦੀ ਬੇਨਤੀ ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਕੋਅ ਬਚ ਨਿਕਲਣ ਵਿਚ ਸਫ਼ਲ ਹੋਇਆ। ਜਿੱਥੇ ਆਪ ਸੰਗਤ ਨੂੰ ਨਾਮ ਦਾਨ ਦੇ ਕੇ ਸਫ਼ਲ ਜੀਵਨ ਦੇ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰਾਂ ਵਿਚ ਜੋ ਵੀ ਰਸਦ ਸਮਾਨ ਆਵੇ ਬੜੀ ਸੰਭਾਲ ਨਾਲ ਰੱਖਣੀ ਹੈ। ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਜਮਾਂ ਹੋ ਗਿਆ। ਇਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਕੋਅ ਸਖਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨੇ ਦੀਆਂ ਔਸ਼ਧੀਆਂ ਵਸਤੂਆਂ ਨਾਲ ਤੰਦਰੁਸਤ ਹੋ ਗਿਆ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

ਗੁਰੂ ਜੀ ਨਾਲ ਦਾਰਾ ਸ਼ਕੋਅ ਦਾ ਮੇਲ ਮਿਲਾਪ ਵਧਦਾ ਦੇਖ ਕੇ ਔਰੰਗਜੇਬ ਨੇ ਬਹਾਨੇ ਨਾਲ ਗੁਰੂ ਜੀ ਨੂੰ ਤਲਬ ਕਰ ਲਿਆ। ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਭੇਜ ਦਿੱਤਾ। ਔਰੰਗਜੇਬ ਇਕ ਕੱਟੜ ਸ਼ਰਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪਰਿਵਰਤਨ ਕਰਵਾਉਣ ਦਾ ਆਦੀ ਸੀ। ਉਸ ਨੇ ਚਾਹਿਆ ਕਿ ਰਾਮਰਾਇ ਜੀ ਦਾ ਦਿਲ ਜਿੱਤ ਕੇ ਉਸ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਉਸ ਨੇ ਬਾਣੀ ਦਾ ਹਵਾਲੇ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਜੋ ਦਰਜ਼ ਹੈ ਕਿ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ ਅੰਗ 466॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ। ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਵੇਖ ਕੇ ਕਹਿ ਦਿੱਤਾ ਕਿ ਬਾਣੀਕਾਰ ਲਿਖਾਰੀ ਦੀ ਗਲਤੀ ਹੈ ਕਿ ਮਿੱਟੀ ਮੁਸਲਮਾਨ ਦੀ ਨਹੀਂ ਮਿੱਟੀ ਬੇਈਮਾਨ ਕੀ ਹੈ, ਬਾਦਸ਼ਾਹ ਨੇ ਉਸ ਦੀ ਇਸ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਰਹਿਰਾਇ ਜੀ ਨੂੰ ਉਸ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਨਾਂ ਦਾ ਮਨ ਬੜਾ ਉਚਾਟ ਹੋਇਆ। ਗੁਰੂ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਨਾਂ ਨੇ ਬੜੀ ਦ੍ਰਿੜਤਾ ਨਾਲ ਫੈਸਲਾ ਕਰ ਕੀਤਾ ਕਿ ਰਾਮਰਾਇ ਜੀ ਗੁਰਗੱਦੀ ਦੇ ਲਾਇਕ ਨਹੀਂ ਹੈ।

ਜਿੱਥੇ ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਗੁਰੂ ਜੀ ਨੇ ਪ੍ਰਚਾਰਕ ਦੌਰੇ ਕੀਤੇ। ਉਨਾਂ ਨੇ ਸੰਗਤਾਂ ਨੂੰ ਗੁਰ ਉਪਦੇਸ਼ ਦ੍ਰਿੜ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਸਥਾਪਤ ਕੀਤੇ। ਉਥੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਭਾਈ ਬਹਿਲੋ, ਭਾਈ ਭੁੰਦੜ, ਭਾਈ ਪੰਜਾਬ ਤੇ ਭਾਈ ਭਗਤੂ ਆਦਿ।

20 ਅਕਤੂਬਰ, 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਤੇ ਬਿਠਾਇਆ ਅਤੇ ਆਪ ਜੋਤੀ ਜੋਤ ਸਮਾ ਗਏ।

# ਸ਼ਹੀਦ ਬਾਬਾ ਰਾਮ ਸਿੰਘ

**- ਸ਼ਫੀ ਮੁਹੰਮਦ ਮੂੰਗੋ**

27 ਜੂਨ 1839 ਈ: ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਅੰਗਰੇਜ਼ ਹਕੂਮਤ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਪੰਜਾਬ ਵਿੱਚ ਸਿੱਖ ਰਾਜ ਦਾ ਰਾਜਨੀਤਿਕ ਪਤਨ ਸ਼ੁਰੂ ਹੋ ਗਿਆ। ਅੰਗਰੇਜ ਅਧਿਕਾਰੀਆਂ ਇਲੀਅਟ ਅਤੇ ਸਰ ਹੈਨਰੀ ਲਾਰੇਂਸ ਵੱਲੋਂ 29 ਮਾਰਚ 1849 ਨੂੰ ਬਾਲਕ ਮਹਾਰਾਜਾ ਦਲੀਪ ਸਿੰਘ ਕੋਲੋਂ ਫਾਰਸ਼ੀ ਭਾਸ਼ਾ ਵਿੱਚ ਲਿਖੇ ਘੋਸ਼ਣਾ ਪੱਤਰ ਉਪਰ ਦਸਤਖਤ ਕਰਵਾ ਕੇ ਉਸਨੂੰ ਰਾਜਗੱਦੀ ਤੋਂ ਉਤਾਰ ਦਿੱਤਾ ਅਤੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰਨ ਦੀ ਘੋਸ਼ਣਾ ਕਰ ਦਿੱਤੀ। ਇਉਂ ਜਦ ਪੂਰੇ ਭਾਰਤ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਉਨਾਂ ਨੇ ਸਮਾਜ ਵਿੱਚ ਭੈੜੀਆਂ ਕੁਰੀਤੀਆਂ ਨੂੰ ਜਨਮ ਦੇਣਾ ਸ਼ੁਰੂ ਕੀਤਾ। ਇਹੋ ਜਿਹੇ ਸਮੇਂ ਵਿੱਚ ਬਾਬਾ ਰਾਮ ਸਿੰਘ ਨੇ ਪਹਿਲਾਂ ਮੁਬਾਰਕ ਕਦਮ ਪੁੱਟਿਆ ਤੇ ਨਾਮਧਾਰੀ ਕੂਕਾ ਲਹਿਰ ਦੇ ਚਾਲਕ ਬਣੇ।

ਬਾਬਾ ਰਾਮ ਸਿੰਘ ਦਾ ਜਨਮ 3 ਫਰਵਰੀ 1816 ਈ: (ਮਾਘ ਸੁਦੀ ਪੰਚਮੀ ਬਸੰਤ ਵਾਲੇ ਦਿਨ ਸੰਮਤ 1872 ਬਿਕਰਮੀ) ਵਿੱਚ ਮਾਈ ਸਦਾ ਕੌਰ ਦੀ ਕੁੱਖੋਂ ਪਿੰਡ ਭੈਣੀ ਰਾਈਆਂ (ਜ਼ਿਲਾ ਲੁਧਿਆਣਾ) ਵਿਖੇ ਪਿਤਾ ਬਾਬਾ ਜੱਸਾ ਸਿੰਘ ਦੇ ਘਰ ਹੋਇਆ। ਉਸ ਸਮੇਂ ਦੇ ਸਮਾਜ ਵਿੱਚ ਚਲਦੀਆਂ ਗੀਤਾਂ ਮੁਤਾਬਿਕ 7 ਕੁ ਸਾਲ ਦੀ ਛੋਟੀ ਉਮਰ ਵਿੱਚ ਹੀ 1822 ਈ: ਵਿੱਚ ਆਪ ਦੀ ਸ਼ਾਦੀ ਧਰੋੜੀ ਪਿੰਡ ਦੇ ਸ੍ਰੀ ਸਾਹਿਬ ਜੀ ਦੀ ਸਪੁੱਤਰੀ ਬੀਬੀ ਜੱਸਾ ਨਾਲ ਹੋ ਗਈ। ਸੰਨ 1837 ਈ: ਵਿੱਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਕੰਵਰ ਨੌਨਿਹਾਲ ਦੀ ਰੈਜੀਮੈਂਟ ਵਿੱਚ ਭਰਤੀ ਹੋ ਗਏ ਪ੍ਰੰਤੂ ਦਸੰਬਰ 1845 ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਦੀਆਂ ਲੜਾਈਆਂ ਸ਼ੁਰੂ ਹੋਣ ਮੌਕੇ ਸਿੱਖ ਕੌਮ ਵਿੱਚ ਆਈ ਗਿਰਾਵਟ ਕਾਰਨ ਆਪ ਦੇ ਮਨ ਨੇ ਅਜਿਹਾ ਪਲਟਾ ਖਾਧਾ ਕਿ ਆਪ ਫੌਜ ਦੀ ਨੌਕਰੀ ਨੂੰ ਛੱਡ ਕੇ ਆਪਣੇ ਪਿੰਡ ਭੈਣੀ ਸਾਹਿਬ ਵਾਪਸ ਆ ਗਏ। ਇੱਥੇ ਆਪ ਨੇ ਲੱਗਭਗ 12 ਸਾਲ ਦੇ ਚਿੰਤਨ ਮਗਰੋਂ ਇਕ ਨਵੀਂ ਸੰਘਰਸ਼ ਨੀਤੀ ਘੜੀ। ਡਾਵਾਂਡੋਲ ਹੋ ਰਹੇ ਸਿੱਖ ਮਨਾਂ ਅੰਦਰ ਸਿੱਖੀ ਲਈ ਉਤਸ਼ਾਹ ਤੇ ਲਗਨ ਪੈਦਾ ਕਰਨ ਲਈ 12 ਅਪਰੈਲ 1857 ਈ: ਨੂੰ ਵਿਸਾਖੀ ਵਾਲੇ ਦਿਨ ਆਪ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜ ਸਿੱਖਾਂ ਭਾਈ ਕਾਹਨ ਸਿੰਘ ਨਿਹੰਗ ਪਿੰਡ ਚੱਕ ਕਲਾਂ ਰਿਆਸਤ ਮਾਲੇਰਕੋਟਲਾ, ਭਾਈ ਸੁਧ ਸਿੰਘ ਪਿੰਡ ਦੁਰਗਾਪੁਰ ਜ਼ਿਲਾ ਜਲੰਧਰ, ਭਾਈ ਲਾਭ ਸਿੰਘ ਰਾਗੀ ਅੰਮ੍ਰਿਤਸਰ, ਭਾਈ ਆਤਮਾ ਸਿੰਘ ਪਿੰਡ ਆਲਮਪੁਰ ਜ਼ਿਲਾ ਸਿਆਲਕੋਟ ਅਤੇ ਭਾਈ ਨੈਣਾ ਸਿੰਘ ਪਿੰਡ ਵਰਿਆਹਾਂ ਜ਼ਿਲਾ ਸਿਆਲਕੋਟ ਨੂੰ ਅੰਮ੍ਰਿਤ ਛਕਾਇਆ। ਆਪ ਨੇ ਬੜੀ ਦੂਰ-ਦ੍ਰਿਸ਼ਟੀ ਨਾਲ ਸੋਚਿਆ ਕਿ ਮਿੱਟੀ ਦੇ ਮਾਧੋ ਬਣ ਚੁੱਕੇ ਢਹਿੰਦੀ ਕਲਾ ਵੱਲ ਜਾ ਰਹੇ ਸਿੱਖਾਂ ਦੇ ਮਨਾਂ ਅੰਦਰ ਸਵੈ-ਮਾਨਤਾ ਤੇ ਬੀਰ-ਰਸ ਪੈਦਾ ਲਈ 'ਭੈ ਕਾਹੂ ਕਾਉ ਦੇਤ ਨਹਿ, ਨਹਿ ਭੈ ਮਾਨਤ ਆਨਿ' ਦੀ ਸਿੱਖਿਆ ਦੇਣ ਲਈ ਉੱਚੇ ਸੁੱਚੇ ਆਚਰਣ ਦੇ ਧਾਰਨੀ ਬਣਾਉਣ ਲਈ ਨਾਮ ਸਿਮਰਨ ਅਤੇ ਗੁਰਬਾਣੀ ਪੜਨਾ ਅਤਿਅੰਤ ਜ਼ਰੂਰੀ ਹੈ। ਇਸੇ ਲਈ ਆਪ ਨੇ ਪਹਿਲੀ ਵਾਰ ਲਾਹੌਰ ਤੋਂ ਪੱਥਰ ਦੇ ਛਾਪੇ ਉਤੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਛਪਾਈ ਕਰਵਾ ਕੇ ਪਾਵਨ ਤੇ ਪਵਿੱਤਰ ਬੀੜਾਂ ਤਿਆਰ ਕਰਵਾਈਆਂ ਤਾਂ ਕਿ ਆਮ ਲੋਕ ਗੁਰਬਾਣੀ ਪੜ ਸਕਣ ਅਤੇ ਗਿਆਨਵਾਨ ਹੋ ਸਕਣ। ਆਪ ਨੇ ਭਰੂਣ ਹੱਤਿਆ ਵਿਰੁੱਧ ਆਵਾਜ਼ ਉਠਾਈ। ਆਪ ਨੇ ਬਿਨਾਂ ਬਾਰਾਤ, ਬਿਨਾਂ ਦਾਜ-ਦਹੇਜ ਦੇ ਕੇਵਲ ਸਵਾ ਰੁਪਏ ਵਿੱਚ ਵਿਆਹ ਕਰਨ ਦੀ ਨਰੋਈ ਗੀਤੀ ਦਾ ਆਰੰਭ ਵੀ ਕੀਤਾ ਜਿਸ ਨੂੰ ਆਨੰਦ ਕਾਰਜ ਦਾ ਨਾਮ ਦਿੱਤਾ ਗਿਆ। ਇਤਿਹਾਸ ਵਿੱਚ ਪਹਿਲੀ ਵਾਰ 3 ਜੂਨ 1863 ਈ: ਨੂੰ ਪਿੰਡ ਖੋਟੇ ਜ਼ਿਲਾ ਫਿਰੋਜ਼ਪੁਰ ਵਿਖੇ ਬਾਬਾ ਰਾਮ ਸਿੰਘ ਨੇ ਸ੍ਰੀ ਆਦਿ ਗ੍ਰੰਥ ਵਿੱਚੋਂ ਲਾਵਾਂ ਪੜ ਕੇ ਛੇ ਆਨੰਦ ਕਾਰਜ ਕਰਕੇ ਗੁਰਮਤਿ ਆਨੰਦ ਮਰਿਯਾਦਾ ਸ਼ੁਰੂ ਕੀਤੀ।



ਆਪ ਦੀ ਕਾਰਜਸ਼ੈਲੀ, ਰਹਿਣੀ-ਬਹਿਣੀ, ਬੋਲਣ ਢੰਗ, ਦਿਆਨਤਦਾਰੀ, ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਸਿੱਖਾਂ ਤੋਂ ਇਲਾਵਾ ਹਿੰਦੂ ਤੇ ਮੁਸਲਮਾਨਾਂ ਵਿੱਚ ਵੀ ਆਪ ਦਾ ਬਹੁਤ ਪ੍ਰਭਾਵ ਪਹੁੰਚ ਗਿਆ। ਆਮ ਲੋਕ ਆਪ ਵੱਲੋਂ ਦਰਸਾਏ ਮਾਰਗ 'ਤੇ ਚੱਲਦੇ ਹੋਏ ਗੁਰਮਤਿ ਦੇ ਧਾਰਨੀ ਹੋਣ ਲੱਗੇ। ਨਾਮ ਬਾਣੀ ਨਾਲ ਜੁੜਨ ਵਾਲੀ ਇਕ ਨਵੀਂ ਜਮਾਤ ਹੋਂਦ ਵਿੱਚ ਆ ਗਈ ਜਿਸ ਨੂੰ ਨਾਮਧਾਰੀਏ ਕਿਹਾ ਜਾਣ ਲੱਗ ਗਿਆ। ਬਾਬਾ ਰਾਮ ਸਿੰਘ ਦੇ ਸ਼ਰਧਾਲੂਆਂ ਤੇ ਸੇਵਕਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ ਤੇ ਇਹ ਲਹਿਰ ਪੰਜਾਬ ਤੋਂ ਇਲਾਵਾ ਬਾਹਰਲੇ ਰਾਜਾਂ ਵਿੱਚ ਵੀ ਫੈਲ ਗਈ। ਲੋਕਾਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਵਧਦੀ ਹੋਈ ਲੋਕਪ੍ਰਿਅਤਾ ਨੂੰ ਦੇਖ ਕੇ ਅੰਗਰੇਜ਼ ਹਕੂਮਤ ਨੂੰ ਅਨੁਭਵ ਹੋਇਆ ਕਿ ਉਨਾਂ ਦੀ ਚਲਾਈ ਨਾਮਧਾਰੀ ਲਹਿਰ ਸਿੱਖਾਂ ਲਈ ਧਾਰਮਿਕ ਤੇ ਸਮਾਜ ਸੁਧਾਰਕ ਲਹਿਰ ਹੀ ਨਹੀਂ ਸਗੋਂ ਇਹ ਤਾਂ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਨ ਲਈ ਉਨਾਂ ਦੀ ਸੱਤਾ ਉਤੇ ਸਿੱਧੇ ਹਮਲੇ ਦੀ ਇਕ ਵਿਉਂਤਬੰਦੀ ਹੈ। ਇਸੇ ਕਰਕੇ ਅੰਗਰੇਜ਼ਾਂ ਨੇ ਉਨਾਂ ਨੂੰ 3 ਜੁਲਾਈ 1863 ਤੋਂ 13 ਫਰਵਰੀ 1867 ਤੱਕ ਆਪਣੇ ਪਿੰਡੋਂ ਬਾਹਰ ਜਾ ਕੇ ਦੀਵਾਨ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਪ੍ਰੰਤੂ ਉਨਾਂ ਨੇ 22 ਸੂਬੇ ਥਾਪ ਦਿੱਤੇ ਜੋ ਬਹੁਤ ਸੂਝਵਾਨ ਸਨ। ਉਨਾਂ ਨੇ ਪਿੰਡ-ਪਿੰਡ ਜਾ ਕੇ ਬਾਬਾ ਰਾਮ ਸਿੰਘ ਜੀ ਦੇ ਆਦੇਸ਼ਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। 1869 ਈ: ਵਿੱਚ ਆਪ ਨੇ ਨੇਪਾਲ ਦੇ ਰਾਜੇ ਵੱਲ ਇਕ ਮਿੱਤਰਤਾ ਮਿਸ਼ਨ ਭੇਜ ਕੇ ਉਨਾਂ ਨਾਲ ਸਬੰਧ ਜੋੜਨ ਦਾ ਉਪਰਾਲਾ ਕੀਤਾ। ਬਾਬਾ ਰਾਮ ਸਿੰਘ ਦੀ ਰਹਿਨੁਮਾਈ ਹੇਠ ਨਾਮਧਾਰੀ ਸਿੱਖਾਂ ਨੇ ਸਵੈ-ਰਾਜ ਸਥਾਪਤ ਕਰ ਲਿਆ ਸੀ ਕਿਉਂਕਿ ਉਨਾਂ ਨੇ ਅੰਗਰੇਜ਼ਾਂ ਵੱਲੋਂ ਖੋਲੇ ਸਕੂਲਾਂ ਦਾ ਬਾਈਕਾਟ ਕਰਕੇ ਬੱਚਿਆਂ ਦੀ ਪੜਾਈ ਦਾ ਪ੍ਰਬੰਧ ਗੁਰਦੁਆਰਿਆਂ, ਮੰਦਿਰਾਂ, ਧਰਮਸ਼ਾਲਾਵਾਂ ਵਿੱਚ ਕੀਤਾ ਤਾਂ ਕਿ ਬੱਚੇ ਭਾਰਤੀ ਸੰਸਕ੍ਰਿਤੀ ਤੋਂ ਜਾਣੂ ਹੋ ਸਕਣ। ਅੰਗਰੇਜ਼ਾਂ ਦੀਆਂ ਅਦਾਲਤਾਂ ਦਾ ਬਾਈਕਾਟ ਕਰਕੇ ਆਪਣੀਆਂ ਪੰਚਾਇਤਾਂ ਦੀ ਸਥਾਪਨਾ ਕੀਤੀ। ਵੱਖ-ਵੱਖ ਇਲਾਕਿਆਂ ਵਿੱਚ ਸੂਬੇ ਨਿਯੁਕਤ ਕੀਤੇ, ਅੰਗਰੇਜ਼ੀ ਡਾਕ ਦਾ ਬਾਈਕਾਟ ਕਰਕੇ ਕੂਕਾ ਡਾਕ ਪ੍ਰਬੰਧ ਤਿਆਰ ਕੀਤਾ ਜਿਸ ਅਧੀਨ ਕਸ਼ਮੀਰ, ਕਾਬੁਲ ਅਤੇ ਨੇਪਾਲ ਤੱਕ ਆਪਣੇ ਰਾਜਦੂਤ ਭੇਜੇ ਜਾਂਦੇ ਸਨ।

ਅੰਗਰੇਜ਼ਾਂ ਨੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਵਿੱਚ ਫਿਰਕੂ-ਫਸਾਦ ਕਰਵਾ ਕੇ ਆਪਣਾ ਉੱਲੂ ਸਿੱਧਾ ਕਰਨ ਲਈ ਪੰਜਾਬ ਅੰਦਰ ਬੁੱਚੜਖਾਨੇ ਖੋਲੇ, ਜਿੱਥੇ ਗਊ ਹੱਤਿਆ ਹੁੰਦੀ ਸੀ। ਇਹ ਬੁੱਚੜਖਾਨੇ ਫਿਰਕੂ-ਫਸਾਦਾਂ ਦੇ ਅੱਡੇ ਬਣਨ ਲੱਗੇ। ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਬੁੱਚੜਖਾਨਾ ਅੰਮ੍ਰਿਤਸਰ ਵਿਖੇ ਖੋਲਿਆ। ਗਊਆਂ ਦੀਆਂ ਬੋਟੀਆਂ ਤੇ ਹੱਡ ਜਦ ਪੰਛੀਆਂ ਰਾਹੀਂ ਅੰਮ੍ਰਿਤਸਰ ਵਿਖੇ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੇ ਪਵਿੱਤਰ ਸਰੋਵਰ ਵਿੱਚ ਡਿੱਗਣ ਲੱਗੇ ਤਾਂ ਸਬਰ ਦੀ ਹੱਦ ਟੁੱਟ ਗਈ। ਨਾਮਧਾਰੀ ਸਿੱਖ ਬੁੱਚੜਾਂ ਨੂੰ ਨਹੀਂ, ਬੁੱਚੜਖਾਨਿਆਂ ਨੂੰ ਖਤਮ ਕਰਨਾ ਚਾਹੁੰਦੇ ਸਨ। ਸੋ ਨਾਮਧਾਰੀ ਸਿੱਖਾਂ ਨੇ 14 ਤੇ 15 ਜੂਨ 1871 ਈ: ਦੀ ਰਾਤ ਨੂੰ ਅੰਮ੍ਰਿਤਸਰ ਬੁੱਚੜਖਾਨੇ 'ਤੇ ਧਾਵਾ ਬੋਲਿਆ ਤੇ 4 ਬੁੱਚੜ ਮਾਰ ਦਿੱਤੇ ਅਤੇ 3 ਸਖਤ ਜ਼ਖਮੀ ਹੋ ਗਏ। ਇਸੇ ਤਰਾਂ 15 ਜੁਲਾਈ 1871 ਈ: ਨੂੰ ਰਾਇਕੋਟ ਦੇ ਬੁੱਚੜਖਾਨੇ 'ਤੇ ਹਮਲਾ ਕਰਕੇ 1 ਮਰਦ, 1 ਇਸਤਰੀ ਤੇ ਇਕ ਬੱਚੇ ਨੂੰ ਮਾਰ ਦਿੱਤਾ। ਅੰਮ੍ਰਿਤਸਰ ਵਾਲੇ ਬੁੱਚੜ ਮਾਰਨ ਬਦਲੇ 4 ਨਾਮਧਾਰੀ ਸਿੰਘਾਂ - ਬੀਹਲਾ ਸਿੰਘ, ਹਾਕਮ ਸਿੰਘ ਪਟਵਾਰੀ, ਲਹਿਣਾ ਸਿੰਘ ਤੇ ਫਤਿਹ ਸਿੰਘ ਭਾਟੜਾ ਨੂੰ 15 ਦਸੰਬਰ 1871 ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ 3 ਸਿੰਘਾਂ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ, ਜਿਹੜੇ ਜੇਲਾਂ ਵਿੱਚ ਹੀ ਸ਼ਹੀਦੀਆਂ ਪਾ ਗਏ। ਇਸੇ ਤਰਾਂ ਰਾਇਕੋਟ ਵਾਲੇ ਕੇਸ ਵਿੱਚ ਸੰਤ ਮਸਤਾਨ ਸਿੰਘ, ਸੰਤ ਗੁਰਮੁਖ ਸਿੰਘ ਤੇ ਸੰਤ ਮੰਗਲ ਸਿੰਘ ਨੂੰ 5 ਅਗਸਤ 1871 ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ।

ਇਨਾਂ ਘਟਨਾਵਾਂ ਤੋਂ ਬਾਅਦ ਅੰਗਰੇਜ਼ ਪੂਰੀ ਤਰਾਂ ਚੌਕਸ ਹੋ ਗਏ। ਨਾਮਧਾਰੀ ਸਿੱਖਾਂ ਨੇ ਵੀ ਬੁੱਚੜਖਾਨੇ ਬੰਦ ਕਰਵਾਉਣ ਦਾ ਅਹਿਦ ਕਰ ਲਿਆ। 1872 ਈ: ਨੂੰ ਮਾਘੀ ਮੌਕੇ ਬਾਬਾ ਰਾਮ ਸਿੰਘ ਨੇ ਭੈਣੀ ਸਾਹਿਬ ਵਿੱਚ ਨਾਮਧਾਰੀਆਂ ਦਾ ਬਹੁਤ ਵੱਡਾ ਇਕੱਠ ਕੀਤਾ। ਇਹ ਨਾਮਧਾਰੀਆਂ ਦਾ ਆਖਰੀ ਇਕੱਠ ਕਿਹਾ ਜਾ ਸਕਦਾ ਹੈ। ਜੋਸ਼ ਵਿੱਚ ਆਏ ਨਾਮਧਾਰੀ ਸਿੱਖਾਂ ਨੇ ਮਾਲੇਰਕੋਟਲੇ ਦੇ ਬੁੱਚੜਾਂ ਨੂੰ ਮਾਰਨ ਦਾ ਐਲਾਨ ਕਰ ਦਿੱਤਾ। ਲੱਗਭਗ 125 ਨਾਮਧਾਰੀਆਂ ਦੇ ਜਥੇ ਨੇ ਮਾਲੇਰਕੋਟਲੇ ਦੇ ਬੁੱਚੜਖਾਨੇ ਉਤੇ ਧਾਵਾ ਬੋਲ ਦਿੱਤਾ। ਇਸ ਜਥੇ ਦੀ ਅਗਵਾਈ ਸ. ਹੀਰਾ ਸਿੰਘ ਕਰ ਰਿਹਾ ਸੀ। ਦੋਨੋਂ ਤਰਫ ਜਾਨੀ ਨੁਕਸਾਨ ਹੋਇਆ, 7 ਨਾਮਧਾਰੀ ਸ਼ਹੀਦ ਹੋ ਗਏ। ਬਹੁਤ ਸਾਰੇ ਬੁਰੀ ਤਰਾਂ ਫੱਟੜ ਹੋ ਗਏ। ਇਸੇ ਦਿਨ ਸ਼ਾਮ ਨੂੰ ਇਹ ਜਥਾ ਲੜਾਈ ਉਪਰੰਤ ਪਿੰਡ ਰੜ ਪੁੱਜ ਗਿਆ ਜੋ ਥਾਣਾ ਸ਼ੇਰਪੁਰ ਅਧੀਨ ਸੀ। ਹੀਰਾ ਸਿੰਘ ਨੇ ਜਥੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੰਘੋ ਸਾਡਾ ਮਤਲਬ ਹੱਲ ਹੋ ਗਿਆ ਹੈ ਅਸੀਂ ਜ਼ਾਲਮ ਅੰਗਰੇਜ਼ ਹਕੂਮਤ ਨੂੰ ਦੱਸਣਾ ਚਾਹੁੰਦੇ ਸੀ ਕਿ ਹੁਣ ਭਾਰਤ ਵਾਸੀ ਜਾਗ ਪਏ ਹਨ, ਉਹ ਵਿਦੇਸ਼ੀ ਰਾਜ ਨਹੀਂ ਚਾਹੁੰਦੇ ਤੇ ਨਾ ਹੀ ਆਪਣੇ ਧਰਮ 'ਤੇ ਆਪਣੀ ਸੰਸਕ੍ਰਿਤੀ ਵਿੱਚ ਕਿਸੇ ਦੀ ਦਖਲਅੰਦਾਜ਼ੀ ਪਸੰਦ ਕਰਦੇ ਹਨ। ਇਸ ਤੋਂ ਬਾਅਦ ਸਾਰੇ ਜਥੇ ਨੇ ਸ਼ੇਰਪੁਰ ਥਾਣੇ ਜਾ ਕੇ ਆਤਮ-ਸਮਰਪਨ ਕਰ ਦਿੱਤਾ। ਉਸ ਸਮੇਂ ਰਿਆਸਤ ਮਾਲੇਰਕੋਟਲਾ ਦਾ ਪ੍ਰਬੰਧਕ ਅੰਗਰੇਜ਼ ਹਾਕਮ, ਡਿਪਟੀ ਕਮਿਸ਼ਨਰ ਲੁਧਿਆਣਾ, ਮਿਸਟਰ ਕਾਵਨ ਸੀ। ਉਸ ਨੇ ਨਾਭਾ, ਜੀਂਦ ਤੇ ਪਟਿਆਲਾ ਰਿਆਸਤਾਂ ਤੋਂ ਨੌਂ ਤੋਪਾਂ ਮਗਵਾ ਕੇ ਬਿਨਾਂ ਕੋਈ ਕਾਨੂੰਨੀ ਕਾਰਵਾਈ ਕੀਤੇ 17 ਫਰਵਰੀ 1872 ਈ: ਸ਼ਾਮ ਨੂੰ ਮਾਲੇਰਕੋਟਲਾ ਦੇ ਖੂਨੀ ਰੱਕੜ ਵਿਖੇ 49 ਨਾਮਧਾਰੀ ਸਿੱਖਾਂ ਨੂੰ ਤੋਪਾਂ ਅੱਗੇ ਖੜਾ ਕੇ ਤੂੰਬਾ-ਤੂੰਬਾ ਉਡਾ ਕੇ ਸ਼ਹੀਦ ਕਰ ਦਿੱਤਾ। ਅਗਲੀ ਸਵੇਰ 18 ਜਨਵਰੀ 1872 ਨੂੰ ਅੰਬਾਲੇ ਦਾ ਕਮਿਸ਼ਨਰ ਫੋਰਸਾਈਥ ਨੇ ਮਾਲੇਰਕੋਟਲੇ ਪਹੁੰਚ ਕੇ ਕਾਨੂੰਨੀ ਖਾਨਾਪੂਰਤੀ ਕਰਕੇ ਬਾਕੀ ਬਚੇ 17 ਨਾਮਧਾਰੀ ਸਿੰਘਾਂ ਨੂੰ ਵੀ ਤੋਪਾਂ ਨਾਲ ਉਡਾ ਦਿੱਤਾ। ਸੰਸਾਰ ਵਿੱਚ ਅਜਿਹੀ ਕਿਧਰੇ ਵੀ ਮਿਸਾਲ ਨਹੀਂ ਮਿਲਦੀ, ਜਦੋਂ ਆਪਣੇ ਦੇਸ਼ ਤੇ ਕੌਮ ਲਈ 66 ਨਾਮਧਾਰੀ ਸਿੰਘਾਂ ਨੇ ਕੁਰਬਾਨੀ ਦਿੱਤੀ ਹੋਵੇ।

# ਵੱਡੇ ਘੱਲੂਘਾਰੇ ਵਿਚ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ

-ਡਾ. ਜਸਬੀਰ ਸਿੰਘ ਸਰਨਾ

ਸਿੱਖ ਤਵਾਰੀਖ ਵਿਚ ਤਿੰਨ ਘੱਲੂਘਾਰੇ ਹੋਏ ਹਨ ਜਦੋਂ ਹਜ਼ਾਰਾਂ ਤੋਂ ਲੱਖਾਂ ਸਿੰਘਾਂ ਨੂੰ ਸ਼ਹੀਦੀ ਜਾਮ ਪੀਣੇ ਪਏ। ਅਹਿਮਦਸ਼ਾਹ ਦੁਰਾਨੀ ਨੇ ਮਈ 1761 ਵਿਚ ਖਵਾਜ਼ਾ ਮਿਰਜ਼ਾ ਜਾਨ ਨੂੰ ਪੰਜਾਬ ਵਾਸਤੇ ਨਿਯੁਕਤ ਕੀਤਾ। ਸਿੱਖਾਂ ਨੇ ਉਸ ਨੂੰ ਜੰਗ ਵਿਚ ਹਾਰ ਹੀ ਨਹੀਂ ਦਿੱਤੀ ਸਗੋਂ ਮੈਦਾਨੇ-ਜੰਗ ਵਿਚ ਹੀ ਮਾਰ ਦਿੱਤਾ। ਅਹਿਮਦਸ਼ਾਹ ਨੇ ਤੁਰੰਤ ਨੂਰਦੀਨ ਬਾਮਜ਼ਈ ਨੂੰ ਰਵਾਨਾ ਕੀਤਾ। ਦਰਿਆ ਚਿਨਾਬ ਪਾਰ ਕਰਦੇ ਸਾਰ ਹੀ ਬਾਮਜ਼ਈ ਦਾ ਮੁਕਾਬਲਾ ਸ. ਚੜਤ ਸਿੰਘ ਸ਼ੁਕਰਚਕੀਏ ਨਾਲ ਹੋਇਆ। ਬਾਮਜ਼ਈ ਨੇ ਮੁਸ਼ਕਲ ਨਾਲ ਜਾਨ ਬਚਾ ਕੇ ਸਿਆਲਕੋਟ ਕਿਲੇ ਵਿਚ ਪਨਾਹ ਲਈ। ਜਦੋਂ ਸਿੰਘਾਂ ਕਿਲੇ ਦਾ ਘੇਰਾ ਕਈ ਦਿਨ ਨਾ ਚੁੱਕਿਆ ਤਾਂ ਬਾਮਜ਼ਈ ਸ਼ਾਮ ਸਮੇਂ ਜੰਮੂ ਦੀਆਂ ਪਹਾੜੀਆਂ ਵੱਲ ਭੱਜ ਗਿਆ। ਅਫਗਾਨ ਫੌਜੀਆਂ ਨੇ ਸਿੱਖਾਂ ਸਾਹਮਣੇ ਆਪਣੇ ਹਥਿਆਰ ਸੁੱਟ ਦਿੱਤੇ। ਲਾਹੌਰ ਦੇ ਗਵਰਨਰ ਖ਼ਵਾਜ਼ਾ ਉਬੈਦ ਖ਼ਾਨ ਨੂੰ ਜਦੋਂ ਜਰਨੈਲ ਬਾਮਜ਼ਈ ਬਾਰੇ ਖ਼ਬਰ ਪੁੱਜੀ ਤਾਂ ਉਹ ਅਗ-ਬਗੋਲਾ ਹੋ ਗਿਆ। ਉਸ ਨੇ ਭਾਰੀ ਫੌਜ ਇਕੱਠੀ ਕਰਕੇ ਸਿੱਖਾਂ 'ਤੇ ਹਮਲਾ ਬੋਲਿਆ ਪਰ ਉਬੈਦ ਖ਼ਾਨ ਦੀ ਫੌਜ ਵਿਚ ਭਰਤੀ ਸਿੱਖ ਫੌਜੀ ਜਦੋਂ ਆਪਣੇ ਗੁਰਭਾਈਆਂ ਨਾਲ ਮਿਲੇ ਤਾਂ ਉਬੈਦ ਖਾਨ ਇਹ ਵੇਖ ਭਾਰੀ ਤੋਪਖਾਨਾ ਅਤੇ ਹਥਿਆਰ ਸੁੱਟ ਕੇ ਲਾਹੌਰ ਵੱਲ ਭੱਜ ਗਿਆ। ਸਿੰਘਾਂ ਦੇ ਹੌਸਲੇ ਬੁਲੰਦ ਹੋਏ ਤਾਂ ਉਨਾਂ ਲਾਹੌਰ ਵੀ ਮੱਲ ਲਿਆ। ਲਾਹੌਰ ਦੇ ਤਖ਼ਤ 'ਤੇ ਸ.ਜੱਸਾ ਸਿੰਘ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਕੇ 'ਸੁਲਤਾਨ-ਉਲ-ਕੌਮ' ਦੇ ਖਿਤਾਬ ਨਾਲ ਨਿਵਾਜਿਆ ਗਿਆ। ਇੰਜ ਸਾਰਾ ਪੰਜਾਬ ਸਿੰਧ ਤੋਂ ਸਤਲੁਜ ਤਕ ਕੇਸਰੀ ਝੰਡੇ ਹੇਠ ਆ ਗਿਆ।

ਸਿੱਖਾਂ ਨੇ 27 ਅਕਤੂਬਰ 1761 ਨੂੰ ਦੀਵਾਲੀ ਵਾਲੇ ਦਿਨ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਚ ਗੁਰਮਤਾ ਕੀਤਾ ਕਿ ਸਿੱਖ ਕੌਮ ਦੇ ਦੁਸ਼ਮਣਾਂ ਖਾਸ ਕਰ ਅਫ਼ਗਾਨੀਆਂ ਦੇ ਪ੍ਰਤੀਨਿਧਾਂ, ਮੁਖਬਰਾਂ ਅਤੇ ਸਹਿਯੋਗੀਆਂ ਨੂੰ ਸਜ਼ਾਵਾਂ ਦੇਣਗੇ, ਜਿਨਾਂ ਦੇ ਪ੍ਰਮੁੱਖ ਜੰਡਿਆਲੇ ਦੇ ਨਿਰੰਜਨੀਏ ਸਨ। ਜੰਡਿਆਲੇ ਦੇ ਆਕਲ ਦਾਸ ਦੀ ਇਤਲਾਹ 'ਤੇ ਅਹਿਮਦਸ਼ਾਹ ਦੁਰਾਨੀ ਪੰਜਾਬ 'ਤੇ ਚੜਾਈ ਕਰਨ ਆ ਗਿਆ। ਅਹਿਮਦਸ਼ਾਹ ਦਾ ਇਹ ਹਮਲਾ ਸਿੱਖਾਂ ਨੂੰ ਨਾਸਤੇ-ਨਾਬੂਦ ਕਰਨ ਲਈ ਕੀਤਾ ਗਿਆ ਸੀ। ਜਨਵਰੀ 1762 ਨੂੰ ਸਿੰਘਾਂ ਆਕਲ ਦਾਸ ਦੇ ਸ਼ਹਿਰ ਨੂੰ ਘੇਰ ਲਿਆ ਸੀ। ਆਕਲ ਦਾਸ ਕੁਝ ਦਿਨ ਲੁਕਿਆ ਰਿਹਾ ਅਤੇ ਤੁਰੰਤ ਅਹਿਮਦ ਸ਼ਾਹ ਨੂੰ ਜ਼ਰੂਰੀ ਇਤਲਾਹ ਭੇਜੀ ਜਿਸ ਕਾਰਨ ਅਬਦਾਲੀ ਭਾਰੀ ਫੌਜ ਲੈ ਕੇ 3 ਫਰਵਰੀ 1762 ਨੂੰ ਲਾਹੌਰ ਪੁੱਜ ਗਿਆ। ਸਿੰਘਾਂ ਨੂੰ ਇਹ ਖ਼ਬਰ ਮਿਲੀ ਤਾਂ ਉਨਾਂ ਘੇਰਾ ਚੁੱਕ ਲਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਾਲਵੇ ਵੱਲ ਹੋ ਤੁਰੇ। ਉਸ ਸਮੇਂ ਸਿੰਘਾਂ ਦੀ ਗਿਣਤੀ ਚਾਲੀ ਹਜ਼ਾਰ ਸੀ ਜਿਸ ਵਿਚ ਦਸ ਹਜ਼ਾਰ ਬੀਬੀਆਂ, ਬੱਚੇ ਅਤੇ ਬਿਰਧ ਵਹੀਰ ਦੀ ਸ਼ਕਲ ਵਿਚ ਸਨ ਜਿਨਾਂ ਨੂੰ ਸਿੰਘ ਬੀਕਾਨੇਰ ਵੱਲ ਸੁਰੱਖਿਅਤ ਲੈ ਜਾਣਾ ਚਾਹੁੰਦੇ ਸਨ। ਸਰਹਿੰਦ ਦੇ ਹਾਕਮ ਜ਼ੈਨ ਖਾਨ ਨੇ ਅਹਿਮਦ ਸ਼ਾਹ ਨੂੰ ਪੂਰੀ ਸਥਿਤੀ ਦੀ ਇਤਲਾਹ ਭੇਜੀ। ਜ਼ੈਨ ਖਾਨ ਦੇ ਨਾਲ ਮਾਲੇਰਕੋਟਲਾ ਦਾ ਭੀਖਨ ਖ਼ਾਨ ਵੀ ਸ਼ਾਮਲ ਹੋ ਗਿਆ। ਉਸ ਸਮੇਂ ਸਿੰਘਾਂ ਦੀ ਵਹੀਰ ਬਰਨਾਲੇ ਤੋਂ ਚਾਰ ਕੁ ਕਿਲੋਮੀਟਰ ਦੂਰ ਸੀ।



5 ਫਰਵਰੀ 1762 ਦੀ ਸਵੇਰ ਜੰਗ ਦਾ ਮੈਦਾਨ ਗਰਮ ਹੋਇਆ। ਜ਼ੈਨ ਖਾਨ ਦੇ ਫੌਜੀਆਂ ਦੀ ਗਿਣਤੀ (ਤੋਪਖਾਨਾ) 20,000 ਸੀ ਜਿਸ ਨੇ ਪਹਿਲਾ ਹੱਲਾ ਕੀਤਾ। ਜਦੋਂ ਅਬਦਾਲੀ ਵੀ 30,000 ਘੋੜ ਸਵਾਰਾਂ ਨੂੰ ਨਾਲ ਲੈ ਕੇ ਮੈਦਾਨ ਵਿਚ ਆ ਗਿਆ ਤਾਂ ਜ਼ੈਨ ਖਾਨ ਦੇ ਫੌਜੀਆਂ ਦੇ ਹੌਂਸਲੇ ਬੁਲੰਦ ਹੋਣੇ ਕੁਦਰਤੀ ਸੀ। ਇਸ ਸਮੇਂ ਅਬਦਾਲੀ ਸਿੱਖਾਂ ਤੋਂ ਪੁਰਾਣੇ ਬਦਲੇ ਵੀ ਲੈਣਾ ਚਾਹੁੰਦਾ ਸੀ, ਜਦੋਂ ਸਿੱਖਾਂ ਨੇ ਕਈ ਪੁਰਾਣੇ ਮੌਕਿਆਂ 'ਤੇ ਉਸ ਉੱਤੇ ਹਮਲੇ ਕੀਤੇ ਸਨ। ਇਸ ਸਮੇਂ ਅਬਦਾਲੀ ਚੰਗੇ ਤੋਪਖਾਨੇ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਆਇਆ ਸੀ। ਸ. ਜੱਸਾ ਸਿੰਘ ਅਤੇ ਚੜਤ ਸਿੰਘ ਨੇ ਸਮੇਂ ਨੂੰ ਭਾਂਪਦੇ ਹੋਏ ਆਪਣੇ ਸਿੰਘਾਂ ਨੂੰ ਹੁਕਮ ਕੀਤਾ ਕਿ ਤੁਰੰਤ ਬੀਬੀਆਂ, ਬੱਚਿਆਂ ਅਤੇ ਬਿਰਧਾਂ ਚੁਗਿਰਦੇ ਘੇਰਾ ਉਸਾਰ ਦਿਓ ਅਤੇ ਬਰਨਾਲੇ ਵੱਲ ਕੂਚ ਕਰੋ। ਸਿੰਘਾਂ ਦਾ ਇਕੋ ਮਕਸਦ ਸੀ ਕਿ ਵਹੀਰ ਨੂੰ ਬਚਾਇਆ ਜਾਵੇ ਅਤੇ ਦੁਸ਼ਮਣ ਨਾਲ ਲੜਾਈ ਕਰਕੇ ਭਾਰੀ ਨੁਕਸਾਨ ਪਹੁੰਚਾਇਆ ਜਾਵੇ ਪਰ ਦੁਸ਼ਮਣ ਦੀ ਗਿਣਤੀ ਲੱਖਾਂ ਵਿਚ ਸੀ ਅਤੇ ਸਿੰਘ ਤਾਂ ਆਟੇ ਵਿਚ ਲੂਣ ਦੇ ਬਰਾਬਰ ਸਨ।

ਜਦੋਂ ਵੱਡਾ ਘੱਲੂਘਾਰਾ ਹੋਇਆ, ਉਸ ਸਮੇਂ ਸਾਰੇ ਸਿੰਘ ਮਾਲੇਰਕੋਟਲਾ ਤੋਂ 12 ਕਿਲੋਮੀਟਰ ਦੂਰ ਉੱਤਰ ਵੱਲ ਕੁੱਪ-ਰਹੀੜਾ ਵਿਚ ਇਕੱਠੇ ਸਨ। ਸਿੰਘ ਭਾਵੇਂ ਇਸ ਯੁੱਧ ਅਭਿਆਸ ਵਿਚ ਸਫ਼ਲ ਹੋਏ ਪਰ ਸ. ਚੜਤ ਸਿੰਘ ਸ਼ੁਕਰਚਕੀਏ ਦੀ ਬਹਾਦਰੀ ਅਤੇ ਯੁੱਧਨੀਤੀ ਕਾਰਨ ਵਹੀਰ ਵਿਚ ਬਹੁਤ ਸਾਰਿਆਂ ਨੂੰ ਬਚਾਇਆ ਗਿਆ। ਇਸ ਜੰਗ ਵਿਚ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਸਿੱਖ ਤਵਾਰੀਖ ਵਿਚ ਸ਼ਹੀਦ ਸਿੰਘਾਂ ਦੀ ਗਿਣਤੀ 20,000 ਤੋਂ 50,000 ਤਕ ਕੀਤੀ ਗਈ ਹੈ। ਅਬਦਾਲੀ ਦੀ ਫੌਜ ਵਿਚ ਥਮਸ ਖ਼ਾਨ ਨਾਂ ਦਾ ਫਾਰਸੀ ਲੇਖਕ ਵੀ ਸੀ ਜਿਸ ਨੇ ਆਪ ਇਸ ਲੜਾਈ ਵਿਚ ਹਿੱਸਾ ਲਿਆ ਸੀ। ਉਸ ਨੇ 'ਕਿਸ-ਏ-ਥਮਸ-ਏ-ਮਸਕੀਨ' (ਥਮਸਨਾਮਾ) ਲਿਖਤ ਅਪਰੈਲ 1782 ਨੂੰ ਮੁਕੰਮਲ ਕੀਤਾ। ਇਸ ਲੜਾਈ ਵਿਚ ਥਮਸ ਖ਼ਾਨ ਨੇ ਸਿੱਖਾਂ ਦੀ ਯੁੱਧਨੀਤੀ ਅਤੇ ਬਹਾਦਰੀ ਵੇਖ ਕੇ ਭਵਿੱਖਬਾਣੀ ਕੀਤੀ ਸੀ ਕਿ ਜਲਦੀ ਸਿੱਖ ਰਾਜ ਕਾਇਮ ਹੋ ਜਾਵੇਗਾ, ਜੋ ਬਾਅਦ ਵਿਚ ਸੱਚ ਨਿਕਲਿਆ। ਸਿੱਖ ਸ਼ਹੀਦਾਂ ਦੀ ਗਿਣਤੀ, ਉਸ ਨੇ 25,000 ਦਿੱਤੀ ਹੈ। 1841 ਈ. ਦੀ ਕ੍ਰਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਹੈ ਜੋ ਸ. ਰਤਨ ਸਿੰਘ ਦੇ ਪਿਤਾ ਅਤੇ ਚਾਚਾ ਨੇ ਇਸ ਲੜਾਈ ਵਿਚ ਆਪ ਹਿੱਸਾ ਲਿਆ ਸੀ। ਉਸ ਅਨੁਸਾਰ ਸਿੱਖ ਸ਼ਹੀਦਾਂ ਦੀ ਗਿਣਤੀ 30,000 ਦਿੱਤੀ ਹੈ। ਇਸ ਜੰਗ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਅਤੇ ਸ. ਚੜਤ ਸਿੰਘ ਸ਼ੁਕਰਚਕੀਏ ਦੇ ਸਰੀਰ 'ਤੇ ਕ੍ਰਮਵਾਰ 22 ਅਤੇ 19 ਜ਼ਖ਼ਮ ਆਏ ਸਨ। ਇਨਾਂ ਜ਼ਖ਼ਮਾਂ ਤੋਂ ਪ੍ਰਤੱਖ ਹੈ ਕਿ ਸਾਰੇ ਸਿੱਖ ਜਰਨੈਲਾਂ ਨੇ ਲੜਾਈ ਆਪਣੇ ਮੋਢਿਆਂ 'ਤੇ ਹੰਢਾਈ ਸੀ। ਇਹ ਅਜਿਹੀ ਲੜਾਈ ਸੀ ਜਿਸ ਵਿਚ ਹਰ ਸਿੱਖ ਜੰਗਜੂ ਨੂੰ ਕੋਈ ਨਾ ਕੋਈ ਜ਼ਖ਼ਮ ਆਇਆ ਸੀ। ਭਾਵੇਂ ਇਸ ਲੜਾਈ ਵਿਚ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ ਪਰ ਫਿਰ ਵੀ ਸਿੰਘਾਂ ਵਿਚ ਚੜਦੀਕਲਾ ਵਾਲਾ ਜੋਸ਼ ਠਾਠਾਂ ਮਾਰਦਾ ਸੀ। ਲੜਾਈ ਦੀ ਸ਼ਾਮ ਨੂੰ ਇਕ ਨਿਹੰਗ ਸਿੰਘ ਨੇ ਸਾਰਿਆਂ ਨੂੰ ਆਵਾਜ਼ ਦਿੱਤੀ: 'ਤਤ ਖਾਲਸੋ ਸੋ ਰਹਯੋ, ਗਯੋ ਸੁ ਖੋਟ ਗਵਾਇ' (ਪ੍ਰਾਚੀਨ ਪੰਥ ਪ੍ਰਕਾਸ਼)

ਇਸ ਘੱਲੂਘਾਰੇ ਵਿਚ ਦੁਸ਼ਮਣ ਜਾਨਾਂ ਬਚਾ ਕੇ ਲੜਦੇ ਸਨ ਜਦ ਕਿ ਸਿੰਘ ਜਾਨਾਂ ਤਲੀ 'ਤੇ ਰੱਖ ਕੇ ਮੈਦਾਨੇ-ਜੰਗ ਵਿਚ ਜੂਝ ਰਹੇ ਸਨ। ਸਿੰਘ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਟਾਨ ਵਾਂਗ ਅਡੋਲ ਰਹੇ। ਸਿੰਘਾਂ ਦੇ ਜੋਸ਼ ਅਤੇ ਸਿਦਕ ਵਿਚ ਕੋਈ ਫਰਕ ਨਾ ਆਇਆ। ਅਣਖ ਅਤੇ ਗੈਰਤ ਦੀ ਆਭਾ ਚਮਕਦੀ ਰਹੀ। ਤਵਾਰੀਖ ਵਿਚ ਆਮ ਤੌਰ 'ਤੇ ਜ਼ਿਕਰ ਆਉਂਦਾ ਹੈ ਕਿ ਇਸ ਘੱਲੂਘਾਰੇ ਵਿਚ ਦਮਦਮੇ ਸਾਹਿਬ ਵਾਲੀ ਬੀੜ ਜਾਂਦੀ ਰਹੀ ਪਰ ਇਸ ਘੱਲੂਘਾਰੇ ਤੋਂ ਪਹਿਲਾਂ ਇਸ ਬੀੜ ਦੀਆਂ ਕਈ ਨਕਲਾਂ ਹੋ ਚੁੱਕੀਆਂ ਸਨ।ਚਾਰ ਮਹੀਨੇ ਅਜੇ ਲੰਘੇ ਹੀ ਸਨ ਕਿ ਸਿੰਘਾਂ ਨੇ ਇਕੱਠੇ ਹੋ ਕੇ ਸਰਹਿੰਦ 'ਤੇ ਹਮਲਾ ਕੀਤਾ ਅਤੇ ਜੁਲਾਈ 1762 ਵਿਚ ਲਾਹੌਰ ਦੇ ਆਸਪਾਸ ਘੇਰਾ ਪਾ ਲਿਆ।

# ਸਭਰਾਵਾਂ ਦੀ ਜੰਗ ਅਤੇ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ

- ਹਰਸ਼ਰਨ ਸਿੰਘ ਸਚਦੇਵਾ

ਸਿੱਖ ਕੌਮ ਦਾ ਗੌਰਵਮਈ ਇਤਿਹਾਸ ਸੂਰਮਗਤੀ ਅਤੇ ਕੁਰਬਾਨੀਆਂ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਦੁਨੀਆਂ ਦੀ ਹੋਰ ਕੋਈ ਵੀ ਕੌਮ ਇਸ ਖੇਤਰ ਵਿੱਚ ਸਿੱਖਾਂ ਦਾ ਮੁਕਾਬਲਾ ਨਹੀਂ ਕਰ ਸਕਦੀ।

ਸਭਰਾਵਾਂ ਦੀ ਲੜਾਈ। ਇਹ ਗਾਥਾ ਹੈ, ਉਨਾਂ ਜਾਂਬਾਜ ਸਿੰਘ ਸੂਰਬੀਰ ਯੋਧਿਆਂ ਦੀ, ਜਿਨਾਂ ਨੇ ਆਪਣੇ ਦੇਸ਼ ਦੀ ਆਨ ਅਤੇ ਸ਼ਾਨ ਦੀ ਖ਼ਾਤਰ ਮੈਦਾਨੇ-ਜੰਗ ਵਿੱਚ ਮੌਤ ਦਾ ਜਾਮ ਹੱਸ-ਹੱਸ ਕੇ ਪੀਂਦੇ ਰਹੇ। ਪਰ ਆਪਣੇ ਜਿਊਂਦੇ ਜੀਅ ਫਿਰੰਗੀਆਂ ਨੂੰ ਸੁਤੰਤਰ ਖਾਲਸਾ ਰਾਜ ਦੀ ਧਰਤੀ 'ਤੇ ਪੈਰ ਨਹੀਂ ਸੀ ਰੱਖਣ ਦਿੱਤਾ। ਇਹ ਇੱਕ ਇਤਿਹਾਸਕ ਸਚਾਈ ਹੈ ਕਿ ਮੁਦਕੀ ਦੀ ਲੜਾਈ ਅਤੇ ਫਿਰੋਜ਼ਸ਼ਾਹ ਦੀ ਲੜਾਈ ਵਿੱਚ ਖ਼ਾਲਸਾ ਫ਼ੌਜਾਂ ਨੇ ਅੰਗਰੇਜ਼ ਦਾ ਜ਼ਬਰਦਸਤ ਜਾਨੀ ਅਤੇ ਮਾਲੀ ਨੁਕਸਾਨ ਕਰ ਦਿੱਤਾ ਸੀ। ਅਜਿਹੀ ਗੰਭੀਰ ਸਥਿਤੀ ਵਿੱਚ ਇੱਕ ਮੌਕੇ ਤਾਂ ਗਵਰਨਰ ਜਨਰਲ ਲਾਰਡ ਹਾਰਡਿੰਗ ਸਿੱਖਾਂ ਅੱਗੇ 'ਬਿਨਾਂ ਸ਼ਰਤ ਹਥਿਆਰ ਸੁੱਟਣ ਲਈ ਵੀ ਤਿਆਰ ਹੋ ਗਿਆ ਸੀ।" ਪਰ ਅਫ਼ਸੋਸ ਸਿੱਖ ਫੌਜਾਂ ਦੇ ਜਰਨੈਲਾਂ ਦੀ ਆਪਣੇ ਹੀ ਦੇਸ਼ ਨਾਲ ਗਦਾਰੀ ਸਦਕਾ, ਅੰਗਰੇਜ਼ਾਂ ਦੀ ਹਾਰ ਹਰ ਵਾਰੀ ਜਿੱਤ ਵਿੱਚ ਤਬਦੀਲ ਹੁੰਦੀ ਰਹੀ।

ਮੁਦਕੀ ਦੀ ਲੜਾਈ ਅਤੇ ਫਿਰੋਜ਼ਸ਼ਾਹ ਦੀ ਲੜਾਈ ਤੋਂ ਬਾਅਦ ਅੰਗਰੇਜ਼ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਗੁਲਾਬ ਸਿੰਘ ਨੂੰ ਬੁਲਾ ਭੇਜਿਆ। ਖ਼ਾਲਸਾ ਰਾਜ ਵਿੱਚ ਗੁਲਾਬ ਸਿੰਘ ਉਸ ਸਮੇਂ ਜੰਮੂ-ਕਸ਼ਮੀਰ ਦਾ ਗਵਰਨਰ ਸੀ ਅਤੇ ਨਾਲ ਹੀ ਉਸ ਨੂੰ ਆਰਜ਼ੀ ਤੌਰ 'ਤੇ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਨਿਯੁਕਤ ਕੀਤਾ ਗਿਆ ਸੀ। ਗੁਲਾਬ ਸਿੰਘ, ਲਾਲ ਸਿੰਘ ਅਤੇ ਤੇਜ ਸਿੰਘ ਲਾਰਡ ਹਾਰਡਿੰਗ ਨੂੰ ਆਣ ਮਿਲੇ। ਅਸਲ ਵਿੱਚ ਅੰਗਰੇਜ਼ ਹੁਣ ਹੋਰ ਲੜਾਈ ਵਿੱਚ ਹੋਣ ਵਾਲੇ ਨੁਕਸਾਨ ਤੋਂ ਬਚਣਾ ਚਾਹੁੰਦੇ ਸਨ। ਅੰਗਰੇਜ਼ ਚਾਹੁੰਦੇ ਸਨ ਕਿ ਗੁਲਾਬ ਸਿੰਘ ਕਿਸੇ ਨਾ ਕਿਸੇ ਢੰਗ ਨਾਲ ਖ਼ਾਲਸਾ ਫੌਜਾਂ ਨੂੰ ਈਨ ਮੰਨਣ ਲਈ ਤਿਆਰ ਕਰ ਲਵੇ। ਪਰ ਗੁਲਾਬ ਸਿੰਘ ਨੇ ਲਾਰਡ ਹਾਰਡਿੰਗ ਨੂੰ ਸਪਸ਼ਟ ਰੂਪ ਵਿੱਚ ਦੱਸਿਆ ਕਿ ਖ਼ਾਲਸਾ ਫ਼ੌਜਾਂ ਦੀ ਮੌਜੂਦਗੀ ਵਿੱਚ ਅੰਗਰੇਜ਼ ਇੱਕ ਪੈਰ ਵੀ ਪੰਜਾਬ ਦੀ ਧਰਤੀ 'ਤੇ ਨਹੀਂ ਰੱਖ ਸਕੇ। ਆਖੀਰ ਵਿੱਚ ਇਹ ਸਮਝੌਤਾ ਹੋਇਆ ਕਿ ਜਦੋਂ ਤੱਕ ਅੰਗਰੇਜ਼ਾਂ ਦੀਆਂ ਵੱਡੀਆਂ ਤੋਪਾਂ ਅਤੇ ਹੋਰ ਜੰਗੀ ਸਾਮਾਨ ਨਹੀਂ ਪਹੁੰਚ ਜਾਂਦਾ ਉਦੋਂ ਤਕ ਲੜਾਈ ਨਾ ਛੇੜੀ ਜਾਵੇ। ਇਹ ਵੀ ਸਮਝੌਤਾ ਹੋਇਆ ਕਿ ਜਦੋਂ ਲੜਾਈ ਸ਼ੁਰੂ ਹੋ ਜਾਵੇ ਤਾਂ ਗੁਲਾਬ ਸਿੰਘ ਖ਼ਾਲਸਾ ਫ਼ੌਜਾਂ ਲਈ ਲੋੜੀਂਦਾ ਗੋਲਾ ਬਾਰੂਦ ਅਤੇ ਖਾਣ-ਪੀਣ ਦੇ ਸਾਮਾਨ ਦੀ ਸਪਲਾਈ ਬੰਦ ਕਰ ਦੇਵੇਗਾ। ਇਸ ਸਮਝੌਤੇ ਤਹਿਤ ਐਡਵਰਡ ਲਾਰੰਸ ਨੇ ਅੰਗਰੇਜ਼ ਸਰਕਾਰ ਵੱਲੋਂ ਇਕ ਲਿਖਤੀ ਇਕਰਾਰਨਾਮਾ ਗੁਲਾਬ ਸਿੰਘ ਨੂੰ ਦਿੱਤਾ ਗਿਆ। ਜਿਸ ਅਨੁਸਾਰ ਲੜਾਈ ਉਪਰੰਤ ਜੰਮੂ-ਕਸ਼ਮੀਰ ਦਾ ਇਲਾਕਾ ਖ਼ਾਲਸਾ ਰਾਜ ਨਾਲੋਂ ਤੋੜ ਕੇ ਗੁਲਾਬ ਸਿੰਘ ਨੂੰ 'ਗਦਾਰੀ ਇਨਾਮ' ਵਜੋਂ ਦੇ ਦਿੱਤਾ ਜਾਵੇਗਾ। ਕੈਪਟਨ ਮੂਰੇ ਆਪਣੀ ਪੁਸਤਕ "ਹਿਸਟਰੀ ਆਫ ਇੰਡੀਆ" ਵਿੱਚ ਲਿਖਦਾ ਕਿ "ਸਭਰਾਵਾਂ ਦੀ ਲੜਾਈ ਤੋਂ ਪਹਿਲਾਂ ਦੋਹਾਂ ਪਾਸਿਆਂ ਦੇ ਜਰਨੈਲਾਂ ਵੱਲੋਂ ਅਜਿਹਾ ਸ਼ਰਮਨਾਕ ਸਮਝੌਤਾ ਦੁਨੀਆਂ ਦੇ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਹੋਇਆ ਸੀ। ਇਸ ਸਮਝੌਤੇ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਿੰਦੁਸਤਾਨ ਵਿੱਚ ਅੰਗਰੇਜ਼ ਰਾਜ ਕਿਸ ਨਿਵਾਣ ਤਕ ਡਿੱਗ ਪਿਆ ਹੈ।" ਹਿੰਦੁਸਤਾਨ ਦੇ ਇਤਿਹਾਸ ਵਿੱਚ ਆਪਣੇ ਹੀ ਦੇਸ਼ ਨਾਲ ਗ਼ਦਾਰੀ ਕਰਨ ਦੀ ਇਹ ਸਭ ਤੋਂ ਵੱਧ ਸ਼ਰਮਨਾਕ ਘਟਨਾ ਸੀ। ਇਸ ਤਰਾਂ ਗ਼ਦਾਰ ਜੁੰਡਲੀ ਨੇ ਅੰਗਰੇਜ਼ਾਂ ਨੂੰ ਲੜਾਈ ਲਈ ਤਿਆਰੀ ਕਰਨ ਦਾ ਖੁੱਲਾ ਸਮਾਂ ਦੇ ਦਿੱਤਾ। ਅੰਗਰੇਜ਼ਾਂ ਦੀਆਂ ਵੱਡੀਆਂ ਤੋਪਾਂ ਅਤੇ ਹੋਰ ਜੰਗੀ ਸਾਮਾਨ ਫਰਵਰੀ 1846 ਦੇ ਪਹਿਲੇ ਹਫ਼ਤੇ ਵਿੱਚ ਸਭਰਾਵਾਂ ਦੇ ਸਥਾਨ 'ਤੇ ਪਹੁੰਚ ਗਿਆ ਸੀ। ਇਸੀ ਸਮੇਂ ਦੌਰਾਨ ਖ਼ਾਲਸਾ ਫ਼ੌਜਾਂ ਨੇ ਸਤਲੁਜ ਦਰਿਆ ਦੇ ਕੰਢੇ 'ਤੇ ਢਾਈ ਮੀਲ ਲੰਬੀ ਜ਼ਬਰਦਸਤ ਮੋਰਚਾਬੰਦੀ ਕਰ ਲਈ ਸੀ। ਡੂੰਘੀਆਂ ਖਾਈਆਂ ਪੁੱਟ ਕੇ ਤੋਪਖਾਨੇ ਬੀੜ ਦਿੱਤੇ ਗਏ ਸਨ। ਲੜਾਈ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਹੀ ਜਰਨੈਲ ਲਾਲ ਸਿੰਘ ਨੇ ਖ਼ਾਲਸਾ ਫ਼ੌਜਾਂ ਦੁਆਰਾ ਕੀਤੀ ਗਈ ਮੋਰਚਾਬੰਦੀ ਦੀ ਪੂਰੀ ਰਿਪੋਰਟ ਆਪਣੇ ਏਲਚੀ ਸੁਮਸ਼ੁਦੀਨ ਰਾਹੀਂ ਮੇਜਰ ਲਾਰੰਸ ਨੂੰ ਭੇਜ ਦਿੱਤੀ ਸੀ। ਫ਼ੌਜ ਦੇ ਸੱਜੇ ਪਾਸੇ ਦਰਿਆ ਉੱਤੇ ਬੇੜੀਆਂ ਦਾ ਪੁਲ ਬਣਿਆ ਹੋਇਆ ਸੀ। ਇਸ ਪੁਲ ਰਾਹੀਂ ਫ਼ੌਜ ਨੂੰ ਅਸਲਾ, ਖਾਣ-ਪੀਣ ਆਦਿ ਦਾ ਸਾਮਾਨ ਭੇਜਣ ਦਾ ਪ੍ਰਬੰਧ ਕੀਤਾ ਹੋਇਆ ਸੀ। ਫ਼ੌਜਾਂ ਦੇ ਖੱਬੇ ਪਾਸੇ ਰੇਤ ਦੇ ਵੱਡੇ-ਵੱਡੇ ਢੇਰ ਸਨ ਅਤੇ ਇਹ ਮੁਹਾਜ਼ ਸਭ ਤੋਂ ਕਮਜ਼ੋਰ ਸੀ। ਇਸ ਕਮਜ਼ੋਰ ਮੁਹਾਜ਼ ਵਾਲੇ ਪਾਸੇ ਦੀ ਕਮਾਂਡ ਲਾਲ ਸਿੰਘ ਨੇ ਖ਼ੁਦ ਸੰਭਾਲੀ ਹੋਈ ਸੀ ਤਾਂ ਜੋ ਅੰਗਰੇਜ਼ਾਂ ਦੀ ਜਿੱਤ ਨੂੰ ਯਕੀਨੀ ਬਣਾਇਆ ਜਾ ਸਕੇ। ਮੁਦਕੀ ਅਤੇ ਫਿਰੋਜ਼ਸ਼ਾਹ ਦੀਆਂ ਲੜਾਈਆਂ ਵਿੱਚ ਸਿੱਖ ਫੌਜਾਂ ਦੀ ਨਾਜ਼ੁਕ ਹਾਲਤ ਦੀ ਖਬਰ ਜਦੋਂ ਸ. ਸ਼ਾਮ ਸਿੰਘ ਅਟਾਰੀਵਾਲਾ ਨੂੰ ਪਹੁੰਚੀ ਤਾਂ ਉਸ ਬੁੱਢੇ ਜਰਨੈਲ ਦੇ ਡੌਲੇ ਫਰਕਣ ਲੱਗ ਪਏ ਅਤੇ ਉਹ ਖ਼ਾਲਸਾ ਰਾਜ ਦੀ ਸੁਰੱਖਿਆ ਦੀ ਲੜਾਈ ਵਿੱਚ ਮਰ ਮਿਟਣ ਲਈ ਤਿਆਰ ਹੋ ਗਿਆ। ਉਸ ਨੇ ਉਸੀ ਸਮੇਂ ਆਪਣੇ ਫ਼ੌਜੀ ਦਸਤੇ ਨੂੰ ਨਾਲ ਲਿਆ ਅਤੇ ਸਭਰਾਵਾਂ ਦੇ ਮੈਦਾਨ ਵਿੱਚ ਆਣ ਧਮਕਿਆ। ਅਟਾਰੀਵਾਲਾ ਸਰਦਾਰ ਨੇ 10 ਫਰਵਰੀ 1846 ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕੀਤਾ, ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਅਰਦਾਸ ਕੀਤੀ। ਉਸ ਨੇ ਚਿੱਟਾ ਲਿਬਾਸ ਪਹਿਨਿਆ ਹੋਇਆ ਸੀ ਅਤੇ ਚਿੱਟੀ ਘੋੜੀ 'ਤੇ ਸਵਾਰ ਸੀ। ਅਟਾਰੀਵਾਲਾ ਸਰਦਾਰ ਦਾ ਸਭਰਾਵਾਂ ਦੇ ਮੈਦਾਨ ਵਿੱਚ ਪਹੁੰਚਣ ਕਾਰਨ ਜਰਨੈਲ ਲਾਲ ਸਿੰਘ ਅਤੇ ਤੇਜ ਸਿੰਘ ਦੇ ਰੰਗ ਪੀਲੇ ਪੈ ਗਏ।



10 ਫਰਵਰੀ 1846 ਦੀ ਸਵੇਰ ਹਨੇਰੇ ਵੇਲੇ ਅੰਗਰੇਜ਼ ਫ਼ੌਜਾਂ ਨੇ ਚੁਪਕੇ-ਚੁਪਕੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ ਤਾਂ ਜੋ ਖਾਲਸਾ ਫ਼ੌਜਾਂ ਉਪਰ ਅਚਾਨਕ ਹਮਲਾ ਕਰਕੇ, ਉਨਾਂ ਨੂੰ ਬਿਨਾਂ ਲੜਾਈ ਦੇ ਮੈਦਾਨ ਵਿੱਚੋਂ ਖਦੇੜ ਦਿੱਤਾ ਜਾਵੇ। ਸਵੇਰ ਦੀ ਥੋੜੀ ਜਿਹੀ ਰੋਸ਼ਨੀ ਹੋਣ 'ਤੇ ਸਿੱਖਾਂ ਨੂੰ ਅੰਗਰੇਜ਼ ਫ਼ੌਜੀਆਂ ਦੀਆਂ ਗਤੀਵਿਧੀਆਂ ਦਾ ਪਤਾ ਲੱਗਿਆ ਤਾਂ ਉਨਾਂ ਨੇ ਉਸੀ ਸਮੇਂ ਨਗਾਰੇ ਵਜਾ ਕੇ ਆਪਣੀ ਫੌਜ ਨੂੰ ਲੜਾਈ ਲਈ ਤਿਆਰ ਕਰ ਲਿਆ। ਬਸ ਫਿਰ ਕੀ ਸੀ ਉਸੀ ਸਮੇਂ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਨਾਲ ਮੈਦਾਨ ਗੂੰਜ ਉੱਠਿਆ। ਅੰਗਰੇਜ਼ੀ ਤੋਪਖਾਨੇ ਨੇ ਪੂਰੇ ਤਿੰਨ ਘੰਟੇ ਲਗਾਤਾਰ ਗੋਲਾਬਾਰੀ ਜਾਰੀ ਰੱਖੀ। ਪਰ ਫਿਰ ਵੀ ਅੰਗਰੇਜ਼ ਆਪਣਾ ਕੋਈ ਮਕਸਦ ਹੱਲ ਨਾ ਕਰ ਸਕੇ। ਕਿਉਂਕਿ ਖਾਲਸਾ ਫ਼ੌਜਾਂ ਪਹਾੜ ਵਾਂਗ ਮੈਦਾਨ ਵਿੱਚ ਡਟੀਆਂ ਰਹੀਆਂ। ਖਾਲਸਾ ਤੋਪਖਾਨੇ ਨੇ ਵੀ ਜੁਆਬੀ ਗੋਲਾਬਾਰੀ ਸ਼ੁਰੂ ਕਰ ਦਿੱਤੀ ਸੀ। ਖ਼ਾਲਸਾ ਤੋਪਖਾਨੇ ਦੇ ਅੱਗ ਉਗਲਦੇ ਅਤੇ ਸ਼ੂਕਦੇ ਗੋਲਿਆਂ ਨੇ ਅੰਗਰੇਜ਼ੀ ਤੋਪਖਾਨੇ ਨੂੰ ਚੁੱਪ ਕਰਵਾ ਦਿੱਤਾ। ਹੁਣ ਅੰਗਰੇਜ਼ ਫ਼ੌਜ ਦੇ ਇਕ ਡਿਵੀਜ਼ਨ ਨੇ, ਸਰ ਰਾਬਰਟ ਡਿਕ ਦੀ ਅਗਵਾਈ ਹੇਠ, ਸਿੱਖ ਫੌਜ ਦੇ ਸਭ ਤੋਂ ਕਮਜ਼ੋਰ ਪਾਸੇ ਵੱਲ ਵਧਣਾ ਸ਼ੁਰੂ ਕਰ ਦਿੱਤਾ, ਜਿਧਰ ਲਾਲ ਸਿੰਘ ਦੀ ਕਮਾਂਡ ਹੇਠ ਥੋੜੀ ਜਿਹੀ ਫ਼ੌਜ ਖੜੋਤੀ ਸੀ। ਡਿਕ ਦੀ ਇਹ ਡਿਵੀਜ਼ਨ ਖ਼ਾਲਸਾ ਫ਼ੌਜ ਦੇ ਧੁਰ ਅੰਦਰ ਤਕ ਪਹੁੰਚ ਗਈ। ਲਾਲ ਸਿੰਘ ਕੋਈ ਮੁਕਾਬਲਾ ਕਰਨ ਦੀ ਬਜਾਏ, ਕਿਸੀ ਸੁਰੱਖਿਅਤ ਥਾਂ 'ਤੇ ਜਾ ਖੜੋਤਾ। ਪਰ ਖ਼ਾਲਸਾ ਫ਼ੌਜਾਂ ਦੇ ਜ਼ਬਰਦਸਤ ਮੁਕਾਬਲੇ ਕਾਰਨ ਅੰਗਰੇਜ਼ਾਂ ਦੇ ਪੈਰ ਉਖੜ ਗਏ ਅਤੇ ਉਨਾਂ ਨੂੰ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਗਿਆ। ਉਸ ਸਮੇਂ ਅੰਗਰੇਜ਼ਾਂ ਦੀ ਇਕ ਹੋਰ ਫ਼ੌਜੀ ਡਿਵੀਜ਼ਨ ਸਰ ਗਿਲਬਰਟ ਦੀ ਅਗਵਾਈ ਹੇਠ ਉੱਥੇ ਆਣ ਪਹੁੰਚੀ। ਪਰ ਸਿੱਖਾਂ ਨਾਲ ਹੋਈ ਗਹਿਗੱਚ ਲੜਾਈ ਵਿੱਚ ਅੰਗਰੇਜ਼ਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ ਅਤੇ ਉਨਾਂ ਨੂੰ ਵੀ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਗਿਆ। ਫਿਰ ਅੰਗਰੇਜ਼ੀ ਫ਼ੌਜਾਂ ਦੀ ਮਦਦ ਲਈ ਇਕ ਹੋਰ ਡਿਵੀਜ਼ਨ, ਸਰ ਹੈਰੀ ਸਮਿਥ ਦੀ ਕਮਾਂਡ ਹੇਠ ਉੱਥੇ ਆਣ ਪਹੁੰਚੀ। ਦੋਵੇਂ ਫ਼ੌਜਾਂ ਦੇ ਲਿਸ਼ਕਦੇ ਹਥਿਆਰਾਂ ਨਾਲ ਮੈਦਾਨੇ-ਜੰਗ ਚਮਕ ਉੱਠਿਆ। ਕਦੀ ਕਦੀ ਤੋਪਾਂ ਦੇ ਗੋਲਿਆਂ ਦੇ ਫਟਣ ਨਾਲ ਆਕਾਸ਼ ਧੂੰਏਂ ਨਾਲ ਭਰ ਜਾਂਦਾ।

ਬਾਕੀ ਸਫ਼ਾ 32 'ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ



# ਕਿਵ ਸਚਿਆਰਾ ਹੋਇਐ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

- ਰਾਜਵਿੰਦਰ ਸਿੰਘ ਰਾਹੀ

## ਸਟੇਟ ਨਾਲ ਸਿੱਧੀ ਟੱਕਰ

ਗੁਰੂ ਨਾਨਕ ਸਾਹਿਬ ਨੇ ਆਪਣੀ ਪਹਿਲੀ ਉਦਾਸੀ ਭਾਦਰੋਂ ਸਦੀ 15 ਸੰਮਤ 1564 ਪਹਿਲਾ ਅੱਸੂ , 30 ਅਗਸਤ 1507 ਈਸਵੀ ਨੂੰ ਸੁਲਤਾਨਪੁਰ ਤੋਂ ਸ਼ੁਰੂ ਕੀਤੀ ਸੀ। 6 ਉਸ ਵਕਤ ਸੁਲਤਾਨਪੁਰ ਵਿਚ ਉਹਨਾਂ ਦੇ ਪੁੱਤਰ, ਸੁਪਤਨੀ ਸੁਲੱਖਣੀ ਜੀ ਉਹਨਾਂ ਕੋਲ ਸਨ। ਪਿੱਛੋਂ ਪਰਿਵਾਰ ਦੀ ਸੰਭਾਲ ਲਈ ਉਹਨਾਂ ਦੇ ਸਹੁਰਾ ਸਾਹਿਬ ਮੂਲ ਚੰਦ ਵੀ ਪਹੁੰਚ ਚੁੱਕੇ ਸਨ। ਗੁਰੂ ਸਾਹਿਬ ਦੇ ਰਵਾਨਾ ਹੋਣ ਵੇਲੇ ਉਹਨਾਂ ਦੀ ਭੈਣ ਬਾਬੇ ਨਾਨਕੀ ਭਣੋਈਆ ਜੈਰਾਮ ਤੇ ਹੋਰ ਹਜ਼ਾਰਾਂ ਸ਼ਰਧਾਲੂ ਵੀ ਮੌਜੂਦ ਸਨ। ਗੁਰੂ ਨਾਨਕ ਸਾਹਿਬ ਅਤੇ ਬੁੱਧ ਦੀ ਉਦਾਸੀ ਵਿਚ ਢੇਰ ਅੰਤਰ ਸੀ। ਬੁੱਧ ਦੀ ਉਦਾਸੀ ਦੁੱਖ ਅਤੇ ਮਨ ਦੀ ਭਟਕਣਾ ਵਿਚੋਂ ਪੈਦਾ ਹੋਈ ਸੀ। ਗੁਰੂ ਸਾਹਿਬ ਲੋਕਾਈ ਦੇ ਦੁੱਖ ਹਰਨ ਚੱਲੇ ਸਨ। ਬੁੱਧ ਸੱਚ ਦੀ ਤਲਾਸ਼ ਵਿਚ ਨਿਕਲਿਆ ਸੀ, ਗੁਰੂ ਸਾਹਿਬ ਸੱਚ ਦਾ ਪ੍ਰਕਾਸ਼ ਕਰਕੇ ਨਵਾਂ ਸਮਾਜ ਸਿਰਜਣ ਚੱਲੇ ਸਨ। ਬੁੱਧ ਦੀ ਉਦਾਸੀ ਹਿੰਦੂ ਵੇਦਾਂਤ ਦੀ ਪ੍ਰਤੀਕ ਸੀ, ਜੋ ਸਵੈ ਵਿਚ ਉਲਝੀ ਹੋਈ ਸੀ। ਉਹ ਦੁੱਖ ਤੋਂ ਡਰ ਕੇ ਭੱਜੇ ਸਨ ਪਰ ਗੁਰੂ ਸਾਹਿਬ ਦੁੱਖ ਦੂਰ ਕਰਨ ਲਈ ਚੱਲੇ ਸਨ।

ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਸਵਾ ਅੱਠ ਸਾਲ, 3015 ਦਿਨਾਂ ਦੀ ਸੀ। ਗੁਰੂ ਸਾਹਿਬ 6500 ਮੀਲ ਦਾ ਸਫਰ ਕਰਕੇ ਨਵੰਬਰ 1508 ਈਸਵੀ ਨੂੰ ਵਾਪਸ ਸੁਲਤਾਨਪੁਰ ਮੁੜ ਆਏ ਸਨ। 7 ਫਿਰ ਰਾਵੀ ਕੰਢੇ ਕਰਤਾਰਪੁਰ ਵਸਾਇਆ। ਗੁਰੂ ਸਾਹਿਬ ਨੇ ਦੂਜੀ ਉਦਾਸੀ 22 ਸਤੰਬਰ 1517 ਈਸਵੀ ਨੂੰ ਸਿਆਲਕੋਟ , ਜੰਮੂ ਤੇ ਵੈਸ਼ਨੋ ਦੇਵੀ ਵੱਲ ਸ਼ੁਰੂ ਕੀਤੀ । ਗੁਰੂ ਸਾਹਿਬ ਕਸ਼ਮੀਰ ਵਿਚ ਅਮਰ ਨਾਥ ਤੋਂ ਉਪਰ ਸੁਮੇਰ ਪਰਬਤ ਦੇ ਨਾਂ ਨਾਲ ਜਾਣੀ ਜਾਂਦੀ ਪਰਬਤ ਮਾਲਾ ਤੱਕ ਗਏ ਅਤੇ ਉਥੇ ਬੈਠੇ ਸਿੱਧਾਂ ਨਾਲ ਗਿਆਨ ਗੋਸ਼ਟਿ ਕੀਤਾ। ਗੁਰੂ ਸਾਹਿਬ 1518 ਈਸਵੀ ਦੇ ਅੱਧ ਵਿਚ ਵਾਪਸ ਕਰਤਾਰਪੁਰ ਆ ਗਏ । ਫਿਰ ਗੁਰੂ ਸਾਹਿਬ ਨੇ 1518 ਈਸਵੀ ਵਿਚ ਹੀ ਮੱਕੇ ਵੱਲ ਉਦਾਸੀ ਸ਼ੁਰੂ ਕਰ ਦਿੱਤੀ। ਉਸ ਵਕਤ ਹੱਜ ਦਸੰਬਰ 1518 ਈਸਵੀ ਨੂੰ ਸੀ। ਰੋਜ਼ਿਆਂ ਵਾਲੀ ਈਦ 10 ਅਕਤੂਬਰ ਦੀ ਸੀ ਤੇ ਹੱਜ ਵਾਲੀ ਈਦ 20 ਦਸੰਬਰ ਦੀ ਸੀ। 8 ਜਦ 1521 ਈਸਵੀ ਵਿਚ ਗੁਰੂ ਸਾਹਿਬ ਤੀਜੀ ਉਦਾਸੀ ਤੋ ਵਾਪਸ ਆ ਰਹੇ ਸਨ ਤਾਂ ਮੁਗਲ ਹਮਲਾਵਰ ਬਾਬਰ ਨੇ ਹਿੰਦੁਸਤਾਨ ਉਪਰ ਹਮਲਾ ਕਰ ਦਿੱਤਾ। ਇਹ ਹਮਲਾ ਲਾਹੌਰ ਦੇ ਗਵਰਨਰ ਦੌਲਤ ਖਾਂ ਨੇ ਕਰਵਾਇਆ ਸੀ, ਜਿਸ ਨੂੰ ਦਿੱਲੀ ਦੇ ਸੁਲਤਾਨਾਂ ਨੇ ਬਾਬਰ ਨਾਲ ਸਬੰਧਾਂ ਦੀ ਸ਼ੱਕ ਵਿਚ ਭਜਾ ਦਿੱਤਾ ਸੀ ਤੇ ਪਹਾੜ ਖਾਨ ਲਾਹੌਰ ਦਾ ਗਵਰਨਰ ਬਣ ਗਿਆ ਸੀ। ਕਾਬਲ ਤੋਂ ਚੱਲਿਆ ਬਾਬਰ ਨਗਰਾਂ ਨੂੰ ਉਜਾੜਦਾ ਆ ਰਿਹਾ ਸੀ । ਉਸ ਨੇ ਹਸਨ ਅਬਦਲ ਭੇਰਾ, ਸਿਆਲਕੋਟ ਤੋਂ ਬਾਦ ਸੈਦਪੁਰ (ਐਮਨਾਬਾਦ) 'ਤੇ ਹਮਲਾ ਕਰ ਦਿੱਤਾ। ਪਠਾਣਾਂ ਦੀ ਤਿਆਰੀ ਨਾ ਮਾਤਰ ਸੀ। ਬਾਬਰ ਦੀਆਂ ਫੌਜਾਂ ਨੇ ਸੈਦਪੁਰ ਤੇ ਕਬਜਾ ਕਰਕੇ ਲੋਕਾਂ ਦਾ ਕਤਲੇਆਮ ਕਰਕੇ ਲੁੱਟਮਾਰ ਕੀਤੀ। ਗੁਰੂ ਨਾਨਕ ਸਾਹਿਬ ਨੇ ਇਸ ਹਮਲੇ ਦੀ ਭਿਆਨਕਤਾ ਨੂੰ ਅੱਖੀ ਦੇਖਿਆ ਹੀ ਨਹੀਂ, ਸਗੋਂ ਹੱਢੀਂ ਵੀ ਹੰਢਾਇਆ ਸੀ। ਜਦ ਬਾਬਰ ਦੀਆਂ ਫੌਜਾਂ ਨੇ ਹੋਰ ਪੀਰਾਂ, ਫਕੀਰਾਂ ਤੇ ਜੋਗੀਆਂ ਦੇ ਨਾਲ ਹੀ ਉਹਨਾਂ ਦੇ ਨਾਲ ਮਰਦਾਨੇ ਨੂੰ ਵੀ ਫੜ ਕੇ ਜੇਲ ਵਿੱਚ ਡੱਕ ਦਿਤਾ ਸੀ ਤੇ ਚੱਕੀਆਂ ਪੀਸਣ ਲਾ ਦਿੱਤਾ ਸੀ। ਸ਼ਾਇਦ ਇਤਿਹਾਸ 'ਚ ਪਹਿਲਾਂ ਇਹ ਕਦੇ ਨਹੀਂ ਵਾਪਰਿਆ ਹੋਵੇਗਾ ਜਦ ਕਿਸੇ ਸੰਤ ਮਹਾਂਪੁਰਸ਼ ਨੇ ਸਟੇਟ ਪਾਵਰ ਨੂੰ ਇਸ ਤਰਾਂ ਲਲਕਾਰਿਆ ਹੋਵੇਗਾ ਜਿਵੇਂ ਗੁਰੂ ਸਾਹਿਬ ਨੇ ਲਲਕਾਰਿਆ ਸੀ :

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ**
**ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ**
**ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ**
**ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ**
**ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ**
**ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ**
**ਰਤੁ ਕਾ ਕੁੰਗੂ ਪਾਇ ਵੇ ਲਾਲੋ ॥**
**(ਗੁਰੂ ਗ੍ਰੰਥ ਸਾਹਿਬ, ਅੰਗ 722-723)**

ਇਸ ਕਤਲੇਆਮ ਵਿਰੁੱਧ ਗੁਰੂ ਸਾਹਿਬ ਨੇ ਬਹੁਤ ਤਿੱਖਾ ਪ੍ਰਤੀਕਰਮ ਕੀਤਾ ਸੀ, ਜੋ ਇਕ ਤਰਾਂ ਦਾ ਰਾਜਨੀਤਕ ਵਿਸ਼ਲੇਸ਼ਣ ਹੈ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥**
**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥**
**ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥**
**ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥**
**(ਗੁਰੂ ਗ੍ਰੰਥ ਸਾਹਿਬ, ਅੰਗ 360)**

ਗੁਰੂ ਸਾਹਿਬ ਇਸ ਹਮਲੇ ਅਤੇ ਕਤਲੇਆਮ ਨੂੰ ਮਨੁੱਖਾਂ ਸਿਰ ਨਹੀਂ ਮੜਦੇ । ਉਹ ਕਰਤਾਰ ਦੀ ਖੇਡ ਕਹਿੰਦੇ ਹਨ, ਜਿਸ ਨੇ ਹੇਠਲੀ ਉੱਤੇ ਕਰਨੀ ਹੈ। ਜ਼ਮੀਨ ਜਾਇਦਾਦ ਤੇ ਪੈਸਾ ਧੇਲਾ ਹੋਰ ਹੱਥਾਂ ਵਿਚ ਦੇਣਾ ਹੈ। ਇਹ ਤਾਂ ਪਤਾ ਨਹੀਂ ਕਿ ਇਸ ਕਤਲੇਆਮ ਦਾ ਰੱਬ 'ਤੇ ਕੋਈ ਭਾਵੁਕ ਅਸਰ ਹੋਣਾ ਹੈ ਜਾਂ ਨਹੀਂ ਪਰ ਗੁਰੂ ਸਾਹਿਬ ਉਲਾਂਭਾ ਜ਼ਰੂਰ ਦਿੰਦੇ ਹਨ :

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥**
**(ਗੁਰੂ ਗ੍ਰੰਥ ਸਾਹਿਬ, ਅੰਗ 360)**

ਪਰ ਨਾਲ ਹੀ ਉਹ ਇਹ ਕਹਿੰਦੇ ਹਨ ਕਿ ਬਾਬਰ ਨੇ ਬੇਕਸੂਰ ਤੇ ਕਮਜ਼ੋਰ ਲੋਕਾਂ ਦਾ ਕਤਲੇਆਮ ਕੀਤਾ ਹੈ, ਜਿਵੇਂ ਸ਼ੇਰ ਨਿਤਾਣੀਆਂ ਗਊਆਂ 'ਤੇ ਟੁੱਟ ਪੈਂਦੇ ਹਨ, ਇਸ ਤਰਾਂ ਵਾਗੀ ਦੇ ਮਨ ਵਿਚ ਰੋਸ ਉਪਜਣਾ ਸੁਭਾਵਕ ਹੈ। ਤੇ ਉਸ ਦਾ ਭਾਵੁਕ ਹੋਣਾ ਵੀ ਜਾਇਜ਼ ਹੈ।

**ਸਕਤਾ ਸੀਹੁ ਮਾਰ ਪੈ ਵਗੈ ਖਸਮੈ ਸਾ ਪੁਰਸਾਈ ॥**

ਗੁਰੂ ਨਾਨਕ ਸਾਹਿਬ ਇਸ ਜ਼ੁਲਮ ਦੇ ਖਿਲਾਫ ਲੋਕਾਂ ਨਾਲ ਖੜੇ ਹਨ। ਇਸ ਹਮਲੇ ਵਿਚ ਜੋ ਔਰਤਾਂ ਦੀ ਖੁਆਰੀ ਤੇ ਬੇਪਤੀ ਹੋਈ ਹੈ, ਉਹ ਦਿਲ ਕੰਬਾਅ ਦੇਣ ਵਾਲੀ ਹੈ। ਜਦ ਵੀ ਕੋਈ ਜਾਬਰ ਹਮਲਾਵਰ ਜੇਤੂ ਹੁੰਦਾ ਹੈ ਤਾਂ ਖੁਆਰੀ ਤੇ ਬੇਪਤੀ ਔਰਤਾਂ ਦੀ ਹੁੰਦੀ ਹੈ। ਇਹ ਕਿਹਾ ਜਾ ਸਕਦਾ ਹੈ ਧਿੰਗੋਜੋਰੀ ਔਰਤ ਜਾਤ ਨਾਲ ਹੀ ਹੁੰਦੀ ਹੈ :

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿਹ ਹਦੂਰਿ ॥**
**(ਗੁਰੂ ਗ੍ਰੰਥ ਸਾਹਿਬ, ਅੰਗ 417)**

ਉਸ ਵਕਤ ਹਿੰਦੂ ਧਰਮ ਪੂਰੀ ਤਰਾਂ ਟੁੱਟ ਗਿਆ ਸੀ। ਹਿੰਦੂ ਮੰਦਰਾਂ ਤੇ ਪੂਜਾ ਸਥਾਨਾ ਨੂੰ ਟੈਕਸ ਲੱਗ ਗਏ। ਉਚ ਜਾਤੀ ਹਿੰਦੂ ਵਰਗ ਨੇ ਇਸਲਾਮ ਦਾ ਟਾਕਰਾ ਕਰਨ ਦੀ ਵਜਾਏ ਹਰ ਪੱਧਰ 'ਤੇ ਇਸਲਾਮ ਦੀ ਸਰਦਾਰੀ ਅਤੇ ਹਾਕਮਾਂ ਦੀ ਗੁਲਾਮੀ ਕਬੂਲ ਕਰ ਲਈ ਸੀ। ਖੱਤਰੀ ਬ੍ਰਾਹਮਣ ਮੁਸਲਮਾਨ ਕਾਜੀਆਂ ਵਾਂਗ ਹੀ ਨੀਲੇ ਬਸਤਰ ਪਹਿਨਣ ਲੱਗ ਪਏ ਸਨ ਤੇ ਸੰਸਕਿਰਤ ਛੱਡ ਕੇ ਫਾਰਸੀ ਲਿਖਣ ਬੋਲਣ ਲੱਗ ਪਏ ਸਨ :

**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥**
**ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥**
**ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥**
**ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ ॥**
**(ਗੁਰੂ ਗ੍ਰੰਥ ਸਾਹਿਬ, ਅੰਗ 1191)**

ਪੰਚਤੰਤਰ 'ਚ ਇੱਕ ਕਹਾਣੀ ਆਉਂਦੀ ਹੈ, ਜਿਸ ਵਿਚ ਹਿੰਦੂਆਂ ਨੂੰ ਕੱਛੂ ਕੁੰਮੇ ਤੋਂ ਸਿੱਖਣ ਲਈ ਕਿਹਾ ਗਿਆ ਹੈ ਕਿ ਖਤਰੇ ਸਮੇਂ ਸਿਰੀ ਅੰਦਰ ਕਰਕੇ ਗੁੱਛਾ -ਮੁੱਛਾ ਹੋ ਜਾਵੋ ਤੇ ਜਦ ਖਤਰਾ ਟਲ ਜਾਵੇ ਤਾਂ ਸਿਰੀ ਬਾਹਰ ਕੱਢ ਲਵੋ , ਉਸੇ ਤਰਾਂ ਹੀ ਮੁਸਲਮਾਨੀ ਰਾਜ 'ਚ ਕ੍ਰਿਸ਼ਨ ਭਗਤ ਬ੍ਰਾਹਮਣ ਅੱਲਾ ਅੱਲਾ ਜਪਣ ਲੱਗ ਪਏ ਸਨ ਤੇ ਮੁਸਲਮਾਨਾਂ ਦੀ ਹੀ ਰੀਸ ਕਰਦੇ ਸਨ :

**ਕਲਿ ਮਹਿ ਬੇਦੁ ਅਥਰਬਣੁ ਹੂਆ**
**ਨਾਉ ਖੁਦਾਈ ਅਲਹੁ ਭਇਆ ॥**
**ਨੀਲ ਬਸਤ੍ਰ ਲੇ ਕਪੜੇ ਪਹਿਰੇ**
**ਤੁਰਕ ਪਠਾਣੀ ਅਮਲੁ ਕੀਆ ॥**
**(ਗੁਰੂ ਗ੍ਰੰਥ ਸਾਹਿਬ, ਅੰਗ 470)**

ਇਹ ਬ੍ਰਾਹਮਣ ਅਗਾਂਹ ਮੁਸਲਮਾਨੀ ਮੁੱਕਦਮਾ ਦੇ ਨੌਕਰ ਲੱਗੇ ਹੋਏ ਸਨ । ਪਰ ਰੋਟੀ ਟੁੱਟ ਬਣਾਉਣ ਵੇਲੇ ਗਾਂ ਦੇ ਗੋਹੇ ਦਾ ਪੋਚਾ ਲਾ ਕੇ ਕਰਮ ਕਾਂਡ ਬ੍ਰਾਹਮਣਾਂ ਵਾਲੇ ਹੀ ਕਰਦੇ ਸਨ ਪਰ ਖਾਂਦੇ ਮੁਸਲਮਾਨਾਂ ਦਾ ਸਨ, ਜਿਹਨਾਂ ਨੂੰ ਉਹ ਮਲੇਛ ਆਖਦੇ ਸਨ :

**ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥**
**ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥**
**ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥**
**(ਗੁਰੂ ਗ੍ਰੰਥ ਸਾਹਿਬ, ਅੰਗ 471)**

ਉਸ ਵਕਤ ਦਾ ਇਹ ਯਥਾਰਥਕ ਵਰਨਣ ਕਰਨਾ ਸੌਖੀ ਗੱਲ ਨਹੀਂ ਸੀ। ਇਕ ਪਾਸੇ ਇਸਲਾਮੀ ਰਾਜ ਦਾ ਜਬਰ ਦਾ, ਦੂਜੇ ਪਾਸੇ ਬ੍ਰਾਹਮਣਵਾਦ ਸੀ। ਇਸਲਾਮੀ ਜਬਰ ਦੇ ਸਾਹਮਣੇ ਸਭ ਸੂਫੀ, ਭਗਤ, ਸਿੱਧ, ਜੋਗੀ ਚੁੱਪ ਕਰ ਗਏ ਸਨ। ਇਹ ਤਾਂ ਸਿਰਫ ਗੁਰੂ ਨਾਨਕ ਸਾਹਿਬ ਹੀ ਸਨ ਜਿੰਨਾਂ ਨੇ ਸਟੇਟ ਪਾਵਰ ਨੂੰ ਨੰਗੇ ਧੜ ਲਲਕਾਰਿਆ ਸੀ :

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿਹ ਬੈਠੇ ਸੁਤੇ ॥**
**(ਗੁਰੂ ਗ੍ਰੰਥ ਸਾਹਿਬ, ਅੰਗ 1288)**

## ਇਨਕਲਾਬ ਦੀ ਨੀਂਹ

ਦੂਜੀ ਉਦਾਸੀ ਤੋਂ ਵਾਪਸ ਆ ਕੇ ਗੁਰੂ ਨਾਨਕ ਸਾਹਿਬ ਜੀ ਕੁਝ ਦਿਨ ਸੁਲਤਾਨਪੁਰ ਬੇਬੇ ਨਾਨਕੀ ਜੀ ਕੋਲ ਠਹਿਰੇ। ਇਹ ਦਸੰਬਰ 1515 ਈਸਵੀ ਦਾ ਸਮਾਂ ਸੀ। ਉਸ ਵਕਤ ਗੁਰੂ ਸਾਹਿਬ ਦੀ ਉਮਰ 47 ਸਾਲ ਦੇ ਲੱਗਪੱਗ ਸੀ। ਇਥੇ ਹੀ ਉਹਨਾਂ ਨੇ ਨਿਰਮਲ ਪੰਥ ਚਲਾਉਣ ਲਈ ਕੇਂਦਰੀ ਅਸਥਾਨ ਬਣਾਉਣ ਦਾ ਫੈਸਲਾ ਲਿਆ। ਉਹ ਭਾਈ ਮਰਦਾਨੇ ਨੂੰ ਨਾਲ ਲੈ ਕੇ ਰਾਵੀ ਕੰਢੇ ਵਸੇ ਪਿੰਡ ਪੱਖੋ ਕੇ ਰੰਧਾਵੇ ਗਏ । ਜਿਥੇ ਦੇ ਚੌਧਰੀ ਅਜਿੱਤੇ ਨੇ ਖੁਸ਼ੀ ਪ੍ਰਗਟ ਕੀਤੀ । ਗੁਰੂ ਸਾਹਿਬ ਨੇ ਇਥੇ ਨਵੇਂ ਕੇਂਦਰੀ ਅਸਥਾਨ ਦੀ ਮੋੜੀ 9 ਜਨਵਰੀ 1516 ਈਸਵੀ 13 ਮਾਘ ਸੰਮਤ 1572 ਨੂੰ ਗੱਡੀ। ਇਸ ਸਥਾਨ ਦਾ ਨਾਂ ਕਰਤਾਰਪੁਰ ਰੱਖਿਆ ਗਿਆ । ਇਹ ਵੀ ਕਿਹਾ ਜਾ ਸਕਦਾ ਹੈ ਗੁਰੂ ਸਾਹਿਬ ਨੇ ਇਕ ਅਸਥਾਨ ਦੀ ਹੀ ਨਹੀ, ਇਕ ਨਵੇਂ ਧਰਮ ਦੀ ਵੀ ਮੋੜੀ ਗੱਡੀ, ਜਿਸ ਦੀਆਂ ਜੜਾਂ ਪਤਾਲ ਤੱਕ ਫੈਲਣੀਆਂ ਸਨ। ਇਹ ਨਵੇਂ ਧਰਮ ਦੀ ਹੀ ਸ਼ੁਰਆਤ ਨਹੀਂ ਸੀ, ਇਕ ਇਨਕਲਾਬ ਦੀ ਸ਼ੁਰੂਆਤ ਸੀ। ਭਾਈ ਗੁਰਦਾਸ ਜੀ ਅਨੁਸਾਰ :

**ਨਰਾਇਣ ਨਿਜ ਰੂਪਿ ਧਰਿ ਨਾਥ ਸਨਾਥ ਕਰਾਇਆ।**
**ਨਰਪਿਤ ਨਰਹ ਨਰਿੰਦੁ ਹੈ ਨਿਰੰਕਾਰ ਆਕਾਰੁ ਬਣਾਇਆ।**
**ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦ ਬਿਰਦਾਇਆ।**
**ਦੇਵੀ ਦੇਵ ਦੇਵਾਧਿ ਦੇਵ ਅਲਖ ਆਭੇਦ ਨ ਅਲਖੁ ਲਖਾਇਆ।**
**ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।**
**ਧਰਮਸਾਲ ਕਰਤਾਰ ਪੁਰੁ ਸਾਧ ਸੰਗਤਿ ਸਚ ਖੰਡੁ ਵਸਾਇਆ।**
**ਵਾਹਿਗੁਰੂ ਗੁਰ ਸਬਦੁ ਸੁਣਾਇਆ ॥**

ਇਹ ਨਵਾਂ ਧਰਮ ਇਸਲਾਮ ਅਤੇ ਹਿੰਦੂ ਧਰਮ ਤੋ ਅਸਲੋਂ ਹੀ ਨਿਆਰਾ ਸੀ। ਗੁਰੂ ਸਾਹਿਬ ਨੇ ਬ੍ਰਾਹਮਣਵਾਦ ਵਲੋਂ ਸਥਾਪਤ ਕੀਤੇ ਗਏ ਚਾਰ ਵਰਣ ਰੱਦ ਕਰ ਦਿੱਤੇ ਸਨ। ਸਦੀਆਂ ਤੋਂ ਚੱਲੀ ਆ ਰਹੀ ਰਾਣਾ ਰੰਕ ਦੀ ਨਾ-ਬਰਾਰਬਰੀ ਖਤਮ ਕਰ ਦਿੱਤੀ ਸੀ। ਬ੍ਰਾਹਮਣੀ ਕਰਮ ਕਾਂਡ ਤੇ ਬਹੁ ਦੇਵਵਾਦ ਨੂੰ ਖਤਮ ਕਰਕੇ ਇੱਕੋ ਅਕਾਲ ਪੁਰਖ ਦੀ ਜੋਤ ਦਾ ਪ੍ਰਕਾਸ਼ ਕਰ ਦਿੱਤਾ ਸੀ। ਭਾਈ ਗੁਰਦਾਸ ਅਨੁਸਾਰ ਅਕਾਲ ਪੁਰਖ ਨੇ ਮਨੁੱਖਤਾ ਦੀ ਪੁਕਾਰ ਸੁਣਕੇ ਹੀ ਗੁਰੂ ਨਾਨਕ ਪਾਤਸ਼ਾਹ ਨੂੰ ਧਰਤੀ 'ਤੇ ਭੇਜਿਆ ਸੀ :

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥**
**ਚਰਨ ਧੋਇ ਰਹਰਾਸਿ ਕਰ ਚਰਣਾਮ੍ਰਿਤੁ ਸਿਖਾਂ ਪੀਲਾਇਆ ॥**
**ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗ ਅੰਦਰਿ ਇਕੁ ਦਿਖਾਇਆ ॥**
**ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕ ਵਰਨੁ ਕਰਾਇਆ ॥**
**ਰਾਣਾ ਰੰਕੁ ਬਰਾਬਰੀ ਪੈਰੀ ਪਾਵਣਾ ਜਗਿ ਵਰਤਾਇਆ ॥**
**ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ ॥**
**ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥**
**ਕਲਿ ਤਾਰਣ ਗੁਰੁ ਨਾਨਕੁ ਆਇਆ ॥**
**ਇਸ ਤਰਾਂ ਗੁਰੂ ਸਾਹਿਬ ਨੇ ਨਿਰਮਲ ਪੰਥ ਦੀ ਸ਼ੁਰੂਆਤ ਕੀਤੀ :**
**ਮਾਰਿਆ ਸਿਕਾ ਜਗਤਿ ਵਿਚਿ**
**ਨਾਨਕੁ ਨਿਰਮਲ ਪੰਥ ਚਲਾਇਆ ॥**

ਗੁਰੂ ਸਾਹਿਬ ਨੇ ਚਾਰੇ ਵਰਨਾਂ ਨੂੰ ਇਕ ਕਰਨ ਲਈ ਲੰਗਰ, ਸੰਗਤ, ਪੰਗਤ ਵਰਗੇ ਸੰਸਥਾਗਤ ਕੰਮ ਸ਼ੁਰੂ ਕੀਤੇ। ਲੰਗਰ ਦੀ ਪ੍ਰਥਾ ਦਾ ਆਰੰਭ ਤਾਂ ਲੋੜਵੰਦਾਂ ਨੂੰ ਭੋਜਨ ਛਕਾਉਣ ਸਮੇਂ ਹੀ ਸ਼ੁਰੂ ਹੋ ਗਿਆ ਸੀ। ਉਹਨਾਂ ਨੇ ਵਿਅਕਤੀ ਤੇ ਸਮਾਜ ਦੀ ਇਕਜ਼ੁਟਤਾ ਕਾਇਮ ਕੀਤੀ ਗੁਰੂ ਸਾਹਿਬ ਨੇ ਦੱਸਿਆ ਕਿ ਨਿੱਜੀ ਮੁਕਤੀ ਜਾਂ ਰੂਹਾਨੀ ਤਰੱਕੀ ਅੰਤਮ ਉਦੇਸ਼ ਨਹੀਂ ਹੋਣਾ ਚਾਹੀਦਾ, ਇਹ ਤਾਂ ਮਨੁੱਖਤਾ ਦੀ ਸੱਚੀ ਸੇਵਾ ਵਾਸਤੇ ਤਿਆਰੀ ਦੇ ਸਾਧਨ ਹਨ। ਰੱਬ ਨੂੰ ਪਿਆਰ ਕਰਨਾ ਤਾਂ ਹੀ ਸੰਪੂਰਨ ਹੁੰਦਾ ਹੈ ਜੇ ਇਸ ਨੂੰ ਮਨੁੱਖਤਾ ਦੇ ਪਿਆਰ ਵਿਚ ਢਾਲਿਆ ਜਾਵੇ। ਗੁਰੂ ਸਾਹਿਬ ਦਾ ਮੁਕਤੀ ਦਾ ਸੰਕਲਪ ਮਨੁੱਖ ਦੀ ਪੂਰਨ ਅਜ਼ਾਦੀ ਦਾ ਸੰਕਲਪ ਸੀ। ਗੁਰੂ ਸਾਹਿਬ ਦੇ ਸੰਦੇਸ਼ ਵਿਚ ਰੂਹਾਨੀਅਤ ਅਤੇ ਨੈਤਿਕਤਾ ਦਾ ਅਨੋਖਾ ਸੁਮੇਲ ਸੀ। ਗੁਰੂ ਸਾਹਿਬ ਨੇ ਨਵੇਂ ਮਨੁੱਖ ਲਈ 'ਗੁਰਮੁਖ' ਦਾ ਸੰਕਲਪ ਦਿੱਤਾ। ਗੁਰੂ ਸਾਹਿਬ ਨੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਆਦੇਸ਼ ਦਿੱਤਾ ਪਰ ਇਹ ਸਾਧਾਰਨ ਉਪਦੇਸ਼ ਜਾਂ ਆਦੇਸ਼ ਨਹੀਂ ਸਨ, ਇਹ ਨਵੇਂ ਸਮਾਜ ਦੀ ਬਣਤਰ ਦਾ ਧੁਰਾ ਸੀ। ਬ੍ਰਾਹਮਣਵਾਦ ਨੇ ਸਦੀਆ ਤੋਂ ਕਿਰਤ ਅਤੇ ਕਿਰਤੀ ਨੂੰ ਧਿਰਕਾਰਿਆ ਸੀ, ਪਰ ਗੁਰੂ ਨਾਨਕ ਸਾਹਿਬ ਨੇ ਕਿਰਤ ਅਤੇ ਕਿਰਤੀ ਦੇ ਗੌਰਵ ਦਾ ਝੰਡਾ ਬੁਲੰਦ ਕਰਕੇ ਲਹੂ ਪੀਣਿਆਂ ਨੂੰ ਲਾਹਣਤਾਂ ਪਾਈਆ ਸਨ :

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥**
**(ਗੁਰੂ ਗ੍ਰੰਥ ਸਾਹਿਬ, ਅੰਗ 140)**
**ਗੁਰੂ ਸਾਹਿਬ ਨੇ ਧਰਮ ਦੇ ਮੁਹਾਵਰੇ ਵਿਚ ਗੱਲ ਕਰਦਿਆਂ ਮੁਸਲਮਾਨਾਂ ਤੇ ਹਿੰਦੂਆ ਨੂੰ ਕਿਹਾ ਕਿ ਪਰਾਈ ਕਿਰਤ ਚੂੰਡਣੀ ਗਾਂ ਤੇ ਸੂਰ ਬਰੋਬਰ ਹੈ :**
**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥**
**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥**
**(ਗੁਰੂ ਗ੍ਰੰਥ ਸਾਹਿਬ, ਅੰਗ 141)**

## ਗੁਰੂ ਸਾਹਿਬ ਦਾ ਮੈਨੀਫੈਸਟੋ

ਗੁਰੂ ਨਾਨਕ ਸਾਹਿਬ ਵਲੋਂ ਚਲਾਏ ਨਿਰਮਲ ਪੰਥ ਵਿਚ ਸਭ ਤੋਂ ਪਹਿਲਾਂ ਕਿਰਤੀ ਲੋਕ ਹੀ ਸ਼ਾਮਲ ਹੋਏ ਸਨ ਲੁਹਾਰ, ਤਰਖਾਣ, ਠਠਿਆਰ, ਘੁਮਿਆਰ, ਸ਼ੂਦਰ ਜਿਨਾਂ ਨੂੰ ਕੰਮੀ ਕੰਮੀਣ ਕਿਹਾ ਜਾਂਦਾ ਸੀ। ਖੱਤਰੀ ਤੇ ਜੱਟ ਬਾਅਦ ਵਿਚ ਆਉਂਦੇ ਹਨ। ਗੁਰੂ ਸਾਹਿਬ ਵਲੋਂ ਚਲਾਇਆ ਨਵਾਂ ਧਰਮ ਅਸਲੋਂ ਹੀ ਮਾੜੇ ਲਤਾੜੇ ਨੀਵਿਆਂ ਦਾ ਧਰਮ ਸੀ। ਗੁਰੂ ਸਾਹਿਬ ਨੇ ਪੰਥ ਵਿਚ ਇਹਨਾਂ ਲੋਕਾਂ ਨੂੰ ਥਾਂ ਦੇ ਕੇ ਬ੍ਰਾਹਮਣਵਾਦ ਨੂੰ ਵੱਡੀ ਸੱਟ ਮਾਰੀ ਸੀ। ਗੁਰੂ ਸਾਹਿਬ ਨੇ ਚਾਰੇ ਵਰਨਾ ਨੂੰ ਇੱਕ ਕਰਨ ਲਈ ਦਇਆ ਤੇ ਪ੍ਰੇਮ ਦਾ ਪ੍ਰਵਾਹ ਚਲਾਇਆ। ਧਰਮ ਦਾ ਆਧਾਰ ਦਇਆ ਨੂੰ ਬਣਾਇਆ ਸੀ :

**ਧੌਲ ਧਰਮੁ, ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**
**(ਗੁਰੂ ਗ੍ਰੰਥ ਸਾਹਿਬ, ਅੰਗ 56)**

ਪ੍ਰੇਮ ਸਮਾਜਕ ਪਰਿਵਰਤਨ ਦਾ ਤਰੀਕਾਕਾਰ ਸੀ। ਪ੍ਰੇਮ ਧਾਰਮਿਕ ਤੇ ਸਮਾਜਕ ਏਕਤਾ ਦਾ ਬੰਧਨ ਸੀ। ਇਕ ਦੂਜੇ ਨੂੰ ਪ੍ਰੇਮ ਕਰਨ ਨਾਲ ਹੀ ਊਚ-ਨੀਚ, ਜਾਤ-ਪਾਤ, ਸੁੱਚ-ਭਿੱਟ ਨੂੰ ਵੱਡੀ ਸੱਟ ਮਾਰੀ ਜਾ ਸਕਦੀ ਸੀ। ਬ੍ਰਾਹਮਣਵਾਦ ਦਾ ਸਿਰਜਿਆ ਜਾਤ-ਪਾਤੀ ਸਿਸਟਮ ਦਿਆਹੀਣ ਮਾਨਸਿਕਤਾ ਦੀ ਉਪਜ ਸੀ। ਗੁਰੂ ਸਾਹਿਬ ਨੇ ਨੈਤਿਕਤਾ ਅਤੇ ਸਦਾਚਾਰ ਨੂੰ ਮਨੁੱਖੀ ਸ਼ਖ਼ਸ਼ੀਅਤ ਦਾ ਜ਼ਰੂਰੀ ਅੰਗ ਬਣਾਇਆ। ਉਹਨਾਂ ਨੇ ਦੱਸਿਆ ਕਿ ਜਿਵੇਂ ਮਨੁੱਖ ਦਾ ਸਰੀਰ ਪਦਾਰਥਕ ਨਿਯਮਾਂ ਦੇ ਅਧੀਨ ਹੈ, ਉਸੇ ਤਰਾਂ ਮਨ ਨੈਤਿਕਤਾ ਤੇ ਸਦਾਚਾਰ ਦੇ ਅਧੀਨ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਡੰਕੇ ਦੀ ਚੋਟ ਨਾਲ ਇਸ ਮੈਨੀਫੈਸਟੋ ਦਾ ਐਲਾਨ ਕੀਤਾ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**
**(ਗੁਰੂ ਗ੍ਰੰਥ ਸਾਹਿਬ, ਅੰਗ 15)**

ਗੁਰੂ ਸਾਹਿਬ ਨੇ ਐਲਾਨੀਆ ਤੌਰ 'ਤੇ ਆਪਣੇ ਆਪ ਨੂੰ ਉਹਨਾਂ ਲੋਕਾਂ ਨਾਲ ਜੋੜਿਆ, ਉੱਚ ਜਾਤੀ ਦੇ ਲੋਕ ਜਿਨਾਂ ਦੇ ਪਰਛਾਵੇਂ ਤੋਂ ਵੀ ਡਰਦੇ ਸਨ :

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥**
**(ਗੁਰੂ ਗ੍ਰੰਥ ਸਾਹਿਬ, ਅੰਗ 349)**

ਬਾਕੀ ਸਫ਼ਾ 32 'ਤੇ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

ਕਾਂਡ 3

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

'ਉਦੋਂ ਅਕਲ ਦਿਮਾਗ ਨੂੰ ਖਾ ਜਾਂਦੀ, ਦਿੰਦੇ ਕਰਮ ਜਦ ਬੰਦੇ ਦੇ ਹਾਰ ਮੀਆਂ'

ਗੱਡੀਆਂ ਸਟਾਰਟ ਹੋ ਗਈਆਂ ਗੱਡੀਆਂ ਦੀ ਗੂੰਜ ਨੇ ਅਸਮਾਨ ਸਿਰ ਤੇ ਚੱਕ ਲਿਆ ਸਾਰੇ ਫ਼ੌਜੀ ਸੀਟੀ ਮਾਰਕੇ ਇੱਕ ਥਾਂ ਇਕੱਠੇ ਕਰ ਲਏ। ਕੇਵਲ ਸਿੰਘ ਇਹਨਾਂ ਸਾਰਿਆਂ ਦਾ ਕਮਾਂਡਰ ਸੀ ਉਹ ਦੱਸਣ ਲੱਗਾ–

'ਲਓ ਵਈ ਹੁਣ ਸਾਰੇ ਘੁਸੜ ਮੁਸੜ ਕੇ ਗੱਡੀਆਂ 'ਚ' ਬੈਠ ਜਾਵੋ ਤੇ ਸੜਕ ਤੇ ਜਾਕੇ ਕੋਈ ਬੱਸ ਜਾਂ ਟਰੱਕ ਰੋਕ ਕੇ ਪੰਜਾਬ ਨੂੰ ਚਲੇ ਜਾਇਓ ਕਿਸੇ ਨੂੰ ਵੀ ਨਹੀਂ ਮਾਰਨਾ ਸਿਰਫ ਅੰਬਰਸਰ 'ਚ' ਦਰਬਾਰ ਸੈਬ੍ਹ ਤੇ ਹਮਲਾ ਕਰਨ ਵਾਲੇ ਫ਼ੌਜੀਆਂ ਤੇ ਹਮਲਾ ਕਰਨਾ ਮੂਵ' ਗੱਡੀਆਂ ਵਿੱਚ ਵੜ ਗਏ। ਮੀਕਾ, ਹਰਨਾਮ, ਸ਼ਿੰਗਾਰਾ ਤੇ ਕੇਵਲ ਇੱਕ ਗੱਡੀ ਵਿੱਚ ਸਨ। ਅੱਗੇ ਆਰ ਪੀ ਪੋਸਟ ਤੇ ਕੋਈ ਸੰਤਰੀ ਨਹੀਂ ਸੀ ਜਦੋਂ ਕਿ ਹਰ ਵੇਲੇ ਇੱਕ ਫ਼ੌਜੀ ਇਸ ਪੋਸਟ ਤੇ ਖੜਾ ਹੁੰਦਾ ਸੀ ਜੋ ਕਿ ਆਉਣ ਜਾਣ ਵਾਲੇ ਆਦਮੀ ਜਾਂ ਆਉਣ ਜਾਣ ਵਾਲੀਆਂ ਗੱਡੀਆਂ ਦੇ ਨਾਂ ਨੰਬਰ ਲਿਖਦਾ ਹੁੰਦਾ ਸੀ। ਪਰ ਅੱਜ ਇਸ ਪੋਸਟ ਤੇ ਕੋਈ ਨਹੀਂ ਸੀ! ਹੋਣਾਂ ਵੀ ਕਿਸਨੇ ਸੀ ਸਾਰੇ ਫ਼ੌਜੀ ਤਾਂ ਦਰਬਾਰ ਸਹਿਬ ਦੀ ਇੱਜ਼ਤ ਬਚਾਉਣ ਅੰਬਰਸਰ ਵੱਲ ਨੂੰ ਜਾ ਰਹੇ ਸਨ। ਕੇਵਲ ਦੀ ਗੱਡੀ ਸਭ ਤੋਂ ਅੱਗੇ ਸੀ ਜਦੋਂ ਗੇਟ ਕਰਾਸ ਕਰਨ ਲੱਗੀ ਤਾਂ ਸੂਬੇਦਾਰ ਅੱਗੇ ਆ ਗਿਆ।

'ਏਹ ਐਵੇਂ ਈ ਸਾਨੂੰ ਰੋਕੀ ਜਾਂਦਾ ਵਈ ਤੂੰ ਜਾਣਾਂ ਨੀ, ਕੁਸ਼ ਕਰਨਾ ਨੀ, ਪਰ ਸਾਨੂੰ ਤਾਂ ਨਾ ਰੋਕ' ਸ਼ਿੰਗਾਰੇ ਨੇ ਕਿਹਾ।

'ਏਹ ਹੀਜੜਾ ਰੈਂਕ ਆ ਹੁਣ ਫੇਰ ਕ੍ਰੈਣ ਆਇਆ ਹੋਊ ਕਿ ਜਾਵੋ, ਹੋਰ ਏ੍ਹਨੇ ਕੀ ਕ੍ਰੈਣਾਂ' ਸੂਬੇਦਾਰ ਨੇ ਇਸ਼ਾਰੇ ਨਾਲ ਸਾਰਿਆਂ ਨੂੰ ਉਤਾਰ ਲਿਆ ਸਾਰੇ ਸੂਬੇਦਾਰ ਕੋਲ ਆ ਗਏ।

'ਸੁਣੋ ਮੇਰੇ ਬਹਾਦਰ ਜਵਾਨੋ' ਸੂਬੇਦਾਰ ਨੇ ਕਿਹਾ ਪਰ ਉਸਨੂੰ ਖੰਘ ਆ ਗਈ ਤੇ ਚੁੱਪ ਹੋ ਗਿਆ ਹੋਣਾ ਹੀ ਸੀ, ਸਵੇਰ ਦਾ ਮਿੰਨਤਾਂ ਕਰ ਰਿਹਾ ਸੀ ਕਿ ਨਾ ਭੱਜੋ!

'ਸਾਨੂੰ ਪਤਾ ਸਾਬ੍ਹ ਤੁਸੀਂ ਕੀ ਕ੍ਰੈਣਾਂ' ਹਰਨਾਮ ਨੇ ਅੱਗੇ ਹੋਕੇ ਕਿਹਾ।

'ਮੈਂ ਭਲਾਂ ਕੀ ਕ੍ਰੈਣਾਂ' ਸੁਬੇਦਾਰ ਨੇ ਪੁੱਛਿਆ।

'ਤੁਸੀਂ ਏਹੋ ਕ੍ਰੈਣਾਂ ਕਿ ਨਾ ਭੱਜੋ' ਮੀਕੇ ਨੇ ਕਿਹਾ।

'ਨਈਂ ਮੇਰੇ ਜਵਾਨੋ ਹੁਣ ਏਹ ਕ੍ਰੈਣ ਦਾ ਮੌਕਾ ਚਲਾ ਗਿਆ! ਹੁਣ ਤਾਂ ਮੈਂ ਏਹ ਦੱਸਣ ਆਇਆਂ ਕਿ ਆਵਦੇ ਧਰਮ ਖਾਤਰ ਯੁੱਧ 'ਚ' ਲੜਦੇ ਲੜਦੇ ਸ਼ਹੀਦ ਹੋਣਾਂ ਵੀ ਇੱਕ ਸੂਰਮੇ ਦਾ ਕੰਮ ਆ ਹੁਣ ਡਟ ਕੇ ਫੌਜ ਨਾਲ ਮੁਕਾਬਲਾ ਕਰਨਾਂ ਜਿੱਥੇ ਮਰਜ਼ੀ ਕਰਨਾ ਪਵੇ' ਸੂਬੇਦਾਰ ਨੇ ਕਿਹਾ।

'ਜੋ ਬੋਲੇ ਸੋ ਨਿਹਾਲ' ਸਾਰਿਆਂ ਨੇ ਜੈਕਾਰੇ ਛੱਡੇ ਗੱਡੀਆਂ ਹਵਾ ਹੋ ਗਈਆਂ ਸੂਬੇਦਾਰ ਜਾਦੀਆਂ ਗੱਡੀਆਂ ਨੂੰ ਦੇਖਕੇ ਰੋ ਰਿਹਾ ਸੀ ਜਦੋਂ ਗੱਡੀਆਂ ਦਿਸਣੋ ਬੰਦ ਹੋ ਗਈਆਂ ਸੂਬੇਦਾਰ ਮੰਜੇ ਤੇ ਆਕੇ ਡਿੱਗ ਪਿਆ!

ਛਾਉਣੀ ਤੋਂ ਬਹੁਤ ਦੂਰ ਜਾਕੇ ਦੋ ਦੋ ਮੀਲ ਦੀ ਵਿੱਥ ਤੇ ਉਜਾੜ ਵਿੱਚ ਉਹ ਜਵਾਂਨ ਉੱਤਰ ਗਏ ਜੋ ਕਿ ਗੱਡੀਆਂ ਵਿੱਚ ਤੰਗ ਬੈਠੇ ਸਨ। ਦੋ ਤਿੰਨ ਬੱਸਾਂ ਨੰਘੀਆਂ ਇਹਨਾਂ ਹੱਥ ਦਿੱਤਾ ਪਰ ਬੱਸਾਂ ਫੁੱਲ ਹੋਣ ਕਰਕੇ ਰੁਕੀਆਂ ਨਹੀਂ। ਫਿਰ ਇੱਕ ਖਾਲੀ ਟਰੱਕ ਆਇਆ ਉਹ ਕਿਸੇ ਸਿੱਖ ਦਾ ਸੀ ਉਸਨੇ ਸਿੱਖ ਹੋਣ ਦੇ ਨਾਤੇ ਸਿੱਖਾਂ ਨੂੰ ਉਜਾੜ ਵਿੱਚ ਦੇਖਕੇ ਟਰੱਕ ਰੋਕ ਲਿਆ।

'ਕਿੱਥੇ ਜਾਣਾਂ ਭਾਊ' ਡਰਾਈਵਰ ਨੇ ਟਰੱਕ ਰੋਕ ਕੇ ਬਾਰੀ ਥਾਂਣੀ ਦੇਖਕੇ ਕਿਹਾ।

'ਪੰਜਾਬ' ਸਾਰਿਆਂ ਨੇ ਕਿਹਾ।

'ਪਰ ਸੁਲਤਾਨ ਪੁਰ ਤੱਕ ਜਾਣਾਂ'

'ਚੱਲ ਜਿੱਥੋਂ ਤੱਕ ਜਾਣਾਂ ਉੱਥੋਂ ਤੱਕ ਚੱਲ' ਇੱਕ ਨੇ ਕਿਹਾ ਡਰਾਈਵਰ ਪੰਦਰਾਂ ਵੀਹ ਫ਼ੌਜੀ ਬਿਠਾ ਲਏ ਤੇ ਚਲਾ ਗਿਆ। ਇੱਕ ਟੁਕੜੀ ਨੇ ਬੱਸ ਅਗਵਾ ਕਰ ਲਈ ਕਿਉਂਕਿ ਬੱਸ ਵਾਲਾ ਹਿੰਦੂ ਸੀ ਤੇ ਹਮਕੋ ਤੁਮਕੋ ਕਰਦਾ ਸੀ। ਇਸ ਵਾਸਤੇ ਉਸਦੀ ਗਰਦਨ ਤੇ ਪਿਸਤੌਲ ਰੱਖ ਦਿੱਤਾ ਤਾਂ ਪਾਣੀ ਬਣ ਗਿਆ। ਕੇਵਲ ਦੀ ਗੱਡੀ ਸੁਲਤਨ ਪੁਰ ਨੂੰ ਭੱਜੀ ਜਾ ਰਹੀ ਸੀ।

'ਯਾਰ ਬਿਹਾਰ ਤੇ ਯੂ ਪੀ ਦੋ ਵੱਡੇ ਸਟੇਟ ਆ ਜੋ ਪਾਰ ਕਰਨੇ ਮੁਸ਼ਕਲ ਆ ਫੇਰ ਤਾਂ ਆਪਾ ਪੰਜਾਬ ਸਮਝੋਂ'

'ਔਖਾ ਤਾ ਭਈਆਂ ਦੀ ਸਟੇਟ ਪਾਰ ਕਰਨਾ' ਕੇਵਲ ਨੇ ਕਿਹਾ। ਕੇਵਲ ਗੱਡੀ ਚਲਾ ਰਿਹਾ ਸੀ ਗੱਡੀ ਵਿੱਚ ਬੈਠੇ ਬਾਕੀ ਫ਼ੌਜੀ ਆਵਦੇ ਹਥਿਆਰਾਂ ਨਾਲ ਚੌਕੰਨੇ ਹੋ ਕੇ ਬੈਠੇ ਸਨ। ਅੱਗੇ ਇੱਕ ਸ਼ਹਿਰ ਆ ਗਿਆ।

'ਕ੍ਰੈੜਾ ਸ਼ੈਰ ਆ' ਸ਼ਿੰਗਾਰੇ ਨੇ ਕੇਵਲ ਤੋਂ ਪੁੱਛਿਆ।

'ਸ਼ੈਰ 'ਚੋਂ' ਤੂੰ ਵਰੀ ਖ੍ਰੀਦਣੀ ਆ'

'ਫੇਰ ਵੀ ਦੱਸਣ ਤੇਰਾ ਤੇਲ ਮੁੱਕ ਜੂ'

'ਆਹੋ ਤੇਲ ਮੁਕਾ ਫੇਰ ਬੈਠੀ----- ਮੇਰੇ----ਤੇ'

'ਏਹ ਸੁਲਤਾਨ ਪੁਰ ਆ' ਮੀਕੇ ਨੇ ਕਿਹਾ।

'ਯਾਰ ਏਹ ਸ਼ੈਰ ਦੇ ਤਾਂ ਚਾਰ ਚੁਫੇਰੇ ਜੰਗਲ ਈ ਜੰਗਲ ਆ' ਸਿੰਗਾਰੇ ਨੇ ਕਿਹਾ

'ਯਾਰ ਕੇਵਲਾ ਕਿਸੇ ਟੁੱਟ ਫੁੱਟੇ ਢਾਬੇ ਤੇ ਗੱਡੀ ਰੋਕੀਂ ਚਾ ਪਾਣੀ ਪੀ ਲੀਏ'

'ਓ ਕੇ ਸਰ' ਆਖਕੇ ਕੇਵਲ ਨੇ ਗੱਡੀ ਦਾ ਐਕਸੀਲੇਟਰ ਦੱਬਿਆ ਸ਼ਹਿਰੋਂ ਪਾਰ ਨਦੀ ਦੇ ਕਿਨਾਰੇ ਇੱਕ ਢਾਬਾ ਸੀ ਉੱਥੇ ਗੱਡੀ ਰੋਕ ਦਿੱਤੀ ਕੇਵਲ ਨੇ ਗੱਡੀ ਦਾ ਤੇਲ ਪਾਣੀ ਚੈਕ ਕੀਤਾ। ਢਾਬੇ ਦੇ ਬਾਹਰ ਵਾਰ ਹੋਰ ਵੀ ਪੰਜ ਛੇ ਬੰਦੇ ਬੁੜੀਆਂ




ਬੈਠੇ ਸਨ। ਸਾਰੇ ਇਹਨਾਂ ਵੱਲ ਦੇਖ ਰਹੇ ਸਨ ਜਿਵੇਂ ਕਿਤੇ ਫ਼ੌਜੀ ਨਹੀਂ ਦੇਖੇ। ਘਰੜ ਘਰੜ ਕਰਦੇ ਰੇਡੀਓ ਤੇ ਗਾਣੇ ਚਲ ਰਹੇ ਸਨ।

'ਪਾਂਚ ਛੇ ਕੱਪ ਚਾਏ' ਮੀਕੇ ਨੇ ਕਿਹਾ ਢਾਬੇ ਵਾਲੇ ਪਾਣੀ ਦਾ ਜੱਗ ਤੇ ਛੋਟੇ ਚਾਰ ਮੈਲੇ ਕੁਚੈਲੇ ਕੱਪਾਂ ਵਿੱਚ ਚਾਹ ਦੇ ਗਿਆ। ਕੱਪ ਤਾਂ ਮੈਲੇ ਸੀ ਪਰ ਚਾਹ ਸੁਆਦ ਸੀ। ਗਾਣੇ ਬੰਦ ਹੋ ਗਏ।

'ਅਬ ਕੁਛ ਅਹਿਮ ਖਬਰੇ ਸੁਨੀਏ' ਜਦੋਂ ਰੇਡੀਓ ਨੇ ਖਬਰਾਂ ਬਾਰੇ ਕਿਹਾ ਤਾਂ ਫੌਜੀਆਂ ਦਾ ਧਿਆਨ ਰੇਡੀਓ ਵੱਲ ਹੋ ਗਿਆ।

'ਜੈਸੇ ਆਪਕੋ ਪਤਾ ਹੀ ਹੈ ਕਿ ਹਰਮੰਦਰ ਸਾਹਬ ਪਰ ਅੱਤਵਾਦੀਓਂ ਕੋ ਨਿਕਾਲਨੇ ਕੇ ਲੀਏ ਫ਼ੌਜ ਨੇ ਹਮਲਾ ਕਰ ਦੀਆ ਹੈ ਇਸ ਹਮਲੇ ਕਾ ਜਵਾਬ ਦੇਨੇ ਕੇ ਲੀਏ ਕਈ ਸਰ ਫਿਰੇ ਫ਼ੌਜੀ ਭਾਗ ਖੜੇ ਹੂਏ ਹੈਂ ਆਮ ਜੰਤਾਂ ਸੇ ਅਪੀਲ ਕੀ ਜਾਤੀ ਹੈ ਕਿ ਜਬ ਭੀ ਆਪ ਕਿਸੇ ਭਗੌੜੇ ਫ਼ੌਜੀ ਕੋ ਦੇਖੇਂ ਤੁਰੰਤ ਪੁਲੀਸ ਕੋ ਰੀਪੋਟ ਕਰੇ ਬੁਲਟਿਨ ਖਤਮ ਹੂਆ' ਸਾਰਿਆਂ ਨੇ ਛੇਤੀ ਛੇਤੀ ਚਾਹ ਪੀਤੀ ਤੇ ਅੱਗੇ ਨੂੰ ਚਾਲੇ ਪਾ ਦਿੱਤੇ। ਅੱਗੇ ਚੜਾਈ ਸੁਰੂ ਹੋ ਗਈ ਇੱਕ ਪੁਲ ਦਾ ਸਾਈਨ ਬੋਰਡ ਆ ਗਿਆ।

'ਲਓ ਵਈ ਆਹ ਪੁਲ ਇਕ ਵੱਡੀ ਜਿੱਤ ਆ ਜੇ ਆਪਾਂ ਪਾਰ ਕਰਗੇ ਕਿਉਂਕਿ ਏਸ ਲਾਕੇ 'ਚੋਂ' ਬ੍ਹਾਰ ਕਿਨਲਣ ਵਾਸਤੇ ਏਹੋ ਪੁਲ ਆ ਜੇ ਬਚ ਕੇ ਕਿਨਲਗੇ ਤਾਂ ਠੀਕ' ਕੇਵਲ ਨੇ ਕਿਹਾ ਕਿਉਂਕਿ ਡਰਾਈਵਰ ਹੋਣ ਕਰਕੇ ਸਾਰੇ ਰਸਤਿਆਂ ਦਾ ਪਤਾ ਸੀ।

'ਹੱਛਾ ਜੇ ਨਾ ਨਿਕਲੇ ਤਾਂ ?'

'ਫਿਰ ਫਸਗੇ' ਕੇਵਲ ਨੇ ਕਿਹਾ ਤੇ ਗੱਡੀ ਹੌਲੀ ਕਰਕੇ ਇੱਕ ਦ੍ਰਖ਼ਤ ਕੋਲ ਰੋਕ ਲਈ।

'ਸਿੰਗਾਰਿਆ ਤੂੰ ਦ੍ਰਖਤ ਤੇ ਚੜ ਕੇ ਦੇਖ ਕਿਤੇ ਪੁਲ ਤੇ ਫ਼ੌਜ ਤਾ ਨੀ ਲੱਗੀ' ਕੇਵਲ ਨੇ ਕਿਹਾ ਤਾਂ ਸਿੰਗਾਰਾ ਝੱਟ ਦੂਰਬੀਨ ਲੈਕੇ ਦ੍ਰਖਤ ਤੇ ਚੜ ਗਿਆ ਤਾਂ ਦੇਖਕੇ ਹੈਰਾਂਨ ਰਹਿ ਗਿਆ ਪੁਲ ਤੇ ਤੋਪਾਂ ਬੀੜੀਆਂ ਸਨ ਜਿਵੇਂ ਕਿਸੇ ਬਹੁਤ ਵੱਡੇ ਦੇਸ਼ ਦੀ ਫ਼ੌਜ ਦਾ ਮੁਕਾਬਲਾ ਕਰਨਾ ਹੋਵੇ। ਬੇ-ਹਿਸਾਬੇ ਵਾਇਰਲੈਸ ਦੇ ਏਰੀਅਲ ਵੀ ਦਿਖਾਈ ਦੇ ਰਹੇ ਸਨ। ਦ੍ਰਖਤ ਤੋਂ ਥੱਲੇ ਉੱਤਰ ਕੇ ਕਿਹਾ।

'ਭਰਾਵੋ ਪੁਲ ਪਾਰ ਨੀ ਕਰ ਸਕਦੇ'

'ਮੈਂ ਤਾਂ ਪ੍ਹੈਲਾਂ ਈ ਕਿਹਾ ਸੀ ਏਸੇ ਕਰਕੇ ਕਰਕੇ ਗੱਡੀ ਐਥੇ ਰੋਕ ਲੀ'

'ਹੁਣ ਕੀ ਕਰੀਏ ?' ਸਿੰਗਾਰੇ ਨੇ ਕਿਹਾ।

'ਆਪਾਂ ਗੱਡੀ ਜੰਗਲ 'ਚ' ਲੈ ਚੱਲੀਏ' ਮੀਕੇ ਨੇ ਕਿਹਾ।

'ਜੰਗਲ 'ਚ' ਗੱਡੀ ਜਾਣੀ ਮੁਸ਼ਕਲ ਤਾ ਵੱਡੇ ਵੱਡੇ ਟੋਏ ਟਿੱਬੇ' ਕੇਵਲ ਨੇ ਕਿਹਾ।

'ਐਥੋਂ ਤਾਂ ਨਿਕਲੀਏ' ਹਰਨਾਮ ਨੇ ਕਿਹਾ।

'ਠੀਕ ਆ ਬੈਠੋ ਸਾਰੇ' ਕੇਵਲ ਨੇ ਸਾਰਿਆਂ ਨੂੰ ਬਿਠਾ ਕੇ ਇੱਕ ਤੰਗ ਰਸਤੇ ਪਾ ਕੇ ਗੱਡੀ ਜੰਗਲ ਵਿੱਚ ਵਾੜ ਦਿੱਤੀ। ਅੱਗੇ ਇੱਕ ਬਹੁਤ ਵੱਡਾ ਨਾਲਾ ਆ ਗਿਆ ਨਾਲਾ ਭਾਵੇ ਸੁੱਕਾ ਸੀ ਪਰ ਪਾਰ ਨਹੀਂ ਸੀ ਹੋ ਸਕਦਾ। ਜੰਗਲ ਹੋਣ ਕਰਕੇ ਧਰਤੀ ਵੀ ਗਿੱਲੀ ਸੀ। ਨਾ ਚਾਹੁੰਦੇ ਹੋਏ ਵੀ ਰੱਬ ਦੇ ਭਰੋਸੇ ਸੋਹਣੀ ਦੇ ਘੜੇ ਵਾਂਗੂੰ ਗੱਡੀ ਨਾਲੇ ਵਿੱਚ ਵਾੜ ਦਿੱਤੀ ਗੱਡੀ ਫਸ ਗਈ ਫਸਣੀ ਹੀ ਸੀ। ਹੋਰ ਕੋਈ ਰਾਹ ਵੀ ਨਹੀਂ ਸੀ ਅੱਗੇ ਖੂਹ ਪਿੱਛੇ ਖਾਤੇ ਵਾਲੀ ਗੱਲ ਸੀ। ਸਾਰੇ ਫੌਜੀ ਗੱਡੀ ਵਿੱਚੋਂ ਉੱਤਰ ਕੇ ਚਾਰ ਚੁਫੇਰੇ ਦਾ ਜ਼ਾਇਜ਼ਾ ਲੈਣ ਲੱਗੇ ਕਿ ਕਾੜ ਕਾੜ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਕਿਸੇ ਨੇ ਇਹਨਾਂ ਨੂੰ ਜੰਗਲ ਵਿੱਚ ਵੜਦੇ ਦੇਖ ਲਿਆ। ਕਿਉਂਕਿ ਇਹਨਾ ਪਿੱਛੇ ਹੋਰ ਵੀ ਸੌ ਕੁ ਦੇ ਕਰੀਬ ਫ਼ੌਜੀ ਆ ਗਏ ਅਤੇ ਇਹਨਾ ਪਿੱਛਾ ਕਰਨਾ ਸੁਰੂ ਕਰ ਦਿੱਤਾ। ਸਾਰਿਆਂ ਨੇ ਆਪਣੇ ਹਥਿਆਰ ਕਾਕ ਕਰ ਲਏ। ਅਤੇ ਪੁਜ਼ੀਸ਼ਨਾਂ ਲੈ ਲਈਆਂ। ਫ਼ੌਜ ਦਾ ਰੌਲਾ ਰੱਪਾ ਵੀ ਬਹੁਤ ਪੈ ਰਿਹਾ ਸੀ।

'ਦੇਖੋ ਲਗਦਾ ਫ਼ੌਜ ਆਪਣੇ ਨਾਲੋਂ ਕਿਤੇ ਜ਼ਿਆਦਾ ਤੁਸੀਂ ਨਿਕਲੋ ਮੈਂ ਲੈਨਾਂ ਏ੍ਹਨਾਂ ਦੇ ਝੱਗੇ ਦਾ ਮੇਚ' ਹਰਨਾਮ ਨੇ ਸਾਰਿਆਂ ਨੂੰ ਕਿਹਾ।

'ਲੈ ਤੈਨੂੰ ਕੱਲੇ ਨੂੰ ਛੱਡ ਕੇ ਭਲਾ ਅਸੀਂ ਕਿਵੇਂ ਜਾ ਸਕਦੇ ਆਂ ?' ਮੀਕੇ ਨੇ ਕਿਹਾ।

'ਦੇਖੋ ਮੇਰਾ ਮਰਨਾ ਤਾਂ ਲਾਜ਼ਮੀ ਆ, ਜੇ ਬਚ ਗਿਆ ਤਾਂ ਬ੍ਰਗੇਡੀਅਰ ਦੇ ਕਤਲ 'ਚ' ਸ਼ਜਾਏ ਮੌਤ ਏਸ ਵਾਸਤੇ ਮੇਰਾ ਥੋਨੂੰ ਬਚੌਣ ਦਾ ਫਰਜ਼ ਬਣਦਾ' ਹਰਨਾਮ ਨੇ ਕਿਹਾ ਤਾਂ ਕਈ ਗੋਲੀਆਂ ਦੀ ਵਾਛੜ ਇਹਨਾ ਦੇ ਸਿਰਾਂ ਉੱਤੋਂ ਦੀ ਗਈ ਇਹ ਨਾਲੇ ਵਿੱਚ ਬੈਠੇ ਹੋਣ ਕਰਕੇ ਕਿਸੇ ਨੂੰ ਗੋਲੀ ਨਹੀਂ ਲੱਗੀ। ਦਿਨ ਵੀ ਛਿਪ ਰਿਹਾ ਸੀ।

'ਦੇਖੋ ਔਹ ਹੈਲੀਕਾਪਟਰ ਵੀ ਆ ਗਿਆ' ਕੇਵਲ ਨੇ ਕਿਹਾ। ਹੈਲੀਕਾਪਟਰ ਇਹਨਾਂ ਦੇ ਸਿਰਾਂ ਤੇ ਇਉਂ ਮੰਡਰਾ ਰਿਹਾ ਸੀ ਜਿਵੇਂ ਹੱਡਾਂ ਰੋੜੀ ਵਿੱਚ ਮਰੇ ਪਸੂ ਤੇ ਇੱਲਾਂ!

'ਮਾਰੀਏ ਬ੍ਰਸਟ ਹੈਲੀਕਾਪਟਰ ਤੇ' ਮੀਕੇ ਨੇ ਕਿਹਾ।

' ਅਜੇ ਹੈਲੀਕਾਪਟਰ ਆਪਣੀ ਮਾਰ 'ਚ' ਨੀ ਅਜੇ ਰੁਕੋ ਜਦੋਂ ਮਾਰ 'ਚ' ਆ ਗਿਆ ਫੇਰ ਦੇਖਾਂਗੇ' ਹਰਨਾਮ ਨੇ ਕਿਹਾ।

'ਮੈਂ ਦੇਵਾਂ ਗੋਲੀਆਂ ਦਾ ਜਵਾਬ' ਸ਼ਿੰਗਾਰੇ ਨੇ ਕਿਹਾ।

'ਕੋਈ ਲੋੜ ਨੀ ਜਦੋਂ ਮੈਂ ਹੈਗਾ ਤੁਸੀਂ ਫਟਾ ਫਟ ਨਿਕਲੋ' ਹਰਨਾਮ ਨੇ ਕਿਹਾ ਹਰਨਾਮ ਕਾਹਲਾ ਪੈ ਰਿਹਾ ਸੀ ਕਿ ਇਹ ਛੇਤੀ ਨਿਕਲ ਜਾਣ ਕਿਤੇ ਭੰਗ ਦੇ ਭਾੜੇ ਨਾ ਮਾਰੇ ਜਾਣ। ਪਰ ਮੀਕੇ ਹੋਣਾਂ ਦਾ ਦਿਲ ਛੱਡ ਕੇ ਜਾਣ ਨੂੰ ਨਹੀਂ ਸੀ ਕਰਦਾ।

'ਚੰਗਾ ਫਿਰ ਭਾਊ ਜਿਉਂਦੇ ਰਹੇ ਤਾਂ ਮਿਲਾਂਗੇ ਆਕੇ ਮਰਗੇ ਤਾਂ ਰੱਬ ਰਾਜੀ' ਕੇਵਲ ਨੇ ਗਲ ਭਰ ਕੇ ਕਿਹਾ।

'ਬਹਾਦਰ ਕਦੇ ਰੋਂਦੇ ਨੀ ਹੁੰਦੇ ਜੇ ਮੈਂ ਸ਼ਹੀਦੀ ਪਾ ਗਿਆ ਤਾਂ ਮੇਰੇ ਪ੍ਰਵਾਰ ਦਾ ਖਿਆਲ ਰੱਖਿਓ, ਤੇ ਜੇ ਬਚ ਗਿਆ ਫਿਰ ਮੇਰੀ ਪੈਰਵਾਈ ਕਰਿਓ' ਹਰਨਾਮ ਨੇ ਕਿਹਾ ਤਾ ਫਿਰ ਗੋਲੀਆਂ ਦੀ ਵਾਛੜ ਉੱਤੋਂ ਦੀ ਨੰਘ ਗਈ। ਸਾਰੇ ਹੋਰ ਨੀਵੇਂ ਗਏ।

'ਚੰਗਾ ਹਰਨਾਮ ਸਿੰਹਾਂ ਤੈਨੂੰ ਛੱਡ ਕੇ ਜਾਂ ਨੂੰ ਦਿਲ ਤਾਂ ਕੀ ਕਰਦਾ ਪਰ ਤੇਰੀ ਗੱਲ ਵੀ ਮੰਨਣੀ ਪੈਣੀ ਆ'

'ਜਾ ਥੋਡੇ ਨਾਲ ਮੈਂ ਵੀ ਸਕਦਾਂ ਪਰ ਇਸ ਤਰ੍ਹਾਂ ਸਾਰੇ ਮਾਰੇ ਜਾਵਾਂਗੇ ਇਸ ਵਾਸਤੇ ਮੈਂ ਹੀ ਥੋਨੂੰ ਬੈਰਕਾਂ ਛੱਡਣ ਵਾਸਤੇ ਕਿਹਾ ਤੇ ਮੈਂ ਥੋਨੂੰ ਬਚਾਊਂਗਾ ਅੱਗੇ ਜਿਵੇਂ ਰੱਬ ਨੂੰ ਮਨਜੂਰ ਪਰ ਹੁਣ ਬਚਕੇ ਨਿਕਲੋ' ਹਰਨਾਮ ਨੇ ਕਿਹਾ ਤੇ ਆਵਦੀ ਐਲ ਐਮ ਜੀ ਸੰਭਾਲ ਲਈ ਤੇ ਮੈਗਜ਼ੀਨ ਫਿੱਟ ਕਰ ਦਿੱਤਾ। ਅੱਗੋਂ ਫੌਜੀ ਹਰੀਆਂ ਵਰਦੀਆਂ ਪਾਈ ਹੱਥਾਂ ਵਿੱਚ ਐਸ ਐਲ ਆਰ ਰਾਈਫਲਾਂ ਫੜੀ ਇਹਨਾਂ ਦੇ ਉੱਤੇ ਚੜ੍ਹੇ ਆ ਰਹੇ ਸਨ ਸਾਰਿਆਂ ਦੇਖ ਲਏ।

'ਮਾਰੇ ਗਏ' ਕੇਵਲ ਨੇ ਕਿਹਾ।

'ਏ੍ਹਨਾ ਦੀ ਮਾਂ ਨੂੰ' ਆਖਕੇ ਹਰਨਾਮ ਨੇ ਐਲ ਐਮ ਜੀ ਦਾ ਬ੍ਰਸਟ ਮਾਰਿਆ ਪਤਾ ਨਹੀਂ ਸਾਰੇ ਮਰ ਗਏ ਜਾਂ ਲੁਕ ਛਿਪ ਗਏ ਕੁਛ ਪਤਾ ਨਹੀਂ ਲੱਗਿਆ।

'ਹੁਣ ਤੁਸੀਂ ਮਾਰਚ ਕਰੋ ਕਿਉਂਕਿ ਦਸ ਪੰਦਰਾਂ ਮਿੰਟ ਬਾਦ ਸਿਰ ਚੁੱਕਣਗੇ, ਹੁਣ ਟੈਮ ਹੈ ਮਾਰਚ' ਹਰਨਾਮ ਨੇ ਕਿਹਾ। ਹਰਨਾਂਮ ਨੂੰ ਛੱਡ ਕੇ ਸਾਰੇ ਨਾਲੇ ਵਿੱਚਦੀ ਕੋਡੇ ਹੋ ਕੇ ਭੱਜ ਗਏ। ਕੋਈ ਵੀਹਾਂ ਕੁ ਮਿੰਟਾਂ ਵਿੱਚ ਦੁਵੱਲੀ ਫਾਇਰਿੰਗ ਦੀਆਂ ਅਵਾਜ਼ਾਂ ਆਉਣ ਲੱਗੀਆਂ। ਹੈਲੀਕਾਪਟਰ ਵੀ ਆ ਗਿਆ ਕਿਉਂਕਿ ਉਹਨਾ ਨੂੰ ਪਤਾ ਸੀ ਕਿ ਫ਼ੌਜੀ ਜੰਗਲ ਵਿੱਚ ਹਨ।

'ਪਾਵਾਂ ਖਲਾਰੇ ਹੈਲੀਕਾਪਟਰ ਦੇ' ਨਾਇਕ ਗੁਰਦੇਵ ਨੇ ਕਿਹਾ ਜੋ ਕਿ ਬਹੁਤ ਲੜਾਕਾ ਜਵਾਨ ਸੀ ਉਸਨੇ ਐਲ ਐਮ ਜੀ ਹੈਲੀਕਾਪਟਰ ਵੱਲ ਸਿੱਧੀ ਕਰ ਦਿੱਤੀ!

'ਗੁਰਦੇਵ ਸਿੰਹਾਂ ਦਿਲ ਤਾਂ ਮੇਰਾ ਵੀ ਕਰਦਾ ਕਿ ਬਣਾ ਦਿਆਂ ਦਵਾਲੀ ਕਿਉਂਕਿ "ਗੋਲੀਆਂ ਦੇ ਮੀਂਹ ਵਿੱਚ ਫੁੱਲਾਂ ਦੀ ਬਾਰਸ਼ ਨੀ ਕਿੱਥੇ " ਪਰ ਆਪਾਂ ਪ੍ਹੈਲ ਨੀ ਕਰਨੀ' ਹਰਫੂਲ ਨੇ ਕਿਹਾ।

'ਮੈਂ ਤਾਂ ਆਪ ਕ੍ਰੈਨਾ ਹੈਲੀਕਾਪਟਰ ਭੁੰਨ ਦਿਓ ਕਿਓਂ ਮਰਨਾ' ਹੌਲਦਾਰ ਗੁਰਚਰਨ ਨੇ ਕਿਹਾ।

'ਬਿਨਾ ਵਜ੍ਹਾ ਤੋਂ ਆਪਾਂ ਹੈਲੀਕਾਪਟਰ ਤੇ ਫਾਇਰਿੰਗ ਵੀ ਨੀ ਕਰ ਸਕਦੇ' ਗੁਰਦੇਵ ਨੇ ਕਿਹਾ।

'ਨਾਅ ਹੈਲੀਕਾਪਟਰ ਆਪਾਂ ਨੂੰ ਰਾਸ਼ਣ ਦੇਕੇ ਜਾਊਗਾ' ਹਰਫੂਲ ਨੇ ਕਿਹਾ। ਹੈਲੀਕਾਪਟਰ ਆਕੇ ਫਿਰ ਸਿਰਾਂ ਤੇ ਘੁੰਮਣ ਲੱਗਾ। ਪਰ ਉਹਨਾ ਨੂੰ ਕੋਈ ਸਿੱਖ ਨਜ਼ਰ ਨਹੀਂ ਆਇਆ ਕਿਉਂਕਿ ਸਾਰੇ ਛਿਪੇ ਹੋਏ ਸਨ। ਗੁਰਦੇਵ ਆਵਦੀ ਬਨੈਨ ਉਤਾਰ ਕੇ ਹੱਥ ਖੜ੍ਹੇ ਕਰਨ ਵਾਸਤੇ ਤਿਆਰ ਹੋ ਗਿਆ ਸੋਚਿਆ ਕਿਉਂ ਮਾਰਾ ਮਾਰੀ ਕਰਨੀ ਹੈ ਸ਼ਾਇਦ ਮੇਰੇ ਝੰਡੇ ਖੜ੍ਹੇ ਕਰਨ ਨਾਲ ਸਾਰਿਆਂ ਦੀਆਂ ਜਾਨਾ ਬਚ ਜਾਣ ਆਪਣਾ ਦੇਸ਼ ਹੈ ਕਿਹੜਾ ਬਿਗਾਨਾ ਦੇਸ਼ ਹੈ ਕਿ ਬੇ-ਇਜ਼ਤੀ ਹੋਵੇਗੀ ਇਸ ਵਾਸਤੇ ਸਾਰਿਆਂ ਦੇ ਭਲੇ ਵਾਸਤੇ ਖੁੱਲ੍ਹੇ ਮੈਦਾਨ ਵਿੱਚ ਚਿੱਟਾ ਝੰਡਾ ਲਹਿਰਾਉਣ ਵਾਸਤੇ ਤਿਆਰ ਹੋ ਗਿਆ।

'ਮੈਂ ਤੈਨੂੰ ਹੁਣੇ ਜਲਵਾ ਦਿਖਾ ਦਿੰਨੇ ਆਂ' ਹੌਲਦਾਰ ਗੁਰਚਰਨ ਨੇ ਕਿਹਾ ਕਿਉਂਕਿ ਸੂਬੇਦਾਰ ਨੇ ਕਿਹਾ ਸੀ ਕਿ ਮੁਕਾਬਲਾ ਕਰਨਾ ਜਿੱਥੇ ਵੀ ਕਰਨਾ ਪੈ ਜਾਵੇ ਹੁਣ ਯੋਧੇ ਬਨਣਾ ਕਾਇਰ ਨਹੀਂ। ਇਸ ਕਰਕੇ ਇਹ ਗੁਰਦੇਵ ਨੂੰ ਰੋਕ ਰਿਹਾ ਸੀ ਉਹ ਰੁਕ ਨਹੀਂ ਸੀ ਰਿਹਾ। ਹੈਲੀਕਾਪਟਰ ਜੰਗਲ ਉੱਤੇ ਚੱਕਰ ਕੱਟ ਰਿਹਾ ਸੀ। ਕਦੇ ਨੀਵਾਂ ਹੋ ਜਾਂਦਾ ਕਦੇ ਉੱਚਾ ਆਖਰ ਵਾਪਸ ਚਲਾ ਗਿਆ। ਦੂਰੋਂ ਗਿੱਦੜਾਂ ਦੇ ਚੀਕਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਹੱਥ ਨੂੰ ਹੱਥ ਦਿਖਾਈ ਨਹੀਂ ਸੀ ਦਿੰਦਾ, ਬੋਲ ਨਹੀਂ ਸਨ ਸਕਦੇ ਕਿਉਂਕਿ ਬੋਲ ਸੁਣਕੇ ਦੁਸ਼ਮਨ ਗੋਲੀ ਚਲਾ ਸਕਦਾ ਸੀ ਜਾਂ ਪਿੱਛਾ ਕਰ ਸਕਦਾ ਸੀ । ਸੋ ਚੁੱਪ ਚਾਪ ਰਹਿਣ ਸਦਕਾ ਹਨੇਰੇ ਵਿੱਚ ਇਹ ਸਾਰੇ ਵਿੱਛੜ ਗਏ!

# Sir Speedy Tustin® Printers to the Community




## Outdoor 3'x11' Promo Flag

**Only $29/-**

Pole & Spike $55/-

GURU NANAK SIKH TEMPLE
FAIRFIELD
Visit Our Website:
www.FairfieldGurudwara.com

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

OPEN 24 HOURS
OPEN HOUSE! Welcome
Call Toll Free: 855 360-HOME

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

## Your Printed T-Shirts

**Only $4.99**

YOUR LOGO HERE

1 color in 1 position. Min Qty. 100

## Your Printed Caps

**Only $4.99**

DAILY TRIP ENVELOPE

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW




# ਪਾਠਕਾਂ ਦਾ ਨਜ਼ਰੀਆ

## ਪੰਜਾਬ ਵਿੱਚ ਗਿਲਾਸੀ ਅਤੇ ਗੰਡਾਸੀ ਦੇ ਮੇਲ ਕਾਰਨ 60% ਦੁਰਘਟਨਾਵਾਂ ਵਾਪਰੀਆਂ

ਪੰਜਾਬ ਏਸ਼ੀਆ ਮਹਾਂਦੀਪ ਦਾ ਅਜਿਹਾ ਖਿੱਤਾ ਹੈ ਜਿੱਥੇ ਨਸ਼ਿਆਂ ਕਾਰਨ ਸਭ ਤੋਂ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਦਾ ਲੋਕ ਸ਼ਿਕਾਰ ਹੋ ਰਹੇ ਹਨ। ਗਿਲਾਸੀ ਅਤੇ ਗੰਡਾਸੀ ਦੇ ਮੇਲ ਕਾਰਨ 60% ਦੁਰਘਟਨਾਵਾਂ, 90% ਤੇਜ਼ਧਾਰ ਹਥਿਆਰਾਂ ਨਾਲ ਹਮਲੇ, 69% ਬਲਾਤਕਾਰ, 74% ਡਕੈਤੀ, 80% ਦੁਸ਼ਮਣੀ ਕੱਢਣ ਵਾਲੇ ਹਮਲਿਆਂ ਨੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਪਿਛਲੇ ਸਤਾਰਾਂ ਸਾਲਾਂ ਵਿੱਚ ਅੰਗ੍ਰੇਜ਼ੀ ਸ਼ਰਾਬ ਦੀ ਖ਼ਪਤ 131%, ਦੇਸ਼ੀ ਸ਼ਰਾਬ 83% ਅਤੇ ਬੀਅਰ ਦੀ ਖ਼ਪਤ 209% ਵਧੀ ਹੈ। ਬਿਨਾਂ ਸ਼ੱਕ ਇਸ ਵਧਦੀ ਖ਼ਪਤ ਕਾਰਨ ਹੀ ਪੰਜਾਬ ਵਿੱਚ ਭਾਈ ਲਾਲੋ ਦੇ ਵਾਰਿਸ ਨਹੀਂ, ਮਾਲਿਕ ਭਾਗੋ ਦੇ ਵਾਰਿਸ ਪੈਦਾ ਹੋ ਰਹੇ ਹਨ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਪੰਜਾਬ ਵਿੱਚ ਇਸ ਵੇਲੇ 10157 ਮਾਨਤਾ ਪ੍ਰਾਪਤ ਸ਼ਰਾਬ ਦੇ ਠੇਕੇ ਹਨ ਜਦੋਂ ਕਿ ਪੰਜਾਬ ਦੇ ਹਰ ਪਿੰਡ ਵਿੱਚ ਸ਼ਰਾਬ ਦੇ ਠੇਕੇਦਾਰਾਂ ਵਲੋਂ ਖੋਲੀਆਂ ਗੈਰ ਕਾਨੂੰਨੀ ਦੁਕਾਨਾਂ ਇਸ ਤੋਂ ਵੱਖਰੀਆਂ ਹਨ। ਚਾਲੂ ਵਿਤੀ ਵਰੇ ਦਰਮਿਆਨ 26 ਕਰੋੜ ਬੋਤਲਾਂ ਦੇਸ਼ੀ ਸ਼ਰਾਬ, 8.3 ਕਰੋੜ ਅੰਗਰੇਜ਼ੀ ਸ਼ਰਾਬ ਅਤੇ 4.8 ਕਰੋੜ ਬੀਅਰ ਪਿਲਾ ਕੇ ਲੋਕਾਂ ਦੀਆਂ ਜੇਬਾਂ ਵਿੱਚੋਂ ਅੰਦਾਜ਼ਨ 5400 ਕਰੋੜ ਰੁਪਏ ਕਢਵਾਕੇ ਇਸ ਪੈਸੇ ਨਾਲ ਪੰਜਾਬ ਦਾ ਵਿਕਾਸ ਕਰਨ ਦੀਆਂ ਯੋਜਨਾਵਾਂ ਉਲੀਕੀਆਂ ਗਈਆਂ ਹਨ। ਖੋਲੇ ਗਏ ਸ਼ਰਾਬ ਦੇ ਠੇਕਿਆਂ ਅਨੁਸਾਰ 2727 ਵਿਅਕਤੀਆਂ ਪਿੱਛੇ ਇੱਕ ਸ਼ਰਾਬ ਦੇ ਠੇਕੇ ਦੀ 'ਸਹੂਲਤ' ਦਿੱਤੀ ਗਈ ਹੈ ਜਦੋਂ ਕਿ 8788 ਵਿਅਕਤੀਆਂ ਪਿੱਛੇ ਇੱਕ ਸਿਹਤ ਕੇਂਦਰ ਦੀ ਸਹੂਲਤ ਦਿੱਤੀ ਗਈ ਹੈ। ਸਿਹਤ ਕੇਂਦਰਾਂ ਵਿੱਚ ਡਾਕਟਰਾਂ ਦੇ ਕਦੇ ਕਦਾਈਂ ਦੇ ਗੇੜੇ ਕਾਰਨ ਪਿੰਡਾਂ ਦੇ ਲੋਕ ਡਾਕਟਰ ਨੂੰ 'ਬੁੱਧਵਾਰ ਵਾਲਾ ਡਾਕਟਰ' ਦੇ ਤੌਰ ਉੱਤੇ ਹੀ ਜਾਣਦੇ ਹਨ। ਸਿਹਤ ਸੇਵਾਵਾਂ ਵਿੱਚ ਤੋਟ ਆ ਸਕਦੀ ਹੈ, ਕਿਰਸਾਨਾਂ ਲਈ ਡੀ.ਏ.ਪੀ. ਖਾਦ ਦੀ ਕਮੀ ਵੀ ਹੋ ਸਕਦੀ ਹੈ, ਪਰ ਸ਼ਰਾਬ ਦੀਆਂ ਸੇਵਾਵਾਂ ਲਈ ਠੇਕੇਦਾਰਾਂ ਵਲੋਂ 'ਹੋਮ ਡਲਿਵਰੀ' ਦਾ ਵੀ ਪ੍ਰਬੰਧ ਕੀਤਾ ਹੋਇਆ ਹੈ। ਇੱਥੋਂ ਤੱਕ ਕਿ ਜਿਣਸ ਵੇਚਣ ਸਮੇਂ ਮੰਡੀਆਂ ਵਿੱਚ ਵੀ ਸ਼ਰਾਬ ਦਾ ਖੋਖਾ ਰੱਖ ਕੇ ਅੰਨਦਾਤਾ ਦਾ 'ਪੂਰਾ ਖਿਆਲ' ਰੱਖਿਆ ਜਾਂਦਾ ਹੈ। ਇਸ ਵੇਲੇ ਜਿੱਥੇ ਪੰਜਾਬ ਵਿੱਚ ਸ਼ਰਾਬ ਦੀਆਂ ਫੈਕਟਰੀਆਂ ਅੱਠ ਤੋਂ ਵਧ ਕੇ ਸੋਲਾਂ ਹੋ ਗਈਆਂ ਹਨ, ਉੱਥੇ ਮਿਲਕ ਪਲਾਂਟ 30 ਤੋਂ ਘਟ ਕੇ 14 ਰਹਿ ਗਏ ਹਨ ਅਤੇ 70 ਉਦਯੋਗਿਕ ਯੂਨਿਟਾਂ ਵੀ ਪਿਛਲੇ ਸਮੇਂ ਵਿੱਚ ਬੰਦ ਹੋਈਆਂ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸ਼ਰਾਬ ਦੀ ਮਾਨਤਾ ਪ੍ਰਾਪਤ ਖ਼ਪਤ ਅਤੇ ਪੰਜਾਬ ਦੀ ਅੰਦਾਜ਼ਨ 2.77 ਕਰੋੜ ਦੀ ਅਬਾਦੀ ਅਨੁਸਾਰ ਪ੍ਰਤੀ ਜੀਅ 14 ਬੋਤਲਾਂ ਹਿੱਸੇ ਆਉਂਦੀਆਂ ਹਨ।

ਪਿਛਲੇ ਕੁਝ ਹੀ ਸਮੇਂ ਅੰਦਰ ਨਸ਼ੇੜੀਆਂ ਦੀ ਗਿਣਤੀ ਵਿੱਚ 213% ਦਾ ਜੋ ਵਾਧਾ ਹੋਇਆ ਹੈ, ਉਸ ਵਿੱਚੋਂ 37% ਹੈਪੇਟਾਈਟਸ ਸੀ, 20% ਹੈਪੇਟਾਈਟਸ ਬੀ ਅਤੇ ਅੰਦਾਜ਼ਨ 2 ਹਜ਼ਾਰ ਮਰੀਜ਼ਾਂ ਦੀਆਂ ਕਿਡਨੀਆਂ ਫੇਲ ਹੋ ਗਈਆਂ ਹਨ। ਇੱਕ ਸਰਵੇਖਣ ਅਨੁਸਾਰ ਜਿੰਨੀ ਆਮਦਨ ਸ਼ਰਾਬ ਤੋਂ ਹੁੰਦੀ ਹੈ, ਉਸ ਤੋਂ ਦੁੱਗਣਾ ਖ਼ਰਚ ਬਿਮਾਰੀਆਂ ਦੇ ਲੇਖੇ ਲੱਗ ਜਾਂਦਾ ਹੈ।ਹੈਰਾਨੀ ਇਸ ਗੱਲ ਦੀ ਵੀ ਹੈ ਕਿ ਸਿਆਸੀ ਲੋਕਾਂ ਲਈ ਨਸ਼ਿਆਂ ਦੀ ਮਹਾਂਮਾਰੀ ਨੂੰ ਠੱਲ ਪਾਉਣ ਲਈ ਜੋ ਮੁੱਦਾ ਬਣਨਾ ਚਾਹੀਦਾ ਸੀ, ਉਹ ਉਨਾਂ ਲਈ ਰਾਜ ਸੱਤਾ ਦੀ ਕੁਰਸੀ ਤੱਕ ਪੁੱਜਣ ਲਈ ਸਾਧਨ ਬਣ ਗਿਆ ਹੈ। ਚੋਣ ਜਿੱਤਣ ਲਈ ਹਰ ਹੱਥਕੰਡੇ ਦੀ ਵਰਤੋਂ ਕਰਦਿਆਂ ਰਿਉੜੀਆਂ ਦੀ ਤਰਾਂ ਸ਼ਰਾਬ ਦੀਆਂ ਬੋਤਲਾਂ ਵੰਡ ਕੇ ਵੋਟਰਾਂ ਨੂੰ ਭਰਮਾਇਆ ਜਾਂਦਾ ਹੈ। ਇਸ ਕੋਝੇ ਵਰਤਾਰੇ ਕਾਰਨ ਹਰ ਚੋਣ ਵਿੱਚ ਅੰਦਾਜ਼ਨ ਇੱਕ ਲੱਖ ਨਵੇਂ ਨਸ਼ਈ ਪੈਦਾ ਹੋ ਜਾਂਦੇ ਹਨ।

ਪੰਜਾਬ ਸਰਕਾਰ ਲਈ ਵੀ ਦ੍ਰਿੜ ਇੱਛਾ ਸ਼ਕਤੀ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਮੱਥੇ ਤੋਂ ਉੱਕਰੇ 'ਨਸ਼ਈ ਪੰਜਾਬ' ਦੇ ਧੱਬੇ ਨੂੰ ਲਾਹੁਣ ਲਈ ਅਜਿਹਾ ਸਾਰਥਕ ਕਦਮ ਚੁੱਕਣਾ ਅਤਿਅੰਤ ਜ਼ਰੂਰੀ ਹੈ ਤਾਂ ਜੋ ਸ਼ਰਾਬ ਕਾਰਨ ਸਿਵਿਆਂ ਦੀ ਭੀੜ ਵਿੱਚ ਹੋ ਰਹੇ ਵਾਧੇ ਨੂੰ ਠੱਲ ਪੈ ਸਕੇ।

**ਮੋਹਨ ਸ਼ਰਮਾ**

## ਉਜਾੜਿਆਂ ਦੀ ਲਪੇਟ ਵਿੱਚ ਪੰਜਾਬ

2007 ਤੋਂ ਪੰਜਾਬ ਨੂੰ ਇੱਕ ਨਵੀਂ ਕਿਸਮ ਦੇ ਨਸ਼ਿਆਂ ਅਤੇ ਗੈਂਗਸਟਰਾਂ ਦੇ ਉਜਾੜਿਆਂ ਨੇ ਆਪਣੀ ਲਪੇਟ ਵਿੱਚ ਲੈ ਲਿਆ। ਰਵਾਇਤੀ ਨਸ਼ੇ ਸ਼ਰਾਬ, ਅਫੀਮ ਅਤੇ ਡੋਡੇ ਆਦਿ ਦਾ ਸੇਵਨ ਤਾਂ ਪੰਜਾਬੀ ਪਹਿਲਾਂ ਵੀ ਕਰਦੇ ਸਨ ਪ੍ਰੰਤੂ ਸਿੰਥੈਟਿਕ ਨਸ਼ੇ ਪਹਿਲੀ ਵਾਰ ਪੰਜਾਬ ਵਿੱਚ ਆਏ ਹਨ, ਜਿਹੜੇ ਇੰਨੇ ਘਾਤਕ ਹਨ, ਜਿੰਨਾ ਸੋਚਿਆ ਵੀ ਨਹੀਂ ਜਾ ਸਕਦਾ। ਇਨਾਂ ਦੇ ਸੇਵਨ ਕਰਨ ਨਾਲ ਮੌਤ ਤਾਂ ਬਹੁਤ ਜਲਦੀ ਆਉਂਦੀ ਹੀ ਹੈ ਪ੍ਰੰਤੂ ਇਹ ਹੋਰ ਵੀ ਬਹੁਤ ਸਾਰੀਆਂ ਘਾਤਕ ਬਿਮਾਰੀਆਂ ਪੈਦਾ ਕਰਦੇ ਹਨ। ਉਦਾਹਰਣ ਲਈ ਲੜਕੇ ਅਤੇ ਲੜਕੀਆਂ ਨੂੰ ਨਿਪੁੰਸਕ ਬਣਾ ਦਿੰਦੇ ਹਨ। ਨਸ਼ਿਆਂ ਦੇ ਉਜਾੜੇ ਨੇ ਪੰਜਾਬ ਦੀ ਨੌਜਵਾਨੀ ਦਾ ਮਲੀਆਮੇਟ ਕਰ ਦਿੱਤਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਹੁਣ ਲੜਕਿਆਂ ਦੇ ਨਾਲ ਲੜਕੀਆਂ ਵੀ ਨਸ਼ਿਆਂ ਵਿੱਚ ਗ੍ਰਸਤ ਹੋ ਗਈਆਂ ਹਨ। ਨਸ਼ਿਆਂ ਦੇ ਨਾਲ ਜੁੜਵਾਂ ਉਜਾੜਾ ਗੈਂਗਸਟਰਾਂ ਦਾ ਬਣਨਾ ਪੰਜਾਬ ਲਈ ਮੰਦਭਾਗੀ ਗੱਲ ਹੈ। ਇਸ ਤੋਂ ਪਹਿਲਾਂ ਬਿਹਾਰ ਅਤੇ ਉੱਤਰ ਪ੍ਰਦੇਸ ਵਿੱਚ ਗੈਂਗਸਟਰਾਂ ਦੀ ਗੱਲ ਸੁਣੀ ਦੀ ਸੀ ਪ੍ਰੰਤੂ ਹੁਣ ਪੰਜਾਬ ਮੋਹਰੀ ਦੀ ਭੂਮਿਕਾ ਨਿਭਾ ਰਿਹਾ ਹੈ। ਇਹ ਗੈਂਗਸਟਰ ਵੀ 2007 ਤੋਂ ਬਾਅਦ ਚੋਣ ਜਿੱਤਣ ਲਈ ਸਿਆਸਤਦਾਨਾਂ ਨੇ ਪੈਦਾ ਕੀਤੇ ਸਨ, ਜਿਸਦਾ ਖਮਿਆਜਾ ਹੁਣ ਸਿਆਸਤਦਾਨਾਂ ਨੂੰ ਵੀ ਭੁਗਤਣਾ ਪੈ ਰਿਹਾ ਹੈ।

ਹਰ ਵਿਦਿਆਰਥੀ, ਜਿਹੜਾ ਪਲੱਸ ਟੂ ਪਾਸ ਕਰ ਲੈਂਦਾ ਉਹ ਆਪਣੇ ਮਾਂ ਬਾਪ ਦੇ ਗੱਲ ਗੂਠਾ ਦੇ ਕੇ ਪਰਵਾਸ ਵਿੱਚ ਪੜਨ ਲਈ ਤੱਤਪਰ ਰਹਿੰਦਾ ਹੈ। ਹਾਲਾਂ ਕਿ ਇੰਨੀ ਛੋਟੀ ਉਮਰ ਦੇ ਬੱਚਿਆਂ ਨੂੰ ਅਜੇ ਜ਼ਿੰਦਗੀ ਬਸਰ ਕਰਨ ਦੀ ਬਹੁਤੀ ਸਮਝ ਵੀ ਨਹੀਂ ਹੁੰਦੀ। ਸਭ ਤੋਂ ਪਹਿਲਾਂ ਉਹ ਆਈਲੈਟਸ ਕਰਨ ਨੂੰ ਪਹਿਲ ਦਿੰਦਾ ਹੈ। ਪੰਜਾਬ ਦੇ ਉਨੇ ਪਿੰਡ ਤੇ ਸ਼ਹਿਰ ਨਹੀਂ ਹਨ, ਜਿੰਨੀਆਂ ਆਈਲੈਟਸ ਦੀਆਂ ਦੁਕਾਨਾਂ ਖੁੱਲੀਆਂ ਹੋਈਆਂ ਹਨ। ਪੰਜਾਬ ਵਿੱਚੋਂ ਹਰ ਸਾਲ ਲਗਭਗ ਦੋ ਲੱਖ ਵਿਦਿਆਰਥੀ ਪਰਵਾਸ ਵਿੱਚ ਪੜਾਈ ਕਰਨ ਲਈ ਜਾਂਦੇ ਹਨ। ਇਸ ਤੋਂ ਇਲਾਵਾ ਹਜ਼ਾਰਾਂ ਅਜਿਹੇ ਵਿਅਕਤੀ ਹਨ, ਜਿਹੜੇ ਗੈਰ ਕਾਨੂੰਨੀ ਢੰਗ ਨਾਲ ਜੰਗਲਾਂ ਬੇਲਿਆਂ, ਰੇਗਿਸਤਾਨਾ ਅਤੇ ਸਮੁੰਦਰਾਂ ਵਿੱਚ ਕਿਸ਼ਤੀਆਂ ਰਾਹੀਂ ਜਾ ਰਹੇ ਹਨ। ਇਨਾਂ ਵਿੱਚੋਂ ਬਹੁਤੇ ਤਾਂ ਰਸਤੇ ਵਿੱਚ ਹੀ ਜੱਦੋਜਹਿਦ ਕਰਦੇ ਜ਼ਿੰਦਗੀ ਦੀ ਲੀਲਾ ਸਮਾਪਤ ਕਰ ਲੈਂਦੇ ਹਨ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਚੰਗੇ ਖਾਂਦੇ ਪੀਂਦੇ ਰੱਜੇ ਪੁੱਜੇ ਘਰਾਂ ਦੇ ਲੜਕੇ ਲੜਕੀਆਂ ਵੀ ਪਰਵਾਸ ਵਿੱਚ ਸੈਟਲ ਹੋਣ ਲਈ ਪਾਗਲ ਹੋਏ ਫਿਰਦੇ ਹਨ। ਜਿਵੇਂ ਉਹ ਪਰਵਾਸ ਵਿੱਚ ਜਾ ਕੇ ਹੱਥੀਂ ਕੰਮ ਕਰਦੇ ਹਨ, ਜੇਕਰ ਪੰਜਾਬ ਵਿੱਚ ਕੰਮ ਕਰਨ ਤਾਂ ਇੱਥੇ ਵੀ ਵਾਰੇ-ਨਿਆਰੇ ਹੋ ਸਕਦੇ ਹਨ।

ਜਿੰਨੀ ਗਿਣਤੀ ਵਿੱਚ ਹੁਣ ਵਿਦਿਆਰਥੀ ਜਾ ਰਹੇ ਹਨ, ਉਸ ਤੋਂ ਤਾਂ ਇਉਂ ਲੱਗਦਾ ਹੈ ਕਿ ਅਗਲੇ ਪੰਜਾਹ ਸਾਲਾਂ ਵਿੱਚ ਪੰਜਾਬ ਖਾਲੀ ਹੋ ਜਾਵੇਗਾ। ਪੰਜਾਬ ਦੀ ਆਰਥਿਤਾ ਬਰਬਾਦ ਹੋ ਰਹੀ ਹੈ ਕਿਉਂਕਿ ਜਿਹੜੇ ਪਰਵਾਸ ਵਿੱਚ ਵਸ ਜਾਂਦੇ ਹਨ, ਉਹ ਹੁਣ ਪੰਜਾਬ ਵਿੱਚ ਇੱਕ ਪੈਸਾ ਵੀ ਇਨਵੈਸਟ ਨਹੀਂ ਕਰਦੇ। ਪੰਜਾਬ ਵਿੱਚ ਉਨਾਂ ਨੂੰ ਆਪਣੀਆਂ ਜਾਇਦਾਦਾਂ ਸੁਰੱਖਿਅਤ ਨਹੀਂ ਲੱਗਦੀਆਂ। ਕੋਈ ਸਮਾਂ ਹੁੰਦਾ ਸੀ ਜਦੋਂ ਪਰਵਾਸੀ ਪੰਜਾਬ ਵਿੱਚ ਜਾਇਦਾਦਾਂ ਖਰੀਦਦੇ ਸਨ। ਹੁਣ ਤਾਂ ਕਰੋੜਾਂ ਰੁਪਇਆ ਪੰਜਾਬ ਵਿੱਚੋਂ ਫੀਸਾਂ ਦੇ ਰੂਪ ਵਿੱਚ ਬਾਹਰ ਜਾ ਰਿਹਾ ਹੈ। ਇਕੱਲੀ ਇਹੋ ਗੱਲ ਨਹੀਂ, ਸਗੋਂ ਬਦਕਿਸਮਤੀ ਦੀ ਗੱਲ ਤਾਂ ਇਹ ਹੈ ਕਿ ਸਾਡੀ ਨੌਜਵਾਨਾਂ ਦੀ ਕਰੀਮ ਜਿਹੜੇ ਦਿਮਾਗੀ ਹੁਸ਼ਿਆਰ ਵਿਦਿਆਰਥੀ ਹਨ, ਉਨਾਂ ਦਾ ਲਾਭ ਬਾਹਰਲੇ ਦੇਸ ਲੈ ਰਹੇ ਹਨ। ਪਰਵਾਸ ਵਿੱਚ ਭਾਰਤੀ ਡਾਕਟਰ, ਇੰਜਨੀਅਰ ਅਤੇ ਵਿਗਿਆਨੀਆਂ ਦਾ ਬੋਲਬਾਲਾ ਹੈ। ਟਰਾਂਸਪੋਰਟ ਅਤੇ ਹੋਟਲ ਇੰਡਸਟਰੀ ਵਿੱਚ ਪੰਜਾਬੀਆਂ ਦਾ ਕਬਜ਼ਾ ਹੈ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਇਸੇ ਰਫਤਾਰ ਨਾਲ ਪੰਜਾਬੀਆਂ ਦਾ ਪਰਵਾਸ ਵਿੱਚ ਜਾਣਾ ਜਾਰੀ ਰਿਹਾ ਤਾਂ ਪੰਜਾਬ ਦੇ ਪਿੰਡਾਂ ਦੇ ਘਰਾਂ ਵਿੱਚ ਸਿਰਫ ਬਜ਼ੁਰਗ ਹੀ ਰਹਿ ਜਾਣਗੇ, ਜਿਹੜੇ ਆਪਣੇ ਬੱਚਿਆਂ ਦੇ ਮੂੰਹ ਵੇਖਣ ਲਈ ਤਰਸਦੇ ਰਹਿਣਗੇ।

**ਉਜਾਗਰ ਸਿੰਘ**

## ਭਾਰਤ ਵਿਚ ਅਜੇ ਵੀ ਸੁਰੱਖਿਅਤ ਨਹੀਂ ਹਨ ਔਰਤਾਂ

ਅਜੋਕੇ ਅਗਾਂਹਵਧੂ ਯੁੱਗ ਅੰਦਰ ਔਰਤਾਂ ਦੀ ਸੁਰੱਖਿਆ ਅੱਜ ਵੀ ਸ਼ੱਕ ਦੇ ਘੇਰੇ ਹੇਠ ਹੈ, ਜਿਸ ਦੀ ਸ਼ੁਰੂਆਤ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਜਾਂਦੀ ਹੈ ਤੇ ਪੂਰੀ ਉਮਰ ਅਸੁਰੱਖਿਅਤਾ ਦੇ ਆਲਮ 'ਚ ਗੁਜ਼ਰਦੀ ਹੈ। ਔਰਤ ਜਨਮ ਤੋਂ ਬਾਅਦ ਜਵਾਨੀ 'ਚ ਪੈਰ ਧਰਦੇ ਹੀ ਸਮਾਜ ਦੇ ਖ਼ੁਦਗਰਜ਼ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਅਤੇ ਹਰਕਤਾਂ ਦੀ ਸ਼ਿਕਾਰ ਹੁੰਦੀ ਹੈ, ਜੋ ਔਰਤ ਨੂੰ ਸਰੀਰਕ ਅਤੇ ਮਾਨਸਿਕ ਰੂਪ 'ਚ ਜ਼ਖ਼ਮੀ ਕਰਦੀਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜੇ ਹੈਰਾਨ ਕਰਨ ਵਾਲੇ ਹਨ ਕਿ ਜਬਰ ਜਨਾਹ ਦੇ 94 ਫ਼ੀਸਦੀ ਦਰਜ ਮਾਮਲਿਆਂ ਵਿਚ ਦੋਸ਼ੀ ਪੀੜਤਾ ਦੇ ਕਰੀਬੀ ਸਨ, ਜਿਸ ਵਿਚ ਦਾਦਾ, ਭਰਾ ਜਾਂ ਪੁੱਤਰ ਤੱਕ ਵੀ ਸ਼ਾਮਿਲ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਦੇਸ਼ ਅੰਦਰ ਸੰਨ 2010 ਤੋਂ ਬਾਅਦ ਜਬਰ ਜਨਾਹ ਮਾਮਲਿਆਂ 'ਚ 7.5 ਫ਼ੀਸਦੀ ਵਾਧਾ ਹੋਇਆ ਹੈ। ਜਬਰ ਜਨਾਹ ਦੀਆਂ ਸ਼ਿਕਾਰ ਜ਼ਿਆਦਾਤਰ ਔਰਤਾਂ, ਜਿਨਾਂ ਦੀ ਉਮਰ 18 ਤੋਂ 30 ਸਾਲ ਵਿਚਕਾਰ ਹੈ, ਵਿਚੋਂ ਹਰ ਤੀਸਰੀ ਪੀੜਤਾ ਦੀ ਉਮਰ 18 ਸਾਲ ਤੋਂ ਘੱਟ ਹੈ। ਰਿਪੋਰਟ ਅਨੁਸਾਰ ਪੂਰੇ ਦੇਸ਼ ਵਿਚ ਜਬਰ ਜਨਾਹ ਦੇ 36,859 ਮਾਮਲਿਆਂ ਵਿਚ ਬੱਚੀਆਂ ਜਾਂ ਔਰਤਾਂ ਦੇ ਜਿਸਮਾਨੀ ਸ਼ੋਸ਼ਣ ਵਿਚ ਮੁਲਜ਼ਮ ਜਾਣਕਾਰ ਪਾਏ ਗਏ ਹਨ। ਸਾਲ 2016 ਵਿਚ ਦੁਸ਼ਕਰਮ ਦੇ 630 ਮਾਮਲੇ ਦਾਦਾ, ਭਰਾ, ਪਿਤਾ ਆਦਿ ਨਾਲ ਸਬੰਧਿਤ ਹਨ ਜਦ ਕਿ 1087 ਮਾਮਲੇ ਬੇਹੱਦ ਕਰੀਬੀ ਰਿਸ਼ਤੇਦਾਰਾਂ ਨੂੰ ਦੋਸ਼ੀ ਠਹਿਰਾਉਂਦੇ ਹਨ। ਸਾਲ 2015 ਪੂਰੇ ਦੇਸ਼ ਅੰਦਰ ਦੁਸ਼ਕਰਮ ਦੇ ਕੁੱਲ ਮਾਮਲਿਆਂ 'ਚੋਂ 2173 ਮਾਮਲੇ ਰਿਸ਼ਤੇਦਾਰਾਂ ਨਾਲ ਸਬੰਧਿਤ ਸਨ ਅਤੇ 10,520 ਮਾਮਲਿਆਂ 'ਚ ਦੋਸ਼ੀ ਗੁਆਂਢੀ ਸਨ। ਸਾਲ 2013 ਦੇ ਅੰਕੜਿਆਂ ਅਨੁਸਾਰ ਦੇਸ਼ ਅੰਦਰ 24,923 ਜਬਰ ਜਨਾਹ ਦੇ ਕੇਸ ਸਾਹਮਣੇ ਆਏ ਹਨ, ਇਨਾਂ 'ਚੋਂ 24,470 ਕੇਸਾਂ ਦਾ ਹੈਰਾਨੀਜਨਕ ਸੱਚ ਇਹ ਹੈ ਕਿ ਜਬਰ ਜਨਾਹ ਜਾਣਕਾਰਾਂ ਦੁਆਰਾ ਕੀਤਾ ਗਿਆ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਸਭ ਤੋਂ ਜ਼ਿਆਦਾ ਦੁਰਾਚਾਰ ਹੋਏ। ਸੰਨ 2002-11 ਤੱਕ ਸਾਲਾਨਾ ਔਸਤਨ 22 ਹਜ਼ਾਰ ਜਬਰ ਜਨਾਹ ਹੋਏ। ਪਿਛਲੇ ਦੋ ਦਹਾਕਿਆਂ ਦੌਰਾਨ ਜਬਰ ਜਨਾਹ ਦੇ ਕੇਸਾਂ ਵਿਚ 30 ਫ਼ੀਸਦੀ ਵਾਧਾ ਹੋਇਆ ਹੈ। ਦੇਸ਼ ਵਿਚ ਹਰ ਰੋਜ਼ ਔਸਤਨ 92 ਜਬਰ ਜਨਾਹ ਦੇ ਕੇਸ ਦਰਜ ਹੁੰਦੇ ਹਨ ਜਦ ਕਿ ਦਿੱਲੀ 'ਚ ਹਰ ਰੋਜ਼ 4 ਜਬਰ ਜਨਾਹ ਦੇ ਕੇਸ ਦਰਜ ਹੁੰਦੇ ਹਨ। ਦੁਨੀਆ ਦੇ ਦਸ ਦੇਸ਼ ਜਿੱਥੇ ਦੁਸ਼ਕਰਮ ਜ਼ਿਆਦਾ ਹੁੰਦੇ ਹਨ ਉਨਾਂ ਵਿਚ ਭਾਰਤ ਦਾ ਤੀਜਾ ਸਥਾਨ ਹੈ।

ਇਕ ਅਨੁਮਾਨ ਅਨੁਸਾਰ ਸੰਸਾਰ ਅੰਦਰ ਔਸਤਨ ਤੇਜ਼ਾਬ ਸੁੱਟਣ ਦੇ 1500 ਕੇਸ ਹਰ ਸਾਲ ਰਿਕਾਰਡ ਹੁੰਦੇ ਹਨ। ਭਾਰਤ ਵਿਚ ਸੰਨ 2002-10 ਤੱਕ 174 ਤੇਜ਼ਾਬ ਸੁੱਟਣ ਦੇ ਕੇਸ ਸਾਹਮਣੇ ਆਏ ਜੋ ਸਰਕਾਰੀ ਫਾਈਲਾਂ ਦੇ ਨਾਲ ਸਮਾਜਿਕ ਚਿਹਰੇ ਮੋਹਰੇ ਨੂੰ ਕਰੂਪ ਕਰਦੇ ਹਨ। ਕੌਮਾਂਤਰੀ ਪੱਧਰ 'ਤੇ 33 ਫ਼ੀਸਦੀ ਔਰਤਾਂ ਘਰੇਲੂ ਹਿੰਸਾ ਦੀਆਂ ਸ਼ਿਕਾਰ ਹਨ ਜਦ ਕਿ ਸਾਡੇ ਦੇਸ਼ ਵਿਚ 43 ਫ਼ੀਸਦੀ ਔਰਤਾਂ ਘਰੇਲੂ ਹਿੰਸਾ ਦੀਆਂ ਸ਼ਿਕਾਰ ਹਨ, ਜਿਸ ਵਿਚ ਪੜੇ ਲਿਖੇ ਅਤੇ ਸਰਦੇ-ਪੁੱਜਦੇ ਘਰਾਂ ਦੀਆਂ ਔਰਤਾਂ ਵੀ ਸ਼ਾਮਿਲ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਘਰੇਲੂ ਹਿੰਸਾ ਵਿਚ ਦਿੱਲੀ ਪਹਿਲੇ ਸਥਾਨ 'ਤੇ ਹੈ। ਪੂਰੇ ਮੁਲਕ ਅੰਦਰ ਘਰੇਲੂ ਹਿੰਸਾ ਦੇ 12,218 ਮਾਮਲੇ ਸਾਹਮਣੇ ਆਏ ਹਨ। ਰਾਜਧਾਨੀ ਦਿੱਲੀ ਵਿਚ ਪਤੀ ਜਾਂ ਰਿਸ਼ਤੇਦਾਰਾਂ ਦੇ ਅੱਤਿਆਚਾਰਾਂ ਦਾ ਸ਼ਿਕਾਰ ਔਰਤਾਂ ਦੇ 3645 ਮਾਮਲੇ ਸਾਹਮਣੇ ਆਏ ਹਨ, ਹੈਦਰਾਬਾਦ 'ਚ 1311 ਅਤੇ ਜੈਪੁਰ ਵਿਚ 1008 ਮਾਮਲੇ ਦਰਜ ਹੋਏ ਹਨ।

ਇਸ ਵਰਤਾਰੇ ਦੇ ਕਾਰਨ ਬਹੁਤ ਜ਼ਿਆਦਾ ਹਨ ਜਿਸ 'ਚ ਮੁੱਖ ਤੌਰ 'ਤੇ ਨਸ਼ੇ, ਬੇਰੁਜ਼ਗਾਰੀ, ਮਾਪਿਆਂ ਦੀ ਅਣਗਹਿਲੀ, ਇੰਟਰਨੈੱਟ ਦੀ ਦੁਰਵਰਤੋਂ ਅਤੇ ਕਈ ਸਮਾਜਿਕ ਕਾਰਨ ਹਨ ਜੋ ਲੋਕਾਂ ਨੂੰ ਖ਼ਾਸ ਕਰਕੇ ਨੌਜਵਾਨਾਂ ਨੂੰ ਘਿਨੌਣੇ ਕੰਮਾਂ ਲਈ ਪ੍ਰੇਰਦੇ ਹਨ। ਮਨੋਰੰਜਨ ਉਦਯੋਗ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ।

ਅਜੋਕੇ ਸਮੇਂ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਜੋ ਕਿਸੇ ਦੀ ਆਬਰੂ ਤਾਰ-ਤਾਰ ਨਾ ਹੋਵੇ। ਸ਼ੱਕੀ ਔਰਤਾਂ 'ਤੇ ਲਗਾਮ ਕੱਸੀ ਜਾਵੇ ਬੇਕਸੂਰਾਂ ਦੀ ਜਗਾ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ। ਸਜ਼ਾ ਦੇ ਨਾਲ ਨੈਤਿਕ ਸਿੱਖਿਆ ਵੀ ਸਿੱਖਿਆ ਪ੍ਰਣਾਲੀ 'ਚ ਸ਼ਾਮਿਲ ਕੀਤੀ ਜਾਵੇ ਅਤੇ ਇਸ ਦੀ ਜਗਾ ਲੋਕਾਂ ਦੇ ਦਿਲ ਦਿਮਾਗ 'ਚ ਬਣਾਈ ਜਾਵੇ।

**ਗੁਰਤੇਜ ਸਿੰਘ**

## ਅਪਰਾਧ ਦੀ ਰਾਹ 'ਤੇ ਪੰਜਾਬੀ

ਲੰਡਨ ਤੋਂ ਆਈ ਇਕ ਖ਼ਬਰ ਨੇ ਸਾਰਿਆਂ ਨੂੰ ਉਦੋਂ ਹਿਲਾ ਕੇ ਰੱਖ ਦਿੱਤਾ ਜਦੋਂ ਸਿੱਖਾਂ ਦੇ ਦੋ ਧੜਿਆਂ ਦੀ ਝੜਪ 'ਚ ਤਿੰਨ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ।

ਲੰਡਨ ਤੋਂ ਆਈ ਇਕ ਖ਼ਬਰ ਨੇ ਸਾਰਿਆਂ ਨੂੰ ਉਦੋਂ ਹਿਲਾ ਕੇ ਰੱਖ ਦਿੱਤਾ ਜਦੋਂ ਸਿੱਖਾਂ ਦੇ ਦੋ ਧੜਿਆਂ ਦੀ ਝੜਪ 'ਚ ਤਿੰਨ ਪੰਜਾਬੀ ਨੌਜਵਾਨਾਂ ਦੀ ਮੌਤ ਹੋ ਗਈ। ਐਤਵਾਰ ਨੂੰ ਸੈਵਨ ਕਿੰਗਜ਼ ਰੇਲਵੇ ਸਟੇਸ਼ਨ ਨੇੜੇ ਦੇਰ ਸ਼ਾਮ ਸੱਤ ਵਜੇ ਤੇਜ਼ਧਾਰ ਹਥਿਆਰਾਂ ਨਾਲ ਹਮਲਾਵਰ ਤਿੰਨ ਨੌਜਵਾਨਾਂ ਨੂੰ ਲਹੂ-ਲੁਹਾਨ ਕਰ ਕੇ ਦੌੜ ਗਏ। ਮੌਕੇ 'ਤੇ ਇਲਾਜ ਮਿਲਣ ਦੇ ਬਾਵਜੂਦ ਤਿੰਨਾਂ ਦੀ ਮੌਤ ਹੋ ਗਈ। ਦੋ ਦੋਸ਼ੀ ਫੜੇ ਗਏ ਹਨ। ਪੁਲਿਸ ਨੌਜਵਾਨਾਂ ਦੀ ਪਛਾਣ ਦੇ ਆਧਾਰ 'ਤੇ ਉਨਾਂ ਦੇ ਪਰਿਵਾਰਾਂ ਦੀ ਭਾਲ ਕਰ ਰਹੀ ਹੈ। ਲਗਪਗ 20 ਤੋਂ 30 ਸਾਲ ਉਮਰ ਵਰਗ ਦੇ ਨੌਜਵਾਨਾਂ 'ਤੇ ਤੇਜ਼ਧਾਰ ਹਥਿਆਰਾਂ ਤੇ ਹਥੌੜਿਆਂ ਨਾਲ ਹਮਲਾ ਕੀਤਾ ਗਿਆ ਸੀ। ਕਤਲ ਦਾ ਕਾਰਨ ਪੈਸਿਆਂ ਦਾ ਲੈਣ-ਦੇਣ ਮੰਨਿਆ ਜਾ ਰਿਹਾ ਹੈ। ਇਹ ਗੱਲ ਪਰੇਸ਼ਾਨ ਕਰਨ ਵਾਲੀ ਹੈ ਕਿ ਵਿਦੇਸ਼ 'ਚੋਂ ਹਰ ਦੂਜੇ-ਚੌਥੇ ਹਫ਼ਤੇ ਕਿਸੇ ਨਾ ਕਿਸੇ ਪੰਜਾਬੀ ਨੌਜਵਾਨ ਦੀ ਮੌਤ ਦੀ ਖ਼ਬਰ ਆ ਜਾਂਦੀ ਹੈ। ਇੱਥੇ ਮਾਪੇ ਆਪਣਾ ਸਭ ਕੁਝ ਵੇਚ ਕੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ ਅਤੇ ਉੱਥੇ ਜਾ ਕੇ ਉਹ ਜਾਨਾਂ ਗੁਆ ਰਹੇ ਹਨ। ਪੰਜਾਬ ਤੇ ਪੰਜਾਬੀਅਤ ਛੱਡ ਕੇ ਡਾਲਰ ਕਮਾਉਣ ਲਈ ਸੱਤ ਸਮੁੰਦਰ ਪਾਰ ਗਏ ਪੰਜਾਬੀ ਹੁਣ ਜੁਰਮ ਦੀ ਦਲਦਲ 'ਚ ਫਸ ਰਹੇ ਹਨ। ਦੂਜੇ ਨੰਬਰ 'ਤੇ ਫ਼ਿਲੀਪੀਨਜ਼ 'ਚ ਵਿਆਜ ਦੇ ਕਾਰੋਬਾਰ 'ਚ ਪੰਜਾਬੀ ਇਕ-ਦੂਜੇ ਨੂੰ ਮਰਵਾ ਰਹੇ ਹਨ ਤੇ ਤੀਜੇ ਨੰਬਰ 'ਤੇ ਕੈਨੇਡਾ ਹੈ ਜਿੱਥੇ ਨਸ਼ੇ ਦੇ ਕਾਰੋਬਾਰ 'ਚ ਹੁਣ ਤਕ 200 ਦੇ ਲਗਪਗ ਪੰਜਾਬੀ ਨੌਜਵਾਨ ਨਸ਼ਾ ਤਸਕਰਾਂ ਦੀ ਆਪਸੀ ਲੜਾਈ ਕਾਰਨ ਜਾਨ ਗੁਆ ਚੁੱਕੇ ਹਨ। ਹਾਲਾਂਕਿ ਸਖ਼ਤ ਕਾਨੂੰਨ ਸਦਕਾ ਇੰਗਲੈਂਡ 'ਚ ਅਜਿਹੇ ਮਾਮਲੇ ਬਹੁਤ ਘੱਟ ਵਾਪਰਦੇ ਹਨ। ਲਗਪਗ 100 ਸਾਲ ਪਹਿਲਾਂ ਪੰਜਾਬੀਆਂ ਨੇ ਵਿਦੇਸ਼ ਵੱਲ ਮੂੰਹ ਕੀਤਾ ਸੀ। ਵੱਖ-ਵੱਖ ਦੇਸ਼ਾਂ ਖ਼ਾਸ ਤੌਰ 'ਤੇ ਇੰਗਲੈਂਡ ਤੇ ਕੈਨੇਡਾ 'ਚ ਪੰਜਾਬੀਆਂ ਨੇ ਬਹੁਤ ਸ਼ੋਹਰਤ ਖੱਟੀ ਹੈ। ਸਿਆਸਤ 'ਚ ਤਾਂ ਕੈਨੇਡਾ ਦੀ ਟਰੂਡੋ ਸਰਕਾਰ 'ਚ ਪੰਜਾਬੀ ਐੱਮਪੀ ਤੇ ਪੰਜਾਬੀ ਕੈਬਨਿਟ ਮੰਤਰੀ ਵੀ ਬਣੇ ਪਰ ਮਾੜਾ ਇਹ ਹੋਇਆ ਕਿ ਨਾਲ ਦੀ ਨਾਲ ਪੰਜਾਬੀ ਅਪਰਾਧ ਵੱਲ ਵੀ ਮੁੜ ਗਏ। ਪੈਂਤੀ-ਚਾਲ ਸਾਲ ਪਹਿਲਾਂ ਤਕ ਅਪਰਾਧ 'ਚ ਪੰਜਾਬੀਆਂ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ ਸੀ। ਕੈਨੇਡਾ 'ਚ 1980 ਦੇ ਬਾਅਦ ਕੁਝ ਪੰਜਾਬੀ ਨੌਜਵਾਨ ਨਸ਼ਾ ਤਸਕਰੀ ਦੀ ਰਾਹ 'ਤੇ ਤੁਰੇ ਸਨ। ਅੱਜ ਇਸ ਕਰੋੜਾਂ ਦੇ ਵਪਾਰ 'ਚ ਅਨੇਕਾਂ ਪੰਜਾਬੀ ਗੈਂਗ ਸ਼ਾਮਲ ਹੋ ਚੁੱਕੇ ਹਨ। ਵੱਖ-ਵੱਖ ਦੇਸ਼ਾਂ 'ਚ ਡਰੱਗਜ਼, ਅਸਲੇ ਦੀ ਸਮੱਗਲਿੰਗ, ਡਾਕੇ, ਸੁਪਾਰੀ, ਫ਼ਰਾਡ, ਹਵਾਲਾ, ਜਾਅਲੀ ਕਰੰਸੀ, ਫਿਰੌਤੀਆਂ ਤੇ ਜੂਏ ਦੇ ਧੰਦੇ 'ਚ ਪੰਜਾਬੀ ਫੜੇ ਜਾ ਚੁੱਕੇ ਹਨ। ਇਕ ਰਿਪੋਰਟ ਮੁਤਾਬਕ ਪੰਜਾਬ ਤੋਂ ਆਈਲੈਟਸ ਕਰ ਕੇ ਵਿਦੇਸ਼ ਜਾਣ ਵਾਲੇ ਬੱਚੇ ਅਪਰਾਧ 'ਚ ਬਹੁਤ ਘੱਟ ਫਸੇ ਹਨ। ਕੌਣ ਜਾਣਦਾ ਹੈ ਕਿ ਕੋਈ ਕਦੋਂ ਇਸ ਰਾਹੇ ਤੁਰ ਪਵੇ ? ਇਹ ਗੱਲ ਸੋਚਣ ਵਾਲੀ ਹੈ ਕਿ ਆਖ਼ਰ ਕਿਉਂ ਸਾਡੇ ਨੌਜਵਾਨ ਵਿਦੇਸ਼ਾਂ 'ਚ ਜਾ ਕੇ ਅਪਰਾਧੀ ਬਣ ਰਹੇ ਹਨ ? ਪੜਾਈ ਲਈ ਵਿਦੇਸ਼ ਗਏ ਨੌਜਵਾਨਾਂ ਦੇ ਆਏ ਦਿਨ ਮਾਰਕੁੱਟ ਦੇ ਵੀਡੀਓ ਵਾਇਰਲ ਹੁੰਦੇ ਰਹਿੰਦੇ ਹਨ। ਇਹ ਗੱਲ ਦਰੁਸਤ ਹੈ ਕਿ ਜੇ ਪੰਜਾਬ 'ਚ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ਤਾਂ ਕੋਈ ਆਪਣਾ ਘਰ-ਬਾਰ ਛੱਡ ਕੇ ਵਿਦੇਸ਼ ਨਹੀਂ ਜਾਣਾ ਚਾਹੁੰਦਾ। ਜੇ ਨੌਜਵਾਨ ਅੱਜ ਪੰਜਾਬ 'ਚ ਨਹੀਂ ਰਹਿਣਾ ਚਾਹੁੰਦਾ ਤਾਂ ਇਸ ਵਾਸਤੇ ਸਰਕਾਰਾਂ ਹੀ ਜ਼ਿੰਮੇਵਾਰ ਹਨ। ਅਜਿਹੇ 'ਚ ਮਾਪਿਆਂ ਨੂੰ ਬੱਚਿਆਂ ਦਾ ਖ਼ਿਆਲ ਰੱਖਣਾ ਪਵੇਗਾ ਤਾਂ ਜੋ ਉਨਾਂ ਨੂੰ ਅਪਰਾਧ ਵੱਲ ਜਾਣ ਤੋਂ ਰੋਕਿਆ ਜਾ ਸਕੇ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਇੱਥੇ ਹੀ ਰੁਜ਼ਗਾਰ ਮੁਹੱਈਆ ਕਰਵਾਏ।

**ਜਗਜੀਤ ਸਿੰਘ**

# ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਅਤੇ ਆਮ ਆਦਮੀ ਪਾਰਟੀ ਦਾ ਭਵਿੱਖ

**- ਡਾ. ਰਾਜਿੰਦਰ ਪਾਲ ਸਿੰਘ ਬਰਾੜ**

ਦਿੱਲੀ ਵਿਧਾਨ ਸਭਾ ਦੀਆਂ ਬਿਗਲ ਵੱਜ ਗਿਆ ਹੈ। 8 ਫਰਵਰੀ ਨੂੰ ਵੋਟਾਂ ਪੈਣੀਆਂ ਹਨ ਅਤੇ 11 ਫਰਵਰੀ ਨੂੰ ਨਤੀਜੇ ਆ ਜਾਣੇ ਹਨ। ਇਨਾਂ ਚੋਣਾਂ ਨੇ ਨਾ ਕੇਵਲ ਆਮ ਆਦਮੀ ਪਾਰਟੀ ਦੇ ਦਿੱਲੀ ਅਤੇ ਪੰਜਾਬ ਵਿੱਚ ਭਵਿੱਖ ਨੂੰ ਨਿਰਧਾਰਤ ਕਰਨਾ ਹੈ ਸਗੋਂ ਦੇਸ਼ ਦੇ ਭਵਿੱਖ ਦੀ ਰਾਜਨੀਤੀ ਦਾ ਰਾਹ ਵੀ ਤੈਅ ਕਰ ਦੇਣਾ ਹੈ। ਇਹ ਚੋਣਾਂ ਅਜਿਹੇ ਸਮੇਂ ਹੋ ਰਹੀਆਂ ਹਨ ਜਦੋਂ ਸਮੁੱਚੇ ਦੇਸ਼ ਦੀ ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸਥਿਤੀ ਬੁਰੀ ਤਰਾਂ ਉਲਝੀ ਹੋਈ ਇੱਕ ਚੌਰਾਹੇ ਉੱਤੇ ਖੜੀ ਹੈ। ਇਸ ਸਮੇਂ ਦੇਸ਼ ਆਰਥਿਕ ਤੌਰ ਉੱਤੇ ਚੰਦ ਕਾਰਪੋਰੇਟ ਘਰਾਣਿਆਂ ਦਾ ਗ਼ੁਲਾਮ ਹੋ ਚੁੱਕਿਆ ਹੈ ਅਤੇ ਆਮ ਵਰਤਿਆ ਜਾਂਦਾ ਮੁਹਾਵਰਾ ਕਿ ਗ਼ਰੀਬ ਬੰਦਾ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ, ਹੀ ਸੱਚ ਸਾਬਤ ਨਹੀਂ ਹੋ ਰਿਹਾ, ਸਗੋਂ ਮੱਧਵਰਗ ਦੀਆਂ ਸੁਖ ਸਹੂਲਤਾਂ ਵੀ ਛਿਨ ਰਹੀਆਂ ਹਨ। ਸਮਾਜਿਕ ਤੌਰ ਉੱਤੇ ਫਿਰਕਾਪ੍ਰਸਤੀ ਦੀ ਵੰਡ ਹੋਰ ਤੇਜ਼ ਹੋਈ ਹੈ ਅਤੇ ਰਾਜਨੀਤੀ ਵਿੱਚ ਧਰੁਵੀਕਰਨ ਵਧ ਗਿਆ ਹੈ। ਅਜਿਹੀ ਸਥਿਤੀ ਵਿੱਚ ਆਮ ਨਾਗਰਿਕ ਕੋਲ ਕੋਈ ਆਸ ਦੀ ਕਿਰਨ ਨਹੀਂ ਬਚੀ। ਭਾਜਪਾ ਅਤੇ ਉਸਦੇ ਸਹਿਯੋਗੀਆਂ ਨੇ ਪਿਛਲੀਆਂ ਸੋਲਵੀਂਆਂ ਲੋਕਸਭਾ ਚੋਣਾਂ (2014) ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਕੇਂਦਰ ਅਤੇ ਰਾਜਾਂ ਵਿੱਚ ਚੱਲੇ ਲੰਮੇ ਸਮੇਂ ਕਾਂਗਰਸ ਦੇ ਰਾਜ ਦੌਰਾਨ ਕੀਤੀਆਂ ਬੱਜਰ ਗਲਤੀਆਂ ਨੂੰ ਉਭਾਰ ਕੇ ਜਿੱਤੀਆਂ ਸਨ। ਜਿੱਤਦਿਆਂ ਸਾਰ ਭ੍ਰਿਸ਼ਟਾਚਾਰੀ, ਬੇਰੁਜ਼ਗਾਰੀ, ਕੁਨਬਾਪਰਵਰੀ ਆਦਿ ਖ਼ਤਮ ਕਰਨ ਦੀ ਥਾਂ ਨੋਟਬੰਦੀ, ਜੀਐੱਸਟੀ ਵਰਗੇ ਸੁਧਾਰਾਂ ਦੇ ਨਾ ਥੱਲੇ ਆਮ ਆਦਮੀ ਦਾ ਕਚੂਮਰ ਕੱਢ ਦਿੱਤਾ ਸੀ ਅਤੇ ਕਾਰਪੋਰੇਟਾਂ ਨੂੰ ਮਾਲੋ ਮਾਲ ਕਰ ਦਿੱਤਾ।

ਭਾਜਪਾ ਨੇ ਇਸ ਸਮੇਂ ਦੌਰਾਨ ਕੇਂਦਰ ਦੀ ਰਾਜ ਮਸ਼ੀਨਰੀ ਨੂੰ ਚੰਗੀ ਤਰਾਂ ਸਮਝ ਲਿਆ ਤੇ ਆਪਣੀ ਸੰਘ ਦੀ ਵਿਚਾਰਧਾਰਾ ਦੇ ਪੱਖੀ ਭਰੋਸੇਯੋਗ ਵਿਅਕਤੀਆਂ ਨੂੰ ਮਹੱਤਵਪੂਰਨ ਅਹੁਦਿਆਂ ਉੱਤੇ ਬਿਠਾ ਦਿੱਤਾ। ਇਸਦੇ ਨਾਲ ਹੀ ਆਪਣੀ ਕਾਡਰ ਬੇਸ ਵੋਟ ਭੁਗਤਾਉ ਮਸ਼ੀਨ ਰਾਹੀਂ ਦੂਜੀ ਵਾਰ ਸਤਾਰਵੀਂ ਲੋਕਸਭਾ (2019) ਦੀ ਚੋਣ ਜਿੱਤ ਲਈ ਅਤੇ ਜਿੱਤਦਿਆਂ ਹੀ ਨਾ ਕੇਵਲ ਆਪਣੇ ਅਕਾਲੀ ਦਲ ਅਤੇ ਸ਼ਿਵ ਸੈਨਾ ਵਰਗੇ ਭਾਈਵਾਲਾਂ ਨੂੰ ਠੁੱਠ ਦਿਖਾ ਦਿੱਤਾ ਸਗੋਂ ਜੰਮੂ ਕਸ਼ਮੀਰ ਵਿੱਚ ਧਾਰਾ ਤਿੰਨ ਸੌ ਸੱਤਰ ਖਤਮ ਕਰਕੇ ਵੰਡ ਕਰ ਦਿੱਤੀ, ਰਾਮ ਮੰਦਰ ਦਾ ਫੈਸਲਾ ਕਰਵਾ ਦਿੱਤਾ (ਵੈਸੇ ਜੁਡੀਸ਼ਰੀ ਨੂੰ ਸਰਕਾਰੀ ਪ੍ਰਭਾਵ ਤੋਂ ਨਿਰਪੱਖ ਸਮਝਿਆ ਜਾਂਦਾ ਹੈ ਪਰ ਜਿਵੇਂ ਮੀਡੀਆ ਸਾਹਮਣੇ ਆ ਕੇ ਪਿਛਲੇ ਸਮੇਂ ਵਿੱਚ ਸੁਪਰੀਮ ਕੋਰਟ ਦੇ ਜੱਜ ਰੋਏ ਹਨ, ਸਭ ਕੁਝ ਸਮਝ ਵਿੱਚ ਆ ਜਾਂਦਾ ਹੈ ਕਿ ਜੁਡੀਸ਼ਰੀ ਕਿੰਨੀ ਕੁ ਆਜ਼ਾਦ ਹੈ। ਨਾਗਰਿਕਤਾ ਸੋਧ ਐਕਟ, ਰਾਸ਼ਟਰੀ ਨਾਗਰਿਕਤਾ ਰਜਿਸਟਰ, ਰਾਸ਼ਟਰੀ ਆਬਾਦੀ ਰਜਿਸਟਰ ਵਰਗੇ ਫੈਸਲੇ ਆਉਣੇ ਸ਼ੁਰੂ ਹੋ ਗਏ ਹਨ। ਅਸਲ ਵਿੱਚ ਲੋਕ ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ, ਕੁਨਬਾਪਰਵਰੀ, ਮਹਿੰਗਾਈ ਅਤੇ ਗਰੀਬੀ ਦਾ ਹੱਲ ਚਾਹੁੰਦੇ ਹਨ ਪਰ ਰਾਜ ਕਰਦੀ ਪਾਰਟੀ ਵੱਲੋਂ ਧਰਮ, ਜਾਤ ਦੇ ਮਸਲੇ ਉੱਤੇ ਉਲਝਾਇਆ ਜਾ ਰਿਹਾ ਹੈ। ਇਨਾਂ ਗ਼ਲਤ ਨੀਤੀਆਂ ਦਾ ਮੁੱਖ ਵਿਰੋਧ ਪਾਰਟੀ ਕਾਂਗਰਸ ਨੇ ਕਰਨਾ ਸੀ ਪਰ ਉਹ ਰੋਲ ਨਿਭਾਉਣ ਤੋਂ ਅਸਮਰੱਥ ਹੈ। ਕਾਂਗਰਸ ਵਿੱਚ ਨਾ ਕੇਵਲ ਸਿਖਰ ਲੀਡਰਸ਼ਿੱਪ ਦਾ ਹੀ ਸੰਕਟ ਹੈ ਸਗੋਂ ਉਹ ਪਰਿਵਾਰ ਤੋਂ ਬਾਹਰ ਜਾ ਹੀ ਨਹੀਂ ਸਕਦੀ ਅਤੇ ਪਰਿਵਾਰ ਦੇ ਜਾਨਸ਼ੀਨ ਕੋਲ ਕੋਈ ਸਿਆਸੀ ਯੋਗਤਾ ਨਹੀਂ ਜਾਪਦੀ

ਕਾਂਗਰਸ ਵੱਲੋਂ ਬੀਤੇ ਵਿੱਚ ਕੀਤੀਆਂ ਗ਼ਲਤੀਆਂ ਅਤੇ ਉਸ ਦੇ ਲੀਡਰਾਂ ਵੱਲੋਂ ਕੀਤੇ ਭ੍ਰਿਸ਼ਟਾਚਾਰ ਦਾ ਭੂਤ ਉਸਦਾ ਖਹਿੜਾ ਨਹੀਂ ਛੱਡ ਰਿਹਾ। ਸਾਰੀਆਂ ਖੇਤਰੀ ਪਾਰਟੀਆਂ ਜੋ ਕਿ ਆਮ ਕਰਕੇ ਸਥਾਨਕ ਭਾਸ਼ਾ, ਧਰਮ, ਸੱਭਿਆਚਾਰ ਦੀ ਰਾਖੀ ਅਤੇ ਰਾਜਾਂ ਨੂੰ ਵਧ ਅਧਿਕਾਰਾਂ ਦੇ ਨਾਂ ਹੇਠ ਸੱਤਾ ਵਿੱਚ ਆਈਆਂ ਸਨ, ਦਾ ਪ੍ਰਭਾਵ ਆਪੋ ਆਪਣੇ ਰਾਜਾਂ ਤੱਕ ਸੀਮਤ ਹੈ। ਐਮਰਜੈਂਸੀ ਵਿਰੋਧ ਵੀ ਇਨਾਂ ਨੂੰ ਇੱਕ ਹੋਰ ਇੱਕ ਜੁੱਟ ਕਰਨ ਅਤੇ ਤਾਕਤ ਦੇਣ ਵਾਲਾ ਲੱਛਣ ਸੀ ਪਰ ਇਹ ਸਭ ਖੇਤਰੀ ਪਾਰਟੀਆਂ ਸਮੇਂ ਨਾਲ ਨਾ ਕੇਵਲ ਪਰਿਵਾਰਵਾਦ ਦਾ ਸ਼ਿਕਾਰ ਹੋਈਆਂ ਸਗੋਂ ਭ੍ਰਿਸ਼ਟਾਚਾਰ ਵਿੱਚ ਘਿਰ ਗਈਆਂ। ਓਮ ਪ੍ਰਕਾਸ਼ ਚੌਟਾਲਾ ਤੋਂ ਲੈ ਕੇ ਲਾਲੂ ਪ੍ਰਸਾਦ ਯਾਦਵ ਅਤੇ ਮਰਹੂਮ ਜੈਲਲਿਤਾ ਤੋਂ ਲੈ ਕੇ ਬਾਦਲ ਪਰਿਵਾਰ ਤੱਕ ਲੰਮੀ ਸੂਚੀ ਹੈ। ਇਸ ਸਥਿਤੀ ਵਿੱਚ ਦੇਸ਼ ਕਿਸੇ ਨਵੇਂ ਬਦਲ ਦੀ ਤਲਾਸ਼ ਵਿੱਚ ਹੈ ਪਰ ਉਸ ਨੂੰ ਕੋਈ ਬਦਲ ਦਿਖਾਈ ਨਹੀਂ ਦੇ ਰਿਹਾ ਸੀ। ਇਨਾਂ ਪ੍ਰਸੰਗ ਵਿੱਚੋਂ ਭ੍ਰਿਸ਼ਟਾਚਾਰ ਵਿਰੋਧੀ ਅੰਨਾ ਹਜ਼ਾਰੇ ਦਾ ਅੰਦੋਲਨ ਹੋਂਦ ਵਿੱਚ ਆਇਆ ਤੇ ਜਿਸ ਵਿੱਚੋਂ ਆਮ ਆਦਮੀ ਪਾਰਟੀ ਨਿਕਲੀ ਸੀ। ਇਸ ਆਮ ਆਦਮੀ ਪਾਰਟੀ




ਦਾ ਪ੍ਰਭਾਵ ਦਿੱਲੀ ਅਤੇ ਪੰਜਾਬ ਵਿੱਚ ਹੀ ਬਣਿਆ। ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਪਹਿਲੀ ਵਾਰੀ (2014) 70 ਵਿੱਚੋਂ 28 ਅਤੇ ਦੂਜੀ ਵਾਰੀ (2015) 70 ਵਿੱਚੋਂ 67 ਸੀਟਾਂ ਜਿੱਤੀਆਂ। ਪੰਜਾਬ ਵਿੱਚ ਪਿਛਲੀਆਂ ਲੋਕ ਸਭਾ (2014) ਦੀਆਂ ਚਾਰ ਅਤੇ ਇਸ ਵਾਰ ਇੱਕ ਲੋਕ ਸਭਾ ਦੀ ਸੀਟ ਜਿੱਤਣ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਵਿੱਚ 20 ਐੱਮ ਐੱਲ ਏ ਨਾਲ ਵਿਰੋਧੀ ਧਿਰ ਦਾ ਦਰਜਾ ਪ੍ਰਾਪਤ ਕੀਤਾ ਹੈ।

ਹੁਣ ਜਦੋਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਹੋਇਆ, ਦੇਸ਼ ਨਾਗਰਿਕਤਾ ਸੋਧ ਬਿੱਲ ਨਾਲ ਜੁੜੇ ਮਸਲੇ ਜਿਵੇਂ ਰਾਸ਼ਟਰੀ ਅਬਾਦੀ ਰਜਿਸਟਰ, ਰਾਸ਼ਟਰੀ ਨਾਗਰਿਕਤਾ ਰਜਿਸਟਰ ਵਿੱਚ ਉਲਝਿਆ ਹੋਇਆ ਹੈ ਅਤੇ ਸਭ ਤੋਂ ਵਧ ਜੇਐੱਨਯੂ ਦੇ ਵਿਦਿਆਰਥੀਆਂ ਉੱਪਰ ਨਕਾਬਧਾਰੀਆਂ ਦੇ ਨਕਾਬ ਹੇਠ ਸੱਤਾਧਾਰੀ ਧਿਰ ਵੱਲੋਂ ਹਮਲਾ ਹੋਇਆ, ਜਿਸ ਵਿਰੁੱਧ ਦੇਸ਼ ਭਰ ਵਿੱਚ ਪ੍ਰਦਰਸ਼ਨ ਹੋ ਰਹੇ ਹਨ। ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਦੀਆਂ ਚੋਣਾਂ ਜਿੱਤਣ ਬਾਅਦ ਜਦੋਂ ਇਕੱਲਿਆਂ ਹੀ ਬਹੁਮਤ ਪ੍ਰਾਪਤ ਕਰ ਲਿਆ ਤਾਂ ਉਸਨੇ ਨਾ ਕੇਵਲ ਵਿਰੋਧੀਆਂ ਨੂੰ ਠੁੱਠ ਵਿਖਾ ਦਿੱਤਾ ਸੀ ਸਗੋਂ ਆਪਣੇ ਅਜਿੱਤ ਹੋਣ ਦਾ ਆਪ ਹੀ ਡੰਕਾ ਵਜਾ ਦਿੱਤਾ ਭਾਵੇਂ ਬਾਅਦ ਵਿੱਚ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਝਾਰਖੰਡ ਦੀਆਂ ਚੋਣਾਂ ਨੇ ਉਸ ਦਾ ਗਰੂਰ ਤੋੜ ਦਿੱਤਾ ਹੈ। ਇਸਦੇ ਨਾਲ ਹੀ ਜਿਹੜੀ ਖੇਡ ਉਸਨੇ ਕਰਨਾਟਕਾ ਵਿੱਚ ਖੇਡੀ ਸੀ, ਭਾਵ ਕੇਂਦਰ ਵਿੱਚ ਰਾਜ ਹੋਣ ਦਾ ਡਰਾਵਾ ਦੇ ਕੇ ਧੱਕਾ ਕੀਤਾ ਸੀ, ਉਹ ਮੰਤਰ ਮਹਾਰਾਸ਼ਟਰ ਵਿੱਚ ਨਹੀਂ ਚੱਲਿਆ।

ਇਸ ਰਾਜਨੀਤਕ ਪ੍ਰਸੰਗ ਵਿੱਚ ਦਿੱਲੀ ਦੀਆਂ ਚੋਣਾਂ ਬੜੀਆਂ ਅਹਿਮ ਹਨ। ਸਭ ਤੋਂ ਪਹਿਲੀ ਗੱਲ ਦਿੱਲੀ ਦੀਆਂ ਚੋਣਾਂ ਦਾ ਸਮਾਂ ਹੈ। ਜਿਸ ਸਮੇਂ ਦਿੱਲੀ ਦੀਆਂ ਚੋਣਾਂ ਹੋ ਰਹੀਆਂ ਹਨ ਉਸ ਸਮੇਂ ਦੇਸ਼ ਵਿੱਚ ਕੋਹਰਾਮ ਮੱਚਿਆ ਹੋਇਆ ਹੈ। ਸੱਤਾਧਾਰੀ ਧਿਰ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਆਪੋ ਆਪਣੀ ਜ਼ਮੀਨ ਤਲਾਸ਼ ਕਰ ਰਹੀਆਂ। ਦੂਸਰੇ ਪਾਸੇ ਭਾਵੇਂ ਦਿੱਲੀ ਨੂੰ ਸੰਪੂਰਨ ਰਾਜ ਦਾ ਦਰਜਾ ਪ੍ਰਾਪਤ ਨਹੀਂ ਹੈ ਪਰ ਦਿੱਲੀ ਦੇਸ਼ ਦਾ ਦਿਲ (ਰਾਜਧਾਨੀ) ਹੋਣ ਕਰਕੇ ਹੀ ਨਹੀਂ ਸਗੋਂ ਮੀਡੀਏ ਦਾ ਕੇਂਦਰ ਹੋਣ ਕਰਕੇ ਸਭ ਦਾ ਧਿਆਨ ਖਿੱਚਦੀ ਹੈ।

ਇਸ ਚੋਣ ਵਿੱਚ ਜੇ ਆਮ ਆਦਮੀ ਪਾਰਟੀ ਚੋਣਾਂ ਜਿੱਤਦੀ ਹੈ ਤਾਂ ਪ੍ਰਤੀਕਾਤਮਕ ਤੌਰ ਉੱਤੇ ਲੋਕਾਂ ਵਿੱਚ ਸੁਨੇਹਾ ਜਾਵੇਗਾ ਕਿ ਭਾਜਪਾ ਦਾ ਬਦਲ ਕਾਂਗਰਸ ਅਤੇ ਪੁਰਾਣੀਆਂ ਖੇਤਰੀ ਪਾਰਟੀਆਂ ਤੋਂ ਇਲਾਵਾ ਕੋਈ ਹੋਰ ਪਾਰਟੀ ਵੀ ਹੋ ਸਕਦੀ ਹੈ। ਇਹ ਗੱਲ ਵਿਧਾਨ ਸਭਾ ਤੋਂ ਅਗਲੀ ਲੋਕ ਸਭਾ ਚੋਣ ਵੱਲ ਵੀ ਫੈਲ ਸਕਦੀ ਹੈ, ਜਿਵੇਂ ਪਹਿਲਾਂ ਪੰਜਾਬ ਵਿੱਚ ਹੋਇਆ ਸੀ। ਦੂਜਾ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਹ ਪਾਰਟੀ ਕਿਸੇ ਵਿਸ਼ੇਸ਼ ਧਰਮ, ਜਾਤ, ਇਲਾਕੇ ਜਾਂ ਵਰਗ ਦੀ ਰਾਜਨੀਤੀ ਨਹੀਂ ਕਰਦੀ। ਇਸ ਲਈ ਇਹ ਭਾਜਪਾ, ਅਕਾਲੀ, ਬਸਪਾ, ਡੀਐੱਮਕੇ, ਕਮਿਊਨਿਸਟਾਂ ਤੋਂ ਵੱਖਰੀ ਰਾਜਨੀਤੀ ਹੈ। ਆਮ ਆਦਮੀ ਪਾਰਟੀ ਕੇਵਲ ਚੰਗੇ ਪ੍ਰਸ਼ਾਸਨ ਦੀ ਹੀ ਦੁਹਾਈ ਦਿੰਦੀ ਹੈ। ਇਸ ਤੋਂ ਕਿਸੇ ਇਨਕਲਾਬ ਦੀ ਆਸ ਨਹੀਂ ਰੱਖੀ ਜਾ ਸਕਦੀ ਪਰ ਘੱਟੋ ਘੱਟ ਪੱਛਮੀ ਦੇਸ਼ਾਂ ਵਰਗੀ ਵੈੱਲਫੇਅਰ ਸਟੇਟ ਅਤੇ ਚੁਸਤ ਦਰੁਸਤ ਪ੍ਰਸ਼ਾਸਨ ਦੀ ਆਸ ਰੱਖੀ ਜਾ ਸਕਦੀ ਹੈ।

ਆਰੰਭਕ ਸਮੇਂ ਆਮ ਆਦਮੀ ਪਾਰਟੀ ਨੇ ਕੁਝ ਗਲਤੀਆਂ ਵੀ ਕੀਤੀਆਂ, ਜਿਵੇਂ ਆਪਣੇ ਹੀ ਪੁਰਾਣੇ ਸਾਥੀਆਂ ਪ੍ਰਸ਼ਾਂਤ ਭੂਸ਼ਨ, ਯੋਗਿੰਦਰ ਯਾਦਵ, ਧਰਮਵੀਰ ਗਾਂਧੀ ਵਰਗਿਆਂ ਨੂੰ ਸਿੱਧੇ ਟੇਢੇ ਢੰਗ ਨਾਲ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ। ਇਸਦੇ ਨਾਲ ਹੀ ਪੰਜਾਬ ਵਿੱਚ ਸੁੱਚਾ ਸਿੰਘ ਛੋਟੇਪੁਰ, ਸੁਖਪਾਲ ਸਿੰਘ ਖਹਿਰਾ ਤੇ ਕੰਵਰ ਸੰਧੂ ਵਰਗਿਆਂ ਨੂੰ ਪਾਸੇ ਕੀਤਾ ਗਿਆ ਪਰ ਇਸਦਾ ਕੇਜਰੀਵਾਲ ਨੂੰ ਇੱਕ ਨਿੱਜੀ ਫ਼ਾਇਦਾ ਹੋਇਆ ਹੈ ਕਿ ਹੁਣ ਉਸ ਕੋਲ ਪੂਰੀ ਕੇਂਦਰੀ ਕਮਾਂਡ ਹੈ। ਉਹ ਇਕੱਲਾ ਲੀਡਰ ਹੈ ਜੋ ਸ਼ਾਇਦ ਸਿਧਾਂਤਕ ਤੌਰ ਉੱਤੇ ਲੋਕਤੰਤਰਕ ਪੱਖ ਵੱਲੋਂ ਤਾਂ ਠੀਕ ਨਾ ਹੋਵੇ ਪਰ ਉਸ ਕੋਲ ਹੁਣ ਦੂਜੀ ਪਾਰਟੀਆਂ ਦੇ ਲੀਡਰਾਂ ਵਾਂਗ ਹੀ ਫੈਸਲਾ ਲੈਣ ਦੀ ਤਾਕਤ ਆ ਗਈ ਹੈ।

ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੇ ਪੰਜਾਬ ਵਿੱਚ ਲੀਡਰਾਂ ਅਤੇ ਨਸ਼ਾ ਸਮਗਲਰਾਂ ਦੇ ਗੱਠਜੋੜ ਬਾਰੇ ਬਹੁਤ ਤਿੱਖਾ ਬੋਲਿਆ ਸੀ। ਇਸ ਨੂੰ ਲੋਕ ਪਸੰਦ ਵੀ ਕਰਦੇ ਸਨ ਕਿ ਕੋਈ ਵਿਅਕਤੀ ਸੱਚੀ ਗੱਲ ਨੂੰ ਮੂੰਹ ਉੱਤੇ ਕਹਿਣ ਦੀ ਜੁਰਅਤ ਰੱਖਦਾ ਹੈ ਪਰ ਇਸ ਮਾਮਲੇ ਵਿੱਚ ਜਦੋਂ ਬਿਕਰਮ ਸਿੰਘ ਮਜੀਠੀਏ ਨੇ ਵੱਡੀ ਰਕਮ ਵਾਲਾ ਫ਼ੌਜਦਾਰੀ ਹੱਤਕ ਇੱਜ਼ਤ ਦਾ ਮੁਕੱਦਮਾ ਕਰ ਦਿੱਤਾ ਤਾਂ ਮੁਆਫੀ ਮੰਗਣੀ ਪਈ ਜਿਸ ਕਾਰਨ ਨਾ ਕੇਵਲ ਪੰਜਾਬ ਦੀ ਲੀਡਰਸ਼ਿੱਪ ਨੂੰ ਨਮੋਸ਼ੀ ਝੱਲਣੀ ਪਈ ਸਗੋਂ ਪੰਜਾਬ ਅਤੇ ਕੇਂਦਰ ਦੀ ਲੀਡਰਸ਼ਿੱਪ ਵਿੱਚ ਪਾੜਾ ਵੀ ਵਧਿਆ ਸੀ। ਇਸ ਲਈ ਉਸ ਸਮੇਂ ਕੇਜਰੀਵਾਲ ਨੇ ਸਫਾਈ ਦਿੱਤੀ ਕਿ ਉਸਦਾ ਮੁਕੱਦਮਿਆਂ ਕਾਰਨ ਸਮੇਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਜਿਸ ਕਰਕੇ ਸਰਕਾਰ ਵੱਲ ਬਹੁਤਾ ਧਿਆਨ ਨਹੀਂ ਦੇ ਸਕਦਾ। ਇਹ ਗੱਲ ਸੱਚੀ ਸਾਬਤ ਹੋਈ। ਕੇਜਰੀਵਾਲ ਸਰਕਾਰ ਨੇ ਭਾਵੇਂ ਮੁਆਫੀ ਮੰਗ ਲਈ ਸੀ ਪਰ ਉਸ ਤੋਂ ਬਾਅਦ ਉਸ ਨੇ ਦਿੱਲੀ ਦੇ ਸਰਕਾਰੀ ਸਕੂਲਾਂ ਦੀ ਦਸ਼ਾ ਹੀ ਨਹੀਂ ਬਦਲੀ, ਸਗੋਂ ਸਿਹਤ ਸਹੂਲਤਾਂ ਲਈ ਮੁਹੱਲਾ ਕਲੀਨਿਕ ਬਣਾਉਣ, ਬਿਜਲੀ ਸਸਤੀ ਕਰਨ ਅਤੇ ਪਾਣੀ ਸਪਲਾਈ ਵਿੱਚ ਖਾਸਾ ਸੁਧਾਰ ਲਿਆਂਦਾ ਹੈ। ਸੋ ਕੀਤੇ ਕੰਮ ਹੁਣ ਉਸਦੇ ਕੰਮ ਆਉਣਗੇ। ਇਸੇ ਪ੍ਰਕਾਰ ਕੇਜਰੀਵਾਲ ਸਰਕਾਰ ਨੇ ਪਹਿਲਾਂ ਸੰਪੂਰਨ ਰਾਜ ਦੇ ਦਰਜੇ ਦੀ ਮੰਗ ਲਈ ਲੈਫਟੀਨੈਂਟ ਗਵਰਨਰ ਟਕਰਾਅ ਦਾ ਰੁਖ ਤਿਆਰ ਕੀਤਾ ਪਰ ਛੇਤੀ ਹੀ ਉਨਾਂ ਨੇ ਇਹ ਮਸਲਾ ਪਿੱਛੇ ਪਾ ਦਿੱਤਾ। ਇਸ ਫੈਸਲੇ ਨਾਲ ਵੀ ਕੇਜਰੀਵਾਲ ਨੂੰ ਫਾਇਦਾ ਹੋਇਆ ਹੈ ਕਿਉਂਕਿ ਦਿੱਲੀ ਵਿੱਚ ਅਮਨ ਕਨੂੰਨ ਦੀ ਸਥਿਤੀ ਕੇਂਦਰੀ ਗ੍ਰਹਿ ਮੰਤਰੀ ਅਧੀਨ ਆਉਂਦੀ ਹੋਣ ਕਰਕੇ ਸਾਰੀ ਜ਼ਿੰਮੇਵਾਰੀ ਉਸ ਉੱਪਰ ਪਾਈ ਜਾ ਸਕਦੀ ਹੈ ਅਤੇ ਆਮ ਆਦਮੀ ਪਾਰਟੀ ਆਖ ਸਕਦੀ ਹੈ ਕਿ ਅਸੀਂ ਤਾਂ ਅਮਨ ਕਾਨੂੰਨ ਵੀ ਸੁਧਾਰ ਦੇਣਾ ਸੀ ਪਰ ਸਾਡੇ ਕੋਲ ਤਾਂ ਅਧਿਕਾਰ ਹੀ ਨਹੀਂ ਸੀ। ਪਹਿਲੇ ਦੌਰ ਵਿੱਚ ਕੇਜਰੀਵਾਲ ਅਤੇ ਉਸ ਦੇ ਸਾਥੀ ਬਹੁਤ ਹਮਲਾਵਰ ਸਨ ਪਰ ਹੌਲੀ ਹੌਲੀ ਸਹਿਜ ਹੋ ਗਏ। ਇੱਥੋਂ ਤੱਕ ਕਿ ਧਾਰਾ ਤਿੰਨ ਸੌ ਸੱਤਰ, ਰਾਸ਼ਟਰੀ ਨਾਗਰਿਕ ਐਕਟ ਵਰਗੇ ਰਾਸ਼ਟਰੀ ਮੁੱਦਿਆਂ ਉੱਤੇ ਬੋਲਣ ਤੋਂ ਗੁਰੇਜ਼ ਕਰਦੇ ਰਹੇ। ਇੰਜ ਵੀ ਹੋ ਸਕਦਾ ਹੈ ਜਿਵੇਂ ਉਸ ਨੇ ਹਾਲ ਦੀ ਘੜੀ ਆਪਣੇ ਆਪ ਨੂੰ ਦਿੱਲੀ ਤੱਕ ਸੀਮਤ ਕਰ ਲਿਆ ਹੋਵੇ। ਇਸ ਮਸਲੇ ਉੱਤੇ ਭਗਵੰਤ ਮਾਨ ਤਾਂ ਬੋਲਿਆ ਜਦੋਂ ਕਿ ਕੇਜਰੀਵਾਲ ਚੁੱਪ ਰਿਹਾ ਇਸਦਾ ਆਪ ਦੀ ਦਿੱਲੀ ਇਕਾਈ ਨੂੰ ਫਾਇਦਾ ਹੋਇਆ ਕਿ ਉਹ ਵਾਧੂ ਝਮੇਲਿਆਂ ਤੋਂ ਬਚੇ ਰਹੇ ਪਰ ਇਸਦਾ ਪੰਜਾਬ ਇਕਾਈ ਨੂੰ ਨੁਕਸਾਨ ਹੋਇਆ ਹੈ।

ਬਾਕੀ ਸ਼ਫ਼ਾ 33 'ਤੇ

# ਤੀਜੀ ਜੰਗ ਲੜਨੀ ਪੈ ਰਹੀ ਹੈ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਲੜਕੀਆਂ ਨੂੰ

**= ਮਨਜਿੰਦਰ ਸਿੰਘ ਸਰੌਦ**

ਪਹਾੜੀ ਸੂਬੇ ਉੱਤਰਾਖੰਡ ਦੇ ਪਿੰਡ ਮਲਾਰੀ ਵਿਖੇ ਇੰਡੋ-ਤਿੱਬਤ ਬਾਰਡਰ ਪੁਲੀਸ ਵਿੱਚ ਡਿਪਟੀ ਕਮਾਂਡੈਂਟ ਦੇ ਅਹੁਦੇ 'ਤੇ ਤਾਇਨਾਤ ਕਰੁਣਾਜੀਤ ਕੌਰ ਨਾਲ ਲਗਭਗ 7 ਮਹੀਨੇ ਪਹਿਲਾਂ 9 ਅਤੇ 10 ਜੂਨ ਦੀ ਰਾਤ ਨੂੰ ਵਾਪਰੀ ਮੰਦਭਾਗੀ ਘਟਨਾ ਸਬੰਧੀ ਇਨਸਾਫ਼ ਦੀ ਲੜਾਈ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਹੋਣ ਤੋਂ ਬਾਅਦ ਵੀ ਗੱਲ ਕਿਸੇ ਤਣ- ਪੱਤਣ ਨਾ ਲੱਗੀ। ਉਸ ਨਾਲ ਵਾਪਰੀ ਬੇਹੱਦ ਘਿਨਾਉਣੀ ਘਟਨਾ ਤੋਂ ਬਾਅਦ, ਉਸ ਨੇ ਫੈਸਲਾ ਕੀਤਾ ਕਿ ਸੁਰੱਖਿਆ ਫੋਰਸਾਂ ਵਿੱਚ ਸੰਤਾਪ ਭੋਗ ਰਹੀਆਂ ਹੋਰਨਾਂ ਲੜਕੀਆਂ ਦੀ ਆਵਾਜ਼ ਬਣਕੇ ਉਸ ਨੂੰ ਸੰਘਰਸ਼ ਕਰਨਾ ਚਾਹੀਦਾ ਹੈ, ਇਸ ਲਈ ਉਸ ਨੇ ਡਿਪਟੀ ਕਮਾਂਡੈਂਟ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਪਹਿਲਾਂ ਆਪਣੇ ਉੱਚ ਅਧਿਕਾਰੀਆਂ ਕੋਲ ਅਤੇ ਬਾਅਦ ਵਿੱਚ ਅਦਾਲਤ ਰਾਹੀਂ ਇਨਸਾਫ ਦੀ ਜੰਗ ਸ਼ੁਰੂ ਕੀਤੀ ਹੈ।

ਹੈਰਾਨੀ ਦੀ ਗੱਲ ਹੈ ਕਿ ਇਨਾਂ ਸੰਵੇਦਨਸ਼ੀਲ ਅਤੇ ਔਰਤਾਂ ਦੀ ਰੱਖਿਆ ਨਾਲ ਜੁੜਿਆ ਮਾਮਲਾ ਹੋਣ ਦੇ ਬਾਵਜੂਦ ਵੀ ਉਸ ਦੇ ਨਾਲ ਵਧੀਕੀ ਕਰਨ ਵਾਲੇ ਉਸ ਦੇ ਜੂਨੀਅਰ ਪੁਲਿਸ ਜਵਾਨ ਨੂੰ ਅੱਜ ਤੱਕ ਸਬੰਧਤ ਵਿਭਾਗ ਨੇ ਕੋਈ ਸਜ਼ਾ ਨਹੀਂ ਦਿੱਤੀ। ਲੰਘੀ 9 ਅਤੇ 10 ਜੂਨ ਦੀ ਵਿਚਕਾਰਲੀ ਰਾਤ ਨੂੰ ਚੀਨ ਦੇ ਬਾਰਡਰ ਨਾਲ ਖਹਿੰਦੀਆਂ ਪਹਾੜੀਆਂ 'ਤੇ ਡਿਊਟੀ ਦੌਰਾਨ ਇੰਡੋ-ਤਿੱਬਤ ਪੁਲਿਸ ਦੀ ਡਿਪਟੀ ਕਮਾਂਡੈਂਟ ਬੀਬੀ ਕਰੁਣਾਜੀਤ ਕੌਰ ਨਾਲ ਉਥੇ ਹੀ ਡਿਊਟੀ 'ਤੇ ਤਾਇਨਾਤ ਪੁਲਿਸ ਦੇ ਇਕ ਜਵਾਨ ਵੱਲੋਂ ਬੇਹੱਦ ਮਾੜੀ ਘਟਨਾ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਨੂੰ ਬੀਬੀ ਕਰੁਣਾਜੀਤ ਕੌਰ ਨੇ ਬੜੀ ਦਲੇਰੀ ਨਾਲ ਨਕਾਰ ਦਿੱਤਾ ਸੀ, ਫਿਰ ਉਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਸੰਘਰਸ਼ ਸ਼ੁਰੂ ਕੀਤਾ, ਅੰਤ ਇਹ ਮਾਮਲਾ ਮੀਡੀਆ ਵਿੱਚ ਆਉਣ ਤੋਂ ਬਾਅਦ ਬੀਬੀ ਕਰੁਣਾਜੀਤ ਕੌਰ ਨੂੰ ਇਨਸਾਫ਼ ਦਿਵਾਉਣ ਲਈ ਵੱਡੇ ਪੱਧਰ 'ਤੇ ਚਰਚਾ ਹੋਈ।

ਸਮਾਜਿਕ 'ਤੇ ਮਨੁੱਖੀ ਅਧਿਕਾਰ ਜਥੇਬੰਦੀਆਂ 'ਚ ਇਹ ਮਾਮਲਾ ਲੰਬੇ ਸਮੇਂ ਤੋਂ ਲੋਕ ਵਿਸ਼ਾ ਬਣਿਆ ਹੋਇਆ ਹੈ, ਪਰ ਅਜੇ ਤੱਕ ਹੋਇਆ ਕੁਝ ਨਹੀਂ ਸ਼ਾਇਦ ਬਾਕੀ ਕੇਸਾਂ ਵਾਂਗ ਇਸ ਕੇਸ 'ਤੇ ਵੀ ਮਿੱਟੀ ਦੀ ਧੂੜ ਜੰਮ ਜਾਵੇਗੀ। ਇਸ ਤੋਂ ਇਲਾਵਾਂ ਦੇਸ਼ ਅੰਦਰ ਕਿੰਨੀਆਂ ਹੀ ਮਾਸੂਮ ਲੜਕੀਆਂ ਨਾਲ ਜਬਰ ਜ਼ਨਾਹ ਕੀਤੇ ਗਏ ਅਤੇ ਕਿੰਨੇ ਹੀ ਭੋਲੇ ਭਾਲੇ ਚਿਹਰਿਆਂ ਨੂੰ ਤੇਜ਼ਾਬ ਪਾ ਕੇ ਫੂਕ ਦਿੱਤਾ ਗਿਆ, ਬਹੁਤ ਸਾਰੀਆਂ ਮਾਸੂਮ ਜਿੰਦਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਤੋਂ ਬਾਅਦ ਅੱਗ ਦੇ ਹਵਾਲੇ ਕਰਕੇ ਸ਼ੈਤਾਨ ਲੋਕਾਂ ਨੇ ਸਬੂਤ ਮਿਟਾਉਣ ਦੀ ਕੋਸ਼ਿਸ਼ ਵੀ ਕੀਤੀ ,ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨਾਂ ਫਾਈਲਾਂ 'ਤੇ ਵੀ ਅੱਜ ਤੱਕ ਮੁੜ ਕੇ ਗੌਰ ਨਹੀਂ ਕੀਤਾ ਗਿਆ।

ਦਿੱਲੀ , ਨੋਇਡਾ ਕਠੂਆ ਅਤੇ ਹੈਦਰਾਬਾਦ ਦੀਆਂ ਘਟਨਾਵਾਂ 'ਤੇ ਜੇਕਰ ਝਾਤ ਮਾਰੀਏ ਕਲੇਜਾ ਮੂੰਹ ਨੂੰ ਆਉਂਦਾ ਹੈ ਅਤੇ ਰੂਹ ਕੰਬ ਜਾਂਦੀ ਹੈ ਇਨਾਂ ਘਟਨਾਵਾਂ ਨੂੰ ਯਾਦ ਕਰਕੇ। ਸਰਕਾਰਾਂ ਨੇ ਕਦੇ ਇਹ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਨਾਂ ਸਾਰੀਆਂ ਘਟਨਾਵਾਂ ਦੌਰਾਨ ਅਤੇ ਇਸ ਤੋਂ ਬਿਨਾਂ ਕਿਸੇ ਨਾ ਕਿਸੇ ਢੰਗ ਨਾਲ ਦਰਿੰਦਿਆਂ ਦਾ ਸ਼ਿਕਾਰ ਹੋਈਆਂ ਮਾਸੂਮ ਅਤੇ ਨੌਜਵਾਨ ਲੜਕੀਆਂ ਨੂੰ 'ਤੇ ਉਨਾਂ ਦੇ ਪਰਿਵਾਰਾਂ ਨੂੰ ਸ਼ੁਰੂ ਤੋਂ ਲੈ ਕੇ ਹੁਣ ਤੱਕ ਇਨਸਾਫ ਲੈਣ ਲਈ ਤਿਹਰੀ ਜੰਗ ਲੜਨੀ ਪੈ ਰਹੀ ਹੈ , ਪਹਿਲੀ ਜੰਗ ਤਾਂ ਇਨਾਂ ਅਭਾਗੀਆਂ ਨੇ ਆਪਣੇ ਨਾਲ ਹੋਈ ਅਣਹੋਣੀ ਘਟਨਾ ਸਮੇਂ ਲੜੀ ਜਿਸ ਨਾਲ ਇਨਾਂ ਦੇ ਅਰਮਾਨ ਤਾਰ ਤਾਰ ਹੋਏ। ਦੂਸਰੀ ਜੰਗ ਦਾ ਸਾਹਮਣਾ ਇਨਾਂ ਨੂੰ ਸਰਕਾਰਾਂ ਅਤੇ ਅਦਾਲਤਾਂ ਕੋਲੋਂ ਇਨਸਾਫ ਮੰਗਣ ਦੌਰਾਨ ਹੋ ਰਹੀ ਬੇ ਹਿਸਾਬ ਦੇਰੀ ਸਮੇਂ ਕਰਨਾ ਪੈ ਰਿਹਾ ਹੈ, ਕੋਰਟ ਕਚਹਿਰੀਆਂ ਦੇ ਚੱਕਰ ਮਾਰਦਿਆਂ ਹੌਸਲਾ ਟੁੱਟ ਚੁੱਕਿਆ ਹੈ ਇਨਾਂ ਲੜਕੀਆਂ ਦਾ।

ਤੀਸਰੀ ਜੰਗ ਇਨਾਂ ਨੂੰ ਆਪਣੇ ਪਰਿਵਾਰਾਂ ਅਤੇ ਆਪਣੇ ਆਪ ਦੇ ਲਈ ਰੋਜ਼ੀ-ਰੋਟੀ ਦਾ ਸਾਧਨ ਪੈਦਾ ਕਰਨ ਨੂੰ ਲੈ ਕੇ ਕਰਨੀ ਪੈ ਰਹੀ ਹੈ। ਕਦੇ ਨੇੜਿਓ ਵੇਖੋ ਇਨਾਂ ਅਬਲਾਵਾਂ ਦੇ ਸੀਨਿਓਂ ਨਿਕਲੇ ਦਰਦ ਨੂੰ ਕਿ ਇਨਾਂ ਦੇ ਵੀ ਅਰਮਾਨ ਸਨ ਜੋ ਹੁਣ ਟੁੱਟ ਚੁੱਕੇ ਨੇ, ਇਨਾਂ ਦੇ ਦਿਲ ਦੀ ਇੱਛਾ ਸੀ ਜੋ ਹੁਣ ਮਰ ਚੁੱਕੀ ਹੈ। ਕਦੇ ਬਲਾਤਕਾਰ , ਕਦੇ ਤੇਜ਼ਾਬ , ਕਦੇ ਸਰੀਰਕ ਸੋਸ਼ਣ ਆਖਰ ਕਦੋਂ ਤੱਕ ਇਹ ਸਭ ਕੁਝ ਹੁੰਦਾ ਰਹੇਗਾ ਅਤੇ ਸਾਡੀ ਜੱਗ ਜਨਨੀ ਇਨਸਾਫ ਲਈ ਜੰਗ ਕਰਦੀ ਰਹੇਗੀ। ਲੋੜ ਹੈ ਇਸ ਮਾੜੇ ਵਰਤਾਰੇ ਨੂੰ ਰੋਕਣ ਦੀ ਅਤੇ ਇਸ ਅਲਾਮਤ ਦੀ ਜੜ ਤੱਕ ਜਾਣ ਦੀ ਕਿ ਇਹ ਸਭ ਕੁਝ ਕਿਉਂ ਹੋ ਰਿਹੈ ਮੇਰੇ ਦੇਸ਼ ਅੰਦਰ, ਇਨਸਾਫ਼ ਦੀ ਤਰਾਜੂ ਤੇਜ਼ੀ ਨਾਲ ਚੱਲੇ ਅਤੇ ਸਰਕਾਰਾਂ ਵੱਡੇ ਫੈਸਲੇ ਲੈਣ ਤਾਂ ਕਿ ਇਹ ਪਸ਼ੂ ਪ੍ਰਵਿਰਤੀ ਵਰਤਾਰਾ ਰੁਕ ਸਕੇ।

# ਕਿਵ ਸਚਿਆਰਾ ਹੋਈਐ

## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਆਉਣ ਵਾਲੇ ਗੁਰੂ ਸਾਹਿਬਾਨ ਨੇ ਦਸਵੇਂ ਜਾਮੇ ਤੱਕ ਗੁਰੂ ਨਾਨਕ ਸਾਹਿਬ ਵਲੋਂ ਚਲਾਏ ਨਿਰਮਲ ਪੰਥ ਅਤੇ ਸਿਧਾਂਤਾਂ ਵਿਚ ਕਿਤੇ ਵੀ ਖੋਟ ਦੀ ਸੂਈ ਨਹੀਂ ਸਿੰਜਰਨ ਦਿੱਤੀ। ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਵੱਲੋਂ 1604 ਈਸਵੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੁੰਦੀ ਹੈ। ਗੁਰੂ ਸਾਹਿਬ ਲੱਭ ਲੱਭ ਕੇ ਉਹਨਾਂ ਸੰਤਾਂ ਭਗਤਾ ਦੀ ਬਾਣੀ ਦਰਜ ਕਰਦੇ ਹਨ, ਬ੍ਰਾਹਮਣਵਾਦ ਨੇ ਜਿਹਨਾਂ ਨੂੰ ਬਿਲਕੁਲ ਹੀ ਨੀਵੇਂ ਦਰਜੇ 'ਤੇ ਸੁੱਟਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਜੋਤੀ ਜੋਤਿ ਸਮਾਉਂਦੇ ਹਨ 1539 ਈਸਵੀ ਵਿਚ ਤੇ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ ਹੁੰਦੀ ਹੈ 1604 ਈਸਵੀ ਵਿਚ, ਇਹਨਾਂ 64-65 ਸਾਲਾਂ ਵਿਚ ਸ਼ੂਦਰ ਸਮਝੀਆਂ ਜਾਂਦੀਆਂ ਜਾਤਾਂ ਵਿੱਚੋਂ ਹਜ਼ਾਰਾਂ ਹੀ ਲਿਖਾਰੀ, ਪ੍ਰਚਾਰਕ, ਰਾਗੀ, ਢਾਡੀ, ਉਲੱਥਾਕਾਰ ਪੈਂਦਾ ਹੋ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਨੇ 1699 ਈਸਵੀ ਦੀ ਵਿਸਾਖੀ ਨੂੰ ਗੁਰੂ ਨਾਨਕ ਸਾਹਿਬ ਵਲੋਂ ਚਲਾਏ ਨਿਰਮਲ ਪੰਥ ਨੂੰ ਖਾਲਸਾ ਪੰਥ ਦਾ ਰੂਪ ਦੇ ਕੇ ਸਿਖਰ 'ਤੇ ਪਹੁੰਚਾ ਦਿੱਤਾ ਸੀ। ਬ੍ਰਾਹਮਣਵਾਦ ਨੇ ਹਿੰਸਾ ਦਾ ਲਾਇਸੰਸ ਸਿਰਫ ਰਾਜੇ ਨੂੰ ਹੀ ਦਿੱਤਾ ਹੋਇਆ ਸੀ। ਪਰ ਗੁਰੂ ਗੋਬਿੰਦ ਸਿੰਘ ਨੇ ਨੀਚ ਜਾਤੀਆਂ ਨੂੰ ਖਾਲਸੇ ਵਿਚ ਬਦਲ ਕੇ ਹਥਿਆਰਬੰਦ ਕਰਕੇ ਭ੍ਰਿਸ਼ਟ ਤੇ ਜ਼ਾਲਮ ਸਟੇਟ ਨੂੰ ਵੱਡੀ ਚੁਣੌਤੀ ਦਿੱਤੀ। ਖਾਲਸਾ ਪੰਥ ਵਿਚ ਵੀ ਦਲਿਤ ਜਾਤੀਆਂ ਦੇ ਲੋਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਜਦ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖੀ ਵਿਚ ਸ਼ਾਮਲ ਹੋਣਾ ਜਾਨ ਜੋਖੋਂ ਵਿਚ ਪਾਉਣ ਵਾਲਾ ਕੰਮ ਸੀ। ਪਰ ਗੁਰੂ ਨਾਨਕ ਸਾਹਿਬ ਨੇ ਪਹਿਲੇ ਦਿਨ ਹੀ ਐਲਾਨ ਕਰ ਦਿੱਤਾ ਸੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**(ਗੁਰੂ ਗ੍ਰੰਥ ਸਾਹਿਬ, ਅੰਗ 1412)**

ਜਦ ਬਾਈ ਧਾਰ ਦੇ ਰਾਜਿਆਂ ਨੇ ਮੁਗਲਾਂ ਦੇ ਜਾਸੂਸ ਭੀਖਣ ਖਾਨ ਨੂੰ ਗੁਰੂ ਗੋਬਿੰਦ ਸਿੰਘ ਦੀ ਫੌਜ ਬਾਰੇ ਪੁੱਛਿਆਂ ਸੀ ਤਾਂ ਉਸ ਨੇ ਫੌਜ ਦੀ ਬਣਤਰ ਇਸ ਤਰਾਂ ਬਿਆਨੀ ਸੀ :

**ਜਾਟ ਗਵਾਰ ਸੁ ਤੇਲੀ ਘਨੇ ॥ ਨਾਈ ਬਾਮਨ ਜਾਤ ਨ ਗਨੇ ॥**
**ਰਜਕ ਸੂਦ ਲਬਾਨੇ ਜਾਨਹੁ ॥ ਬਨੀਏ ਰੋੜੇ ਭਾਟ ਪਛਾਨਹੁ ॥**
**ਬਾਢੀ ਅਉਰ ਲੁਹਾਰ ਸੁਨਾਰ ॥ ਝੀਵਰ ਲੋਗ ਘੁਮਾਰ ਕੁਲਾਰ ॥**
**ਕਿਤਕ ਬਾਹਿਤੀ ਔਰ ਚਮਾਰ ॥ ਕਰ ਰੰਘਰੇਟੇ ਖੋਰ ਹਲਾਲ ॥**
**ਬਾਰਾ ਜਾਤ ਸਨਾਤ ਮਿਲਾਵੈ ॥ ਤਿਨ ਕਰ ਤੀਰਕੰ ਨਾਮ ਸਿਖਾਵੈ ॥**
**(ਸੁਖਾ ਸਿੰਘ , ਗੁਰਬਿਲਾਸ ਪਾਤਸ਼ਾਹੀ 10)**

ਖਾਲਸਾ ਪੰਥ ਦੇ ਖਾਸੇ ਅਤੇ ਬਣਤਰ ਬਾਰੇ ਭਾਈ ਰਤਨ ਭੰਗੂ ਦਾ 'ਪੰਥ ਪ੍ਰਕਾਸ਼' ਗਿ : ਗਿਆਨ ਸਿੰਘ ' ਤਵਾਰੀਖ ਗੁਰੂ ਖਾਲਸਾ ' ਸਰੂਪ ਦਾਸ ਭੱਲਾ 'ਮਹਿਮਾ ਪ੍ਰਕਾਸ਼' ਕੇਸਰ ਸਿੰਘ ਛਿੱਬਰ 'ਬੰਸਾਵਲੀ ਨਾਮਾ' ਕੁਇਰ ਸਿੰਘ, ਗੁਰ ਬਿਲਾਸ ਪਾਤਸ਼ਾਹੀ 10 ਆਦਿ ਵਿੱਚੋਂ ਦੇਖਿਆ ਜਾ ਸਕਦਾ ਹੈ।

ਸਿੱਖ ਇਨਕਲਾਬ ਨੂੰ ਬੈਕ ਗੇਅਰ

ਕਾਰਲ ਮਾਰਕਸ ਕਹਿੰਦਾ ਹੈ ਕਿ ਉਲਟ ਇਨਕਲਾਬ ਇਨਕਲਾਬ ਦਾ ਬਾਜ਼ ਵਾਂਗ ਪਿੱਛਾ ਕਰਦਾ ਰਹਿੰਦਾ ਹੈ। ਸਿੱਖ ਇਨਕਲਾਬ ਨਾਲ ਵੀ ਇਹੋ ਕੁਛ ਵਾਪਰਿਆ ਹੈ। ਗੁਰੂ ਨਾਨਕ ਸਾਹਿਬ ਨੇ ਸਭ ਤੋਂ ਸਖਤ ਮਨਮੁਖ ਅਤੇ ਮਾਇਆ ਦੇ ਖਿਲਾਫ ਲਿਖਿਆ ਹੈ :

**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥**
**(ਗੁਰੂ ਗ੍ਰੰਥ ਸਾਹਿਬ, ਅੰਗ 417)**

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਮਿਸਲਾਂ ਦੇ ਮੌਕੇ ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਕੀਤੇ ਗਏ ਸਿੱਖ ਇਨਕਲਾਬ ਨੂੰ ਪੁੱਠਾ ਗੇੜ ਪੈ ਗਿਆ। ਸ. ਜਗਜੀਤ ਸਿੰਘ ਅਨੁਸਾਰ ਸਿੱਖ ਜਦ ਭਾਈ ਤੋਂ ਸਰਦਾਰ ਬਣ ਗਏ ਤਾਂ ਇਨਕਲਾਬ ਪੁੱਠੇ ਰਾਹ ਪੈ ਤੁਰਿਆ। ਸੰਖੇਪ ਵਿਚ ਇਸ ਨੂੰ ਆਲਾ ਸਿੰਘ ਕਲਚਰ ਦਾ ਨਾਂ ਦਿੱਤਾ ਜਾ ਸਕਦਾ ਹੈ। ਉਸ ਵਕਤ ਰਜਵਾੜਿਆਂ ਲਈ ਰਾਜਸੀ ਸੱਤਾ ਦੇ ਦਰ ਖੁੱਲ ਗਏ ਤੇ ਗਰੀਬ ਲਿਤਾੜਿਆਂ ਲਈ ਰਾਹ ਬੰਦ ਹੋ ਗਏ। (ਜਿਵੇਂ ਅੱਜ ਸ੍ਰੋਮਣੀ ਅਕਾਲੀ ਦਲ ਬਾਦਲ ਇਸ ਦੀ ਸਿੱਕੇ ਬੰਦ ਮਿਸਾਲ ਹੈ ) ਉਸ ਵਕਤ ਆਲਾ ਸਿੰਘ ਦੀ ਮਿਸਲ ਵਿਚ ਲਾਲਸਾਵਾਨ ਲੋਕ ਭਰਤੀ ਹੋਣੇ ਸ਼ੁਰੂ ਹੋ ਗਏ ਸਨ, ਉਦੋਂ ਹੀ ਕੌਮੀ ਹਿੱਤਾਂ ਬਾਰੇ ਦ੍ਰਿਸ਼ਟੀਕੋਣ ਨੂੰ ਭਾਰੀ ਬੱਜ ਪੈ ਗਿਆ ਸੀ। ਉਸ ਵਰਗ ਲਈ ਕੌਮ ਦੇ ਹਿੱਤਾਂ ਨਾਲੋਂ ਆਪਣੇ ਵਰਗ ਦੇ ਹਿੱਤ ਪਿਆਰੇ ਹੋ ਗਏ ਸਨ। ਇਸੇ ਵਿੱਚੋਂ ਹੀ ਭਾਈਚਾਰੇ ਨਾਲ ਬੇਵਫਾਈ ਅਤੇ ਗ਼ਦਾਰੀ ਵਰਗੇ ਕਰਮ ਨਿਕਲੇ ਸਨ। ਜਦੋਂ ਸਿੱਖ ਨੇ ਗੁਰੂ ਸਾਹਿਬਾਨ ਵਲੋਂ ਬਖਸ਼ਿਸ਼ ਰੂਹਾਨੀ ਕੀਮਤਾਂ ਨਾਲੋਂ ਮੂੰਹ ਮੋੜ ਲਿਆ ਤਾਂ ਸਮਝੋ ਉਸ ਦਾ ਇਖਲਾਕੀ ਨਿਘਾਰ ਸ਼ੁਰੂ ਹੋ ਗਿਆ।

ਅੱਜ ਖੁਦਗਰਜੀ ਨੇ ਸਿੱਖਾਂ ਦੀਆਂ ਧਾਰਮਿਕ ਸਮਾਜਕ ਤੇ ਰਾਜਸੀ ਸੰਸਥਾਵਾਂ ਸਮੇਤ ਉਹਨਾਂ ਦੇ ਮਨਾਂ 'ਤੇ ਬੁਰੀ ਤਰਾਂ ਗਲਬਾ ਪਾ ਲਿਆ ਹੈ। ਕਿਸੇ ਸਮੇਂ ਨਿਰਮਲ ਪੰਥ ਤੋਂ ਲੈ ਕੇ ਖਾਲਸਾ ਪੰਥ ਤੱਕ ਸਿੱਖੀ ਦਾ ਮੁੱਖ ਅਧਾਰ ਨੀਵੀਆ ਜਾਤਾਂ ਸਨ, ਅੱਜ ਸਿੱਖੀ ਵਿਚ ਇਹਨਾਂ ਜਾਤਾਂ ਦੀ ਭਰਤੀ ਬੰਦ ਹੀ ਨਹੀਂ ਹੋਈ, ਇਹ ਜਾਤਾਂ ਧੜ ਧੜ ਸਿੱਖੀ ਵਿਚੋਂ ਨਿਕਲ ਕੇ ਡੇਰਿਆਂ, ਈਸਾਈਆਂ, ਸੰਤਾਂ ਤੇ ਦੇਹਧਾਰੀ ਗੁਰੂਆਂ ਵੱਲ ਜਾ ਰਹੀਆਂ ਹਨ। ਗੁਰੂ ਨਾਨਕ ਸਾਹਿਬ ਨੇ ਗੁਰੂ ਸ਼ਰਧਾ ਨੂੰ ਸਮਾਜਕ ਇਨਕਲਾਬ ਦੇ ਲੇਖੇ ਲਾਇਆ ਸੀ, ਪਰ ਅੱਜ ਇਹ ਡੇਰੇਦਾਰ, ਸੰਤ ਤੇ ਦੇਹਧਾਰੀ, ਗੁਰੂ ਸ਼ਰਧਾ ਨੂੰ ਆਪਣੇ ਸੁਆਰਥ ਦੀ ਪੂਰਤੀ ਲਈ ਵਰਤ ਰਹੇ ਹਨ। ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਨੀਵਿਆਂ ਨੂੰ ਉਚੇ ਕਰਨ ਲਈ ਚਲਾਇਆ ਸੀ , ਪਰ ਹੁਣ ਇਹ ਮਿਸ਼ਨ ਪੂਰੀ ਤਰਾਂ ਲੀਹੋ ਲਹਿ ਚੁੱਕਿਆ ਹੈ। ਧਰਮ ਸਿਰਫ ਪਰੰਪਰਾਵਾਂ ਤੇ ਮਰਿਆਦਾਵਾਂ ਪਾਲਣ ਦਾ ਘਣ ਚੱਕਰ ਬਣ ਕੇ ਰਹਿ ਗਿਆ ਹੈ। ਡਾ. ਗੁਰਭਗਤ ਸਿੰਘ ਨੇ ਕਿਹਾ ਸੀ ਕਿ ਦੁਨੀਆ ਵਿਚ ਪੂੰਜੀਵਾਦ ਅਤੇ ਸਮਾਜਵਾਦ ਦੇ ਮਾਡਲ ਫੇਲ ਹੋ ਚੁੱਕੇ ਹਨ, ਹੁਣ ਗੁਰੂ ਗਰੰਥ ਸਾਹਿਬ ਦੁਨੀਆਂ ਨੂੰ ਨਵਾਂ ਮਾਡਲ ਦੇਵੇਗਾ। ਪਰ ਕੁੱਝ ਚਿੰਤਕਾਂ ਨੇ ਡਾ. ਗੁਰਭਗਤ ਸਿੰਘ ਨੂੰ ਚੁਣੌਤੀ ਦਿੱਤੀ ਸੀ ਕਿ ਵਿਸ਼ਵ ਨੂੰ ਨਵਾਂ ਮਾਡਲ ਫੇਰ ਦੇ ਲਇਓ ਪਹਿਲਾਂ ਸਿੱਖੀ ਵਿੱਚੋਂ ਜਾਤ ਪਾਤ, ਊਚ-ਨੀਚ, ਕਰਮਕਾਂਡ ਤਾਂ ਦੂਰ ਕਰ ਲਉ। ਸੋ ਹੁਣ ਫਿਰ ਦੁਨੀਆਂ ਵਿਚ ਫੈਲੇ ਸਿੱਖ ਭਾਈਚਾਰੇ ਤੇ ਖਾਲਸਾ ਪੰਥ ਸਨਮੁਖ ਉਹੋ ਸੁਆਲ ਆ ਖੜਾ ਹੋਇਆ ਹੈ ਜੋ ਗੁਰੂ ਨਾਨਕ ਸਾਹਿਬ ਅੱਗੇ 550 ਸਾਲ ਪਹਿਲਾਂ ਖੜਾ ਹੋਇਆ ਸੀ :

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**

# ਸਭਰਾਵਾਂ ਦੀ ਜੰਗ...

ਕਈ ਵਾਰੀ ਖ਼ਾਲਸਾ ਫ਼ੌਜਾਂ ਦੇ ਜੈਕਾਰਿਆਂ "ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ" ਨਾਲ ਧਰਤੀ ਆਕਾਸ਼ ਗੂੰਜਣ ਲੱਗ ਪੈਂਦਾ। ਅਜਿਹੇ ਸਮੇਂ ਖ਼ਾਲਸਾ ਫੌਜਾਂ ਦੀ ਚੁਸਤੀ ਫੁਰਤੀ ਵਿੱਚ ਹੋਰ ਵਾਧਾ ਹੋ ਜਾਂਦਾ। ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਮੈਦਾਨ ਵਿੱਚ ਫੌਜਾਂ ਨੂੰ ਹਰ ਮੁਹਾਜ਼ 'ਤੇ ਹੱਲਾਸ਼ੇਰੀ ਦਿੰਦਾ ਨਜ਼ਰ ਆ ਰਿਹਾ ਸੀ। ਲੜਾਈ ਵਿੱਚ ਅੰਗਰੇਜ਼ਾਂ ਦਾ ਜ਼ਬਰਦਸਤ ਜਾਨੀ ਨੁਕਸਾਨ ਹੋ ਗਿਆ ਸੀ। ਅੰਗਰੇਜ਼ਾਂ ਨੂੰ ਹਰੇਕ ਮੁਹਾਜ਼ 'ਤੇ ਹਾਰ ਹੀ ਹਾਰ ਪੱਲੇ ਪੈ ਰਹੀ ਸੀ। ਜੰਗ ਵਿੱਚ ਅੰਗਰੇਜ਼ਾਂ ਦੀ ਇਸ ਪਤਲੀ ਹਾਲਤ ਬਾਰੇ ਸ਼ਾਹ ਮੁਹੰਮਦ ਇੰਝ ਬਿਆਨ ਕਰਦਾ ਹੈ:-

"ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।।"

ਅਟਾਰੀਵਾਲਾ ਸਰਦਾਰ ਅੰਗਰੇਜ਼ਾਂ ਦੀ ਭਾਰੀ ਜਾਨੀ ਨੁਕਸਾਨ ਕਰਦਾ ਹੋਇਆ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਦੇ ਨਜ਼ਦੀਕ ਜਾ ਪਹੁੰਚਿਆ ਅਤੇ ਹੱਥੋ-ਹੱਥੀ ਲੜਾਈ ਵਿੱਚ ਰਾਬਰਟ ਡਿਕ ਸ਼ਾਮ ਸਿੰਘ ਹੱਥੋਂ ਮਾਰਿਆ ਗਿਆ। ਉਸ ਸਮੇਂ ਅੰਗਰੇਜ਼ੀ ਫੌਜਾਂ ਵਿੱਚ ਦਹਿਸ਼ਤ ਵਰਗਾ ਮਾਹੌਲ ਬਣ ਗਿਆ ਸੀ। ਅੰਗਰੇਜ਼ੀ ਫੌਜਾਂ ਨੇ ਅਟਾਰੀਵਾਲਾ ਸਰਦਾਰ ਨੂੰ ਚਾਰੋ ਤਰਫੋਂ ਘੇਰ ਕੇ ਉਸ ਦਾ ਸਰੀਰ ਗੋਲੀਆਂ ਨਾਲ ਛਲਣੀ-ਛਲਣੀ ਕਰ ਦਿੱਤਾ। ਇਸ ਤਰਾਂ ਸ. ਸ਼ਾਮ ਸਿੰਘ ਅਟਾਰੀਵਾਲਾ ਖਾਲਸਾਈ ਪਰੰਪਰਾ ਨੂੰ ਕਾਇਮ ਰੱਖਦਾ ਹੋਇਆ "ਅਤ ਹੀ ਰਣ ਮੇਂ ਤਬ ਜੂਝ ਮਰੋਂ" ਦੇ ਮਹਾਂਵਾਕ ਅਨੁਸਾਰ ਮੈਦਾਨੇ ਜੰਗ ਵਿੱਚ ਜੂਝਦਾ ਹੋਇਆ ਦੇਸ਼ ਅਤੇ ਕੌਮ ਲਈ ਸ਼ਹਾਦਤ ਦਾ ਜਾਮ ਪੀ ਕੇ ਅਮਰ ਹੋ ਗਿਆ।

ਮੈਦਾਨੇ ਜੰਗ ਵਿੱਚ ਅੰਗਰੇਜ਼ਾਂ ਦੀ ਸਥਿਤੀ ਬੜੀ ਨਾਜ਼ੁਕ ਬਣਦੀ ਜਾ ਰਹੀ ਸੀ। ਅੰਗਰੇਜ਼ਾਂ ਦੀ ਅਜਿਹੀ ਪਤਲੀ ਹਾਲਤ ਨੂੰ ਵੇਖ ਕੇ ਲਾਲ ਸਿੰਘ ਅਤੇ ਤੇਜ ਸਿੰਘ ਘਬਰਾ ਗਏ। ਉਹ ਮੈਦਾਨ ਵਿੱਚੋਂ ਭੱਜ ਕੇ ਸਤਲੁਜ ਦਾ ਦਰਿਆ ਪਾਰ ਕਰਕੇ ਦੂਜੇ ਪਾਸੇ ਜਾ ਪਹੁੰਚੇ। ਪਰ ਇਨਾਂ ਗਦਾਰ ਜਰਨੈਲਾਂ ਨੇ ਜਾਂਦੇ-ਜਾਂਦੇ ਬੇੜੀਆਂ ਦੇ ਪੁਲ ਨੂੰ ਤੋਪਾਂ ਨਾਲ ਉਡਾ ਦਿੱਤਾ ਤਾਂ ਜੋ ਕੋਈ ਵੀ ਸਿੱਖ ਫ਼ੌਜੀ ਪੁਲ ਪਾਰ ਨਾ ਕਰ ਸਕੇ। ਜਰਨੈਲ ਗੁਲਾਬ ਸਿੰਘ ਪੁਲ ਦੇ ਪਾਰਲੇ ਪਾਸੇ ਖੜੋਤਾ ਆਪਣੇ ਗਦਾਰ ਸਾਥੀਆਂ ਦੀ ਇੰਤਜ਼ਾਰ ਕਰ ਰਿਹਾ ਸੀ। ਅੰਗਰੇਜ਼ਾਂ ਨਾਲ ਹੋਏ ਸਮਝੌਤੇ ਅਨੁਸਾਰ ਗੁਲਾਬ ਸਿੰਘ ਨੇ ਸਵੇਰੇ ਤੋਂ ਹੀ ਗੋਲਾ-ਬਾਰੂਦ ਅਤੇ ਖਾਣ-ਪੀਣ ਦਾ ਸਾਮਾਨ ਭੇਜਣਾ ਬੰਦ ਕੀਤਾ ਹੋਇਆ ਸੀ। ਖ਼ਾਲਸਾ ਫ਼ੌਜਾਂ ਕੋਲ ਪਹਿਲਾਂ ਹੀ ਮੌਜੂਦ ਗੋਲਾ-ਬਾਰੂਦ ਅਤੇ ਹੋਰ ਹਥਿਆਰਾਂ ਨਾਲ ਮੈਦਾਨ ਵਿੱਚ ਨਾਇਕਾਂ ਦੀ ਤਰਾਂ ਜੂਝ ਰਹੇ ਸਨ ਅਤੇ ਅੰਗਰੇਜ਼ਾਂ ਦੇ ਆਹੂ ਲਾਹ ਰਹੇ ਸਨ। ਪਰ ਜਿਉਂ ਜਿਉਂ ਸਮਾਂ ਬੀਤਦਾ ਗਿਆ, ਖ਼ਾਲਸਾ ਫ਼ੌਜਾਂ ਲਈ ਵੀ ਸਥਿਤੀ ਬੜੀ ਨਾਜ਼ੁਕ ਬਣਦੀ ਜਾ ਰਹੀ ਸੀ। ਪਰ ਅਜਿਹੀ ਸਥਿਤੀ ਦੇ ਬਾਵਜੂਦ ਖ਼ਾਲਸਾ ਫੌਜਾਂ ਆਪਣੇ ਪੂਰੇ ਜਾਹੋ-ਜਲਾਲ ਅਤੇ ਚੜਦੀ ਕਲਾ ਦੇ ਸਬੂਤ ਦੇ ਰਹੀਆਂ ਸਨ। ਸਿਰੜੀ ਖ਼ਾਲਸਾ ਫ਼ੌਜੀ ਹੁਣ ਭੁੱਜੇ ਹੋਏ ਦਾਣੇ ਖਾ ਕੇ ਅਤੇ ਨਾਲ ਦੇ ਖੇਤਾਂ ਵਿੱਚੋਂ ਗਾਜਰਾਂ ਮੂਲੀਆਂ ਪੁੱਟ ਕੇ, ਖਾਕੇ ਮੈਦਾਨ ਵਿੱਚ ਡਟੇ ਹੋਏ ਸਨ ਅਤੇ ਉਨਾਂ ਦੇ ਚਿਹਰਿਆਂ 'ਤੇ ਕਿਸੀ ਪ੍ਰਕਾਰ ਦਾ ਮਲਾਲ ਨਜ਼ਰ ਨਹੀਂ ਆਉਂਦਾ ਸੀ। ਅਜੇ ਵੀ "ਬੋਲੇ ਸੋ ਨਿਹਾਲ" ਦੇ ਜੈਕਾਰਿਆਂ ਨਾਲ ਧਰਤੀ ਆਕਾਸ਼ ਗੂੰਜ ਰਿਹਾ ਸੀ। ਅਜੇ ਵੀ ਹਜ਼ਾਰਾਂ ਚਮਕਦੀਆਂ ਹੋਈਆਂ ਤਲਵਾਰਾਂ ਅਤੇ ਨੇਜ਼ਿਆਂ ਦੇ ਲਿਸ਼ਕਾਰਿਆਂ ਨਾਲ ਅੱਖਾਂ ਚੁੰਧਿਆ ਰਹੀਆਂ ਸੀ। ਕਦੇ ਕਦੇ ਬਾਰੂਦ ਦੇ ਢੇਰ ਨੂੰ ਅੱਗ ਲੱਗਣ ਕਾਰਨ ਧਮਾਕੇ ਸੁਣਾਈ ਦੇ ਰਹੇ ਸਨ। ਹਰ ਥਾਈਂ ਲਾਸ਼ਾਂ ਦੇ ਢੇਰ ਹੀ ਢੇਰ ਲੱਗਦੇ ਜਾ ਰਹੇ ਸਨ। ਖ਼ਾਲਸਾ ਫੌਜਾਂ ਨੇ ਤਲਵਾਰਾਂ ਅਤੇ ਨੇਜ਼ਿਆਂ ਨਾਲ ਅਜੇ ਵੀ ਅੰਗਰੇਜ਼ਾਂ ਨੂੰ ਵਖਤ ਪਾਇਆ ਹੋਇਆ ਸੀ। ਸਿੰਘਾਂ ਦੀਆਂ ਤਲਵਾਰਾਂ ਦਾ ਵਾਰ ਇਤਨਾ ਜ਼ਬਰਦਸਤ ਹੁੰਦਾ ਸੀ ਕਿ ਅੰਗਰੇਜ਼ ਫ਼ੌਜੀਆਂ ਦੀਆਂ ਤਲਵਾਰਾਂ ਦੇ ਟੁਕੜੇ- ਟੁਕੜੇ ਹੋ ਜਾਂਦੇ ਸਨ। ਕਈ ਵਾਰੀ ਸਿੱਖ ਫ਼ੌਜੀ ਅੰਗਰੇਜ਼ਾਂ ਦੀਆਂ ਬੰਦੂਕਾਂ ਦੇ ਬੋਨਟਾਂ ਉੱਤੇ ਝਪਟਾ ਮਾਰ ਕੇ ਖੱਬੇ ਹੱਥ ਨਾਲ ਫੜ ਲੈਂਦੇ ਸਨ ਅਤੇ ਫਿਰ ਬੜੀ ਫੁਰਤੀ ਨਾਲ ਅਜਿਹਾ ਘਾਤਕ ਵਾਰ ਕਰਦੇ ਸਨ ਕਿ ਅੰਗਰੇਜ਼ ਫ਼ੌਜੀ ਉੱਥੇ ਹੀ ਢਹਿ-ਢੇਰੀ ਹੋ ਜਾਂਦੇ ਸਨ। ਕਈ ਵਾਰੀ ਇਕ ਇਕੱਲਾ ਸਿੱਖ ਫ਼ੌਜੀ ਅੰਗਰੇਜ਼ਾਂ ਦੇ ਘੇਰੇ ਵਿੱਚ ਆ ਜਾਂਦਾ ਤਾਂ ਉਹ ਇੱਕ ਜਾਂਬਾਜ਼ ਯੋਧੇ ਵਾਂਗ ਲੜਦਾ ਹੋਇਆ ਮੈਦਾਨ ਵਿੱਚ ਹੀ ਸ਼ਹੀਦ ਹੋਣਾ ਪ੍ਰਵਾਨ ਕਰਦਾ ਸੀ। ਇਤਿਹਾਸਕਾਰ ਕਨਿੰਘਮ, ਜੋ ਇਸ ਲੜਾਈ ਵਿੱਚ ਬਤੌਰ ਕੈਪਟਨ ਮੌਜੂਦ ਸੀ, ਆਪਣੀ ਪੁਸਤਕ "ਹਿਸਟਰੀ ਆਫ ਦੀ ਸਿੱਖਸ" ਵਿੱਚ ਲਿਖਦਾ ਹੈ ਕਿ "ਸਿੱਖ ਜਰਨੈਲਾਂ ਦੀਆਂ ਗ਼ਦਾਰੀਆਂ ਦੀਆਂ ਕਰਤੂਤਾਂ ਕਾਰਨ ਸਿੱਖਾਂ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਸੀ। ਪਰ ਅਜਿਹੇ ਨਾਜ਼ੁਕ ਹਾਲਾਤ ਦੇ ਬਾਵਜੂਦ ਕਿਸੀ ਵੀ ਇੱਕ ਸਿੱਖ ਨੇ ਹਥਿਆਰ ਸੁੱਟ ਕੇ ਹਾਰ ਮੰਨਣੀ ਕਬੂਲ ਨਹੀਂ ਕੀਤੀ।" ਜਦੋਂ ਭੁੱਖੇ-ਭਾਣੇ ਸਿੱਖ ਫ਼ੌਜੀਆਂ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਤਾਂ ਉਨਾਂ ਨੇ ਲੜਾਈ ਜਾਰੀ ਰੱਖਦੇ ਹੋਏ ਦਰਿਆ ਵੱਲ ਨੂੰ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਤਾਂ ਜੋ ਦਰਿਆ ਪਾਰ ਕਰਕੇ ਦੂਜੇ ਕੰਢੇ 'ਤੇ ਪਹੁੰਚ ਕੇ, ਉੱਥੋਂ ਹਥਿਆਰ ਪ੍ਰਾਪਤ ਕਰਕੇ, ਮੋਰਚਾਬੰਦੀ ਕਰਕੇ ਜੰਗ ਜਾਰੀ ਰੱਖੀ ਜਾ ਸਕੇ। ਪਰ ਗ਼ਦਾਰ ਜਰਨੈਲਾਂ ਨੇ ਤਾਂ ਬੇੜੀਆਂ ਦਾ ਪੁਲ ਪਹਿਲਾਂ ਹੀ ਤੋੜ ਦਿੱਤਾ ਸੀ। ਹੁਣ ਸਿੱਖ ਫੌਜੀਆਂ ਨੇ ਦਰਿਆ ਵਿੱਚ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਤੈਰ ਕੇ ਦੂਜੇ ਕੰਢੇ 'ਤੇ ਪਹੁੰਚਿਆ ਜਾ ਸਕੇ। ਉਸੀ ਸਮੇਂ ਅੰਗਰੇਜ਼ਾਂ ਨੇ ਦਰਿਆ ਦੇ ਕੰਢੇ 'ਤੇ ਤੋਪਾਂ ਬੀੜ ਦਿੱਤੀਆਂ ਅਤੇ ਦਰਿਆ ਵਿੱਚ ਤੈਰ ਰਹੇ ਸਿੱਖਾਂ ਉੱਤੇ ਬੰਬਾਰੀ ਸ਼ੁਰੂ ਕਰ ਦਿੱਤੀ। ਸੈਂਕੜੇ ਅੰਗਰੇਜ਼ ਫ਼ੌਜੀਆਂ ਨੇ ਬੰਦੂਕਾਂ ਨਾਲ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਕੋਈ ਸਿੱਖ ਦਰਿਆ ਪਾਰ ਨਾ ਕਰ ਸਕੇ। ਅਤੇ ਅੰਗਰੇਜ਼ਾਂ ਲਈ ਨਵੀਂ ਮੁਸੀਬਤ ਨਾ ਖੜੀ ਕਰ ਦੇਵੇ। ਸਭਰਾਵਾਂ ਦਾ ਮੈਦਾਨ ਅੰਗਰੇਜ਼ਾਂ ਅਤੇ ਸਿੱਖ ਫੌਜੀਆਂ ਦੀਆਂ ਲਾਸ਼ਾਂ ਦੇ ਢੇਰਾਂ ਨਾਲ ਭਰਿਆ ਪਿਆ ਸੀ। ਸਭਰਾਵਾਂ ਦੀ ਧਰਤੀ ਆਪਣਾ ਰੰਗ ਵਟਾ ਕੇ ਲਾਲ ਸੁਰਖ ਹੋ ਗਈ ਸੀ। ਦੂਜੇ ਪਾਸੇ ਸਤਲੁਜ ਦਰਿਆ ਦਾ ਪਾਣੀ ਲਾਲੋ ਲਾਲ ਹੋਇਆ ਪਿਆ ਸੀ। ਸਿੰਘ ਸੂਰਬੀਰ ਯੋਧਿਆਂ ਨੂੰ ਆਖਰ ਸਤਲੁਜ ਨੇ ਆਪਣੀ ਬੁੱਕਲ ਦੀ ਨਿੱਘ ਵਿੱਚ ਸਮੋ ਲਿਆ ਤਾਂ ਜੋ ਇਨਾਂ ਦੇਸ਼ ਭਗਤਾਂ ਨੂੰ ਮੁੜ ਦੇਸ਼ ਧਰੋਹੀ ਜਰਨੈਲਾਂ ਅਤੇ ਫਿਰੰਗੀਆਂ ਦਾ ਮੂੰਹ ਨਾ ਤੱਕਣਾ ਪਵੇ। ਜੋ ਸੁਤੰਤਰ ਖ਼ਾਲਸਾ ਰਾਜ ਦੇ ਪੈਰਾਂ ਵਿੱਚ ਗੁਲਾਮੀ ਦੀਆਂ ਜੰਜ਼ੀਰਾਂ ਪਾਉਣ ਖਾਤਰ ਤਤਪਤ ਹੋ ਰਹੇ ਸਨ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਸਭਰਾਵਾਂ ਦੀ ਲੜਾਈ ਇਤਨੀ ਜ਼ਿਆਦਾ ਭਿਆਨਕ ਅਤੇ ਤਬਾਹਕੁੰਨ ਸੀ ਕਿ ਗਵਰਨਰ ਜਨਰਲ ਲਾਰਡ ਹਾਰਡਿੰਗ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ। ਇਸ ਕਾਰਨ ਉਹ ਤੁਰਨ-ਫਿਰਨ ਤੋਂ ਵੀ ਨਕਾਰਾ ਹੋ ਗਿਆ ਸੀ। ਉਸ ਦਾ ਇਕ ਹੱਥ ਤਾਂ ਪਹਿਲਾਂ ਹੀ ਟੁੱਟਾ ਹੋਇਆ ਸੀ ਜਿਸ ਕਾਰਨ ਹਿੰਦੁਸਤਾਨੀ ਲੋਕ ਉਸ ਨੂੰ ਟੁੰਡੀ-ਲਾਟ ਆਖਦੇ ਹੁੰਦੇ ਸਨ। ਮੇਜਰ ਐਡਮਜ਼ ਆਪਣੀ ਪੁਸਤਕ "ਐਪੀਸੋਡਜ਼ ਆਫ ਐਂਗਲੋ ਇੰਡੀਅਨ ਹਿਸਟਰੀ" ਵਿੱਚ ਲਿਖਦਾ ਹੈ ਕਿ "ਸਿੱਖਾਂ ਦੇ ਜਰਨੈਲਾਂ ਨੇ ਮੈਦਾਨ ਵਿੱਚੋਂ ਭੱਜ ਕੇ ਸਤਲੁਜ ਦਾ ਪੁਲ ਤੋੜ ਕੇ ਆਪਣੀ ਗੱਦਾਰੀ ਦਾ ਪਿਆਲਾ ਨੱਕੋ-ਨੱਕ ਭਰ ਦਿੱਤਾ ਸੀ।" ਇਸੇ ਤਰਾਂ ਇਕ ਹੋਰ ਅੰਗਰੇਜ਼ ਹੈਸਕੀਥ ਪੀਅਰਸਨ ਆਪਣੀ ਪੁਸਤਕਾਂ "ਹੀਰੋ ਆਫ ਡੇਲੀ" ਵਿੱਚ ਲਿਖਦਾ ਹੈ ਕਿ "ਸਿਖ ਜਰਨੈਲਾਂ ਦੀ ਗ਼ਦਾਰੀ ਕਾਰਨ, ਅੰਗਰੇਜ਼ਾਂ ਦੀ ਹਾਰ ਇਕ ਵਾਰੀ ਫਿਰ ਜਿੱਤ ਵਿੱਚ ਤਬਦੀਲ ਹੋ ਗਈ ਸੀ।" ਸਿੱਖਾਂ ਦੀ ਬਹਾਦਰੀ ਦੀ ਤਾਰੀਫ਼ ਕਰਦੇ ਹੋਏ ਅੰਗਰੇਜ਼ ਕਮਾਂਡਰ-ਇਨ-ਚੀਫ ਲਾਰਡ ਗਫ, ਬ੍ਰਿਟਿਸ਼ ਪ੍ਰਧਾਨ ਲਾਰਡ ਪੀਲ ਨੂੰ ਭੇਜੀ ਰਿਪੋਰਟ ਵਿੱਚ ਇਸ ਤਰਾਂ ਲਿਖਦਾ ਹੈ "ਇਕ ਕਮਾਂਡਰ-ਇਨ-ਚੀਫ ਦੀ ਹੈਸੀਅਤ ਵਿੱਚ ਮੈਨੂੰ ਆਪਣੇ ਦੁਸ਼ਮਣ (ਸਿੱਖਾਂ) ਬਾਰੇ ਨਿੱਜੀ ਭਾਵਨਾਵਾਂ ਵਿਅਕਤ ਕਰਨ ਦੀ ਖੁੱਲ ਨਹੀਂ ਹੈ। ਪਰ ਫਿਰ ਵੀ ਮੈਂ ਤੁਹਾਨੂੰ ਇਹ ਦੱਸਣ ਤੋਂ ਨਹੀਂ ਰਹਿ ਸਕਦਾ ਕਿ ਸਿੱਖ ਫੌਜੀ ਨਿੱਜੀ ਤੌਰ 'ਤੇ ਅਤੇ ਸਮੂਹਿਕ ਤੌਰ 'ਤੇ ਮਹਾਨ ਨਾਇਕਾਂ ਦੀ ਤਰਾਂ ਅੰਤ ਤਕ ਜੂਝਦੇ ਰਹੇ ਸਨ। ਜੋ ਹਸ਼ਰ ਅਸੀਂ ਅਜਿਹੇ ਨਾਇਕਾਂ ਦਾ ਕੀਤਾ ਸੀ, ਇੱਕ ਮਨੁੱਖ ਹੋਣ ਦੇ ਨਾਤੇ ਉਨਾਂ ਨਾਇਕਾਂ ਲਈ ਮੈਂ ਜ਼ਾਰ ਜ਼ਾਰ ਰੋਣੋਂ ਅਤੇ ਹੰਝੂ ਵਹਾਉਣ ਤੋਂ ਕਦੀ ਵੀ ਨਾ ਰੁਕਦਾ।

# ਨਵੇਂ ਟ੍ਰਿਬਿਊਨਲ ਦੀ ਮੰਗ...

ਇਹ ਦਸਤਾਵੇਜ਼ (ਖੱਬੇ) ਇਸ ਕਿਤਾਬ ਵਿਚ ਉਪਲੱਬਧ ਹਨ ਜੋ www.cwc.gov.in ਦੀ ਵੈੱਬਸਾਈਟ 'ਤੇ ਹੈ।

ਇਸ ਸਮਝੌਤੇ ਦੀ ਆੜ ਵਿਚ 1986 ਵਿਚ ਸੰਸਦ ਵੱਲੋਂ ਅੰਤਰ-ਰਾਜੀ ਦਰਿਆਈ ਪਾਣੀਆਂ ਬਾਰੇ ਝਗੜਾ ਕਾਨੂੰਨ 1956 ਵਿਚ ਅਜਿਹੀ ਹੀ ਸੋਧ ਕੀਤੀ ਗਈ ਹੈ ਜੋ ਪੰਜਾਬ ਦੇ ਹੱਥ ਵੱਢਦੀ ਹੈ ? ਇਸ ਸੋਧ ਰਾਹੀਂ ਸ਼ਾਮਲ ਕੀਤੀ ਗਈ ਧਾਰਾ 14 ਅਨੁਸਾਰ: (1) ਇਸ ਕਾਨੂੰਨ ਦੀਆਂ ਪਹਿਲਾਂ ਦਿੱਤੀਆਂ ਧਾਰਾਵਾਂ ਵਿਚ ਕੁਝ ਵੀ ਇਸ ਦੇ ਉਲਟ ਹੋਣ ਦੇ ਬਾਵਜੂਦ, ਕੇਂਦਰ ਸਰਕਾਰ ਸਰਕਾਰੀ ਗਜ਼ਟ ਵਿਚ ਨੋਟੀਫਿਕੇਸ਼ਨ ਜਾਰੀ ਕਰਕੇ, ਇਸ ਕਾਨੂੰਨ ਅਧੀਨ ਪੰਜਾਬ ਸੈਟਲਮੈਂਟ ਦੇ ਕ੍ਰਮਵਾਰ ਪੈਰਾ ਨੰਬਰ 9.1 ਅਤੇ 9.2 ਵਿਚ ਜ਼ਿਕਰ ਕੀਤੇ ਮੁੱਦਿਆਂ ਬਾਰੇ ਜਾਂਚ-ਪੜਤਾਲ ਕਰਨ ਅਤੇ ਫ਼ੈਸਲਾ ਕਰਨ ਲਈ ਇਕ ਟ੍ਰਿਬਿਊਨਲ ਦਾ ਗਠਨ ਕਰ ਸਕਦੀ ਹੈ, ਜੋ ਰਾਵੀ-ਬਿਆਸ ਵਾਟਰ ਟ੍ਰਿਬਿਊਨਲ ਵਜੋਂ ਜਾਣਿਆ ਜਾਵੇਗਾ।

(2) ਜਦੋਂ ਸਬ-ਸੈਕਸ਼ਨ (1) ਅਧੀਨ ਇਕ ਟ੍ਰਿਬਿਊਨਲ ਦਾ ਗਠਨ ਹੋ ਜਾਂਦਾ ਹੈ ਤਾਂ ਇਸ ਕਾਨੂੰਨ ਦੀ ਧਾਰਾ 4 ਦੇ ਸਬ-ਸੈਕਸ਼ਨ (3), ਧਾਰਾ 5 ਦੇ ਸਬ-ਸੈਕਸ਼ਨ (2), (3) ਅਤੇ (4) ਅਤੇ ਸੈਕਸ਼ਨ 5ਏ ਤੋਂ 13 (ਦੋਵਾਂ ਸਮੇਤ) ਸੰਰਚਨਾ, ਅਧਿਕਾਰ ਖੇਤਰ, ਸ਼ਕਤੀਆਂ, ਅਥਾਰਟੀ ਅਤੇ ਅਧਿਕਾਰ ਖੇਤਰ ਦੀਆਂ ਰੋਕਾਂ ਨਾਲ ਸਬੰਧਤ ਸਾਰੀਆਂ ਸ਼ਰਤਾਂ, ਜਿਵੇਂ ਵੀ ਹੋਣ, ਪਰ ਅੱਗੇ ਦਿੱਤੇ ਸਬ-ਸੈਕਸ਼ਨ (3) ਅਨੁਸਾਰ, ਸਬ-ਸੈਕਸ਼ਨ (1) ਅਨੁਸਾਰ ਗਠਿਤ ਕੀਤੇ ਟ੍ਰਿਬਿਊਨਲ ਦੇ ਪ੍ਰਸੰਗ ਵਿਚ ਸੰਰਚਨਾ, ਅਧਿਕਾਰ-ਖੇਤਰ, ਸ਼ਕਤੀਆਂ, ਅਥਾਰਟੀ ਅਤੇ ਅਧਿਕਾਰ-ਖੇਤਰ ਦੀਆਂ ਰੋਕਾਂ 'ਤੇ ਲਾਗੂ ਹੋਣਗੀਆਂ।

(3) ਜਦੋਂ ਸਬ-ਸੈਕਸ਼ਨ (1) ਅਧੀਨ ਇਕ ਟ੍ਰਿਬਿਊਨਲ ਦਾ ਗਠਨ ਹੋ ਜਾਂਦਾ ਹੈ ਤਾਂ ਇਕੱਲੀ ਕੇਂਦਰ ਸਰਕਾਰ ਆਪਣੀ ਮਰਜ਼ੀ ਨਾਲ ਜਾਂ ਸਬੰਧਤ ਰਾਜ ਸਰਕਾਰ ਦੀ ਬੇਨਤੀ 'ਤੇ ਪੰਜਾਬ ਸੈਟਲਮੈਂਟ ਦੇ ਪੈਰਾ 9.1 ਅਤੇ 9.2 ਵਿਚ ਦਰਸਾਏ ਮੁੱਦੇ ਅਜਿਹੇ ਟ੍ਰਿਬਿਊਨਲ ਨੂੰ ਸੌਂਪ ਸਕਦੀ ਹੈ।

ਪੰਜਾਬ ਦੇ ਦਰਿਆ ਹਰਿਆਣਾ, ਰਾਜਸਥਾਨ ਤੇ ਦਿੱਲੀ ਨਾਲ ਸਾਂਝੇ ਨਾ ਹੋਣ ਕਾਰਨ 1956 ਦਾ ਕਾਨੂੰਨ ਇਨਾਂ ਦਰਿਆਵਾਂ 'ਤੇ ਲਾਗੂ ਨਹੀਂ ਹੁੰਦਾ ਸੀ, ਜੇ ਲਾਗੂ ਹੁੰਦਾ ਤਾਂ ਫਿਰ ਇਹ ਸੋਧ ਕਰਨ ਦੀ ਲੋੜ ਹੀ ਨਹੀਂ ਸੀ ਪੈਣੀ, ਪਰ ਇਕ ਪਾਸੇ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਦੀ ਸੱਤਾ ਦੀ ਭੁੱਖ ਅਤੇ ਦੂਜੇ ਪਾਸੇ ਕੇਂਦਰ ਦੀ ਬੇਈਮਾਨੀ ਅਤੇ ਬਾਂਹ ਮਰੋੜਨ ਦੀ ਨੀਤੀ ਕਾਰਨ ਕਾਨੂੰਨ ਵਿਚ ਇਹ ਗ਼ੈਰ-ਸੰਵਿਧਾਨਕ ਸੋਧ ਕਰਕੇ ਇਰਾਡੀ ਟ੍ਰਿਬਿਊਨਲ ਦਾ ਗਠਨ ਕਰਕੇ ਪੰਜਾਬ ਦੇ ਪਾਣੀਆਂ 'ਤੇ ਗ਼ੈਰ-ਰਿਪੇਰੀਅਨ ਰਾਜਾਂ ਵੱਲੋਂ ਕੀਤੀ ਜਾ ਰਹੀ ਲੁੱਟ 'ਤੇ ਕਾਨੂੰਨੀ ਮੋਹਰ ਲਾ ਦਿੱਤੀ ਗਈ। ਅਜਿਹੇ ਵਿਚੋਂ ਜਦੋਂ ਪੰਜਾਬ ਹਿਤੈਸ਼ੀ 18 ਬੁੱਧੀਜੀਵੀਆਂ ਵੱਲੋਂ ਹਾਈਕੋਰਟ ਵਿਚ ਰਿੱਟ ਪਾ ਕੇ ਇਸਦੀ ਪਹਿਲਾਂ ਹੀ ਮੰਗ ਕੀਤੀ ਜਾ ਰਹੀ ਹੈ ਤਾਂ ਸਰਬ ਪਾਰਟੀ ਮੀਟਿੰਗ ਵੱਲੋਂ ਨਵਾਂ ਟ੍ਰਿਬਿਊਨਲ ਬਣਾਉਣ ਦੀ ਮੰਗ ਪੰਜਾਬ ਦੇ ਲੋਕਾਂ ਨਾਲ ਇਕ ਹੋਰ ਵੱਡਾ ਧੋਖਾ ਹੈ। ਲੋੜ ਇਸ ਗੱਲ ਦੀ ਹੈ ਕਿ ਇਸ ਕਾਨੂੰਨ ਦੀ ਧਾਰਾ 14 ਨੂੰ ਸੰਵਿਧਾਨ ਦੀ ਧਾਰਾ 262 ਦੇ ਉਲਟ ਹੋਣ ਕਾਰਨ ਗ਼ੈਰ-ਸੰਵਿਧਾਨਕ ਐਲਾਨਿਆ ਜਾਵੇ, ਜਿਸ ਨਾਲ ਇਰਾਡੀ ਟ੍ਰਿਬਿਊਨਲ ਦੇ ਪੰਜਾਬ ਵਿਰੋਧੀ ਫ਼ੈਸਲੇ ਆਪਣੇ ਆਪ ਹੀ ਗ਼ੈਰ-ਸੰਵਿਧਾਨਕ ਬਣ ਜਾਣਗੇ ਅਤੇ ਪੰਜਾਬ ਮੁੜ-ਗਠਨ ਕਾਨੂੰਨ ਦੀ ਧਾਰਾ 78,79 ਤੇ 80 ਨੂੰ ਚੁਣੌਤੀ ਦੇਣ ਦਾ ਵੀ ਰਾਹ ਖੁੱਲ ਜਾਵੇਗਾ ਅਤੇ ਸੁਪਰੀਮ ਕੋਰਟ ਦਾ ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ ਪੰਜਾਬ ਵਿਰੋਧੀ ਫ਼ੈਸਲਾ ਵੀ ਆਪਣੀ ਮੌਤ ਆਪ ਹੀ ਮਾਰ ਜਾਵੇਗਾ।

ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਇਸ ਬਿਆਨ ਕਿ '29 ਜਨਵਰੀ 1955 ਨੂੰ ਉਸ ਵੇਲੇ ਦੇ ਕੇਂਦਰੀ ਸਿੰਚਾਈ ਤੇ ਊਰਜਾ ਮੰਤਰੀ ਗੁਲਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਹ ਫ਼ੈਸਲਾ ਹੋਇਆ ਸੀ ਕਿ ਕੋਈ ਸੂਬਾ ਦੂਜੇ ਸੂਬੇ ਤੋਂ ਪਾਣੀ ਦਾ ਮੁੱਲ ਨਹੀਂ ਮੰਗ ਸਕਦਾ, ਸ਼ਰੇਆਮ ਤੇ ਕੋਰਾ ਝੂਠ ਹੈ। ਸੱਚਾਈ ਇਹ ਹੈ ਕਿ ਉਸ ਮੀਟਿੰਗ ਦੀ ਕਾਰਵਾਈ ਦੇ ਪੰਜਵੇਂ ਪੈਰੇ ਵਿਚ ਇਹ ਲਿਖਿਆ ਗਿਆ ਸੀ ਕਿ ਪਾਣੀ ਦਾ ਮੁੱਲ ਲੈਣ ਬਾਰੇ ਫ਼ੈਸਲਾ ਵੱਖਰੀ ਮੀਟਿੰਗ ਕਰਕੇ ਲਿਆ ਜਾਵੇਗਾ, ਪਰ ਬਾਅਦ ਵਿਚ ਕੇਂਦਰ ਅਤੇ ਰਾਜਸਥਾਨ ਸਰਕਾਰ ਨੇ ਅੱਖਾਂ ਬੰਦ ਕਰ ਲਈਆਂ ਤੇ ਪੰਜਾਬ ਦੇ ਪਾਣੀਆਂ ਨੂੰ ਬੇਰਹਿਮੀ ਨਾਲ ਲੁੱਟਿਆ ਗਿਆ।

ਕੈਪਟਨ ਸਾਹਿਬ ਨੂੰ ਹੁਣ ਜਾਂ ਤਾਂ ਭੁੱਲਣ ਦੀ ਸ਼ਿਕਾਇਤ ਹੋ ਗਈ ਹੈ ਜਾਂ ਫਿਰ ਇਹ ਬਿਆਨ ਗ਼ੈਰ-ਦਿਆਨਤਦਾਰੀ ਤੇ ਬੇਈਮਾਨੀ ਨਾਲ ਦਿੱਤਾ ਗਿਆ ਹੈ। ਕੈਪਟਨ ਨੂੰ ਆਪਣੇ ਪਰਿਵਾਰ ਦੇ ਇਤਿਹਾਸ ਦਾ ਤਾਂ ਪੂਰਾ ਚੇਤਾ ਹੋਣਾ ਚਾਹੀਦਾ ਹੈ ਕਿ 1873 ਵਿਚ ਉਨਾਂ ਦੇ ਦਾਦਾ ਮਹਾਰਾਜਾ ਭੁਪਿੰਦਰ ਸਿੰਘ ਦੀ ਪਹਿਲ ਕਦਮੀ 'ਤੇ ਪਟਿਆਲਾ, ਨਾਭਾ ਤੇ ਜੀਂਦ ਦੀਆਂ ਫੂਲਕੀਆਂ ਰਿਆਸਤਾਂ ਨੇ ਬ੍ਰਿਟਿਸ਼ ਕਬਜ਼ੇ ਹੇਠਲੇ ਪੰਜਾਬ ਰਾਜ ਨਾਲ ਇਕ ਸੰਧੀ ਕਰਕੇ ਸਰਹਿੰਦ ਨਹਿਰ ਵਿਚੋਂ ਦੋਰਾਹੇ ਹੈੱਡ ਵਰਕਸ ਤੋਂ ਇਕ ਨਹਿਰ ਇਨਾਂ ਰਿਆਸਤਾਂ ਵਾਸਤੇ ਲਈ ਸੀ ਤੇ ਪਾਣੀ ਦਾ ਮੁੱਲ ਦੇਣਾ ਪਿਆ ਸੀ। ਫਿਰ ਜਦੋਂ 1948 ਵਿਚ ਪਟਿਆਲਾ ਅਤੇ ਦੂਜੀਆਂ ਰਿਆਸਤਾਂ ਨੂੰ ਮਿਲਾ ਕੇ ਪੈਪਸੂ ਦਾ ਗਠਨ ਹੋਇਆ ਤਾਂ ਕੈਪਟਨ ਅਮਰਿੰਦਰ ਸਿੰਘ ਦੇ ਪਿਤਾ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਪੈਪਸੂ ਦੇ ਰਾਜ-ਪ੍ਰਮੁੱਖ ਬਣਾਇਆ ਗਿਆ ਸੀ ਜੋ ਇਕ ਗਵਰਨਰ ਦੇ ਬਰਾਬਰ ਦਾ ਅਹੁਦਾ ਸੀ। ਪੈਪਸੂ ਦੇ ਰਾਜ-ਪ੍ਰਮੁੱਖ ਵੱਲੋਂ ਇਕ ਵਾਰ ਫਿਰ ਪੰਜਾਬ ਰਾਜ ਨਾਲ 1873 ਦੀ ਸੰਧੀ ਨੂੰ ਨਵਿਆਇਆ ਗਿਆ। ਇਸ ਨਵੀਂ ਸੰਧੀ ਦੀ ਮੱਦ ਨੰਬਰ ਤਿੰਨ, ਚਾਰ ਅਤੇ ਪੰਜ ਵਿਚ ਪੈਪਸੂ ਪੰਜਾਬ ਨੂੰ ਪਾਣੀ ਦਾ ਮੁੱਲ ਤਾਰਨ ਲਈ ਸਹਿਮਤ ਹੋਇਆ ਸੀ ਅਤੇ ਪੈਪਸੂ ਦੇ 1956 ਵਿਚ ਪੰਜਾਬ ਵਿਚ ਸ਼ਾਮਲ ਹੋਣ ਤਕ ਪੈਪਸੂ ਪੰਜਾਬ ਨੂੰ ਪਾਣੀ ਦਾ ਮੁੱਲ ਤਾਰਦਾ ਰਿਹਾ ਹੈ। ਇਸ ਸੰਧੀ ਅਤੇ ਗੁਲਜ਼ਾਰੀ ਲਾਲ ਨੰਦਾ ਵਾਲੀ ਮੀਟਿੰਗ ਦੀ ਕਾਰਵਾਈ ਦੀ ਕਾਪੀ ਭਾਰਤ ਸਰਕਾਰ ਦੇ 'ਸੈਂਟਰਲ ਵਾਟਰ ਕਮਿਸ਼ਨ ਆਨ ਇੰਟਰਸਟੇਟ ਮੈਟਰਜ ਡਾਇਰੈਕਟੋਰੇਟ, ਨਵੀਂ ਦਿੱਲੀ' ਵੱਲੋਂ ਅਕਤੂਬਰ 2015 ਵਿਚ ਛਾਪੇ ਲੀਗਲ ਇੰਸਟਰੂਮੈਂਟਸ ਆਨ ਰਿਵਰਜ਼ ਇਨ ਇੰਡੀਆ ਦੀ ਤੀਜੀ ਜਿਲਦ ਦੇ ਪਹਿਲੇ ਭਾਗ ਵਿਚ ਛਾਪੇ ਗਏ ਹਨ, ਜੋ ਸਬੰਧਤ ਵਿਭਾਗ ਦੀ ਵੈੱਬਸਾਈਟ 'ਤੇ ਵੀ ਉਪਲੱਬਧ ਹੈ, ਕੈਪਟਨ ਨੂੰ ਇਹ ਦਸਤਾਵੇਜ ਜ਼ਰੂਰ ਪੜਨੇ ਚਾਹੀਦੇ ਹਨ, ਆਖਰ ਉਨਾਂ ਦੇ ਪੁਰਖਿਆਂ ਦਾ ਇਤਿਹਾਸ ਹੈ।

ਸੰਪਰਕ : 81968-66476 ਅਤੇ 90138-69336

## ਜ਼ੁਲਮ ਅਤੇ ਅਨਿਆਂ ਦੀ ਲਹੂ...

ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਅਦਾਲਤੀ ਜਾਂਚ ਦੀ ਰਿਪੋਰਟ ਉਪਰੰਤ 8 ਮਾਰਚ 2019 ਨੂੰ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਕੀਲ ਐਚ ਸੀ ਅਰੋੜਾ ਰਾਹੀਂ ਅਦਾਲਤ ਵਿਚ ਪਟੀਸ਼ਨ ਪਾਈ ਸੀ। ਸਾਕਾ ਨਕੋਦਰ ਸੰਬੰਧੀ ਕੇਸ (CRM-M-10715-2019: BALDEV SINGH Vs STATE OF PUNJAB AND OTHERS ) ਦੀ 10 ਜੁਲਾਈ 2019 ਨੂੰ ਸੁਣਵਾਈ ਸਮੇ ਸੂਬਾ ਗ੍ਰਿਹ ਵਿਭਾਗ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਜਸਟਿਸ ਮਹਾਂਬੀਰ ਸਿੰਘ ਸਿੰਧੂ ਦੇ ਬੇਂਚ ਕੋਲ ਮੰਨਿਆਂ ਹੈ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਹਿੱਸਾ ਸੂਬਾ ਗ੍ਰਿਹ ਵਿਭਾਗ ਦੇ ਰਿਕਾਰਡ ਵਿੱਚੋਂ ਗੁੰਮ ਹੈ ।

ਜਸਟਿਸ ਮਹਾਂਬੀਰ ਸਿੰਘ ਸਿੰਧੂ ਦੇ ਬੇਂਚ ਨੇ 22 ਜੁਲਾਈ 2019 ਨੂੰ ਪਟੀਸ਼ਨ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ, ਪੰਜਾਬ ਗ੍ਰਿਹ ਵਿਭਾਗ, ਨਾਲ ਤਤਕਾਲੀ ਜ਼ਿਲਾ ਮੈਜਿਸਟ੍ਰੇਟ ਅਤੇ ਮੌਜੂਦਾ ਅਕਾਲੀ ਆਗੂ ਦਰਬਾਰਾ ਸਿੰਘ ਗੁਰੂ, ਤਤਕਾਲੀ ਐਸਐਸਪੀ ਮੁਹੰਮਦ ਇਜ਼ਹਾਰ ਆਲਮ ਅਤੇ ਸੀ ਆਰ ਪੀ ਦੇ ਤਤਕਾਲੀ ਐਸਪੀ (ਅਪਰੇਸ਼ਨ) ਅਸ਼ਵਨੀ ਕਮਾਰ ਸ਼ਰਮਾ ਨੂੰ ਨੋਟਿਸ ਜਾਰੀ ਜਾਰੀ ਕਰ ਜਵਾਬ ਤਲਬ ਕੀਤਾ ਹੈ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕੇਸ ਸੰਬੰਧੀ ਅਗਲੀ ਸੁਣਵਾਈ 25 ਮਾਰਚ 2020 ਨੂੰ ਹੈ ।

29 ਮਾਰਚ 1987 ਨੂੰ ਸ਼੍ਰੀ ਇੰਦਰਜੀਤ ਸਿੰਘ ਜੁਡੀਸ਼ਲ ਮੈਜਿਸਟ੍ਰੇਟ ਕਲਾਸ 1 ਨਕੋਦਰ ਵਲੋਂ ਪੁਲਿਸ ਥਾਣਾ ਨਕੋਦਰ ਦੇ ਇੰਸਪੈਕਟਰ ਜਸਕੀਰਤ ਸਿੰਘ ਵਲੋਂ 4 ਫਰਵਰੀ 1986 ਨੂੰ ਲਿਖੀ ਰਿਪੋਰਟ ਅ/ਧ 307/392/427/353/332/188/148/149/436/511 ਭ/ਦ 25/27-54-59 ਦੀ ਅਖ਼ਰਾਜ ਰਿਪੋਰਟ ਭਰੀ ਗਈ ਸੀ ਅਤੇ 4 ਜਨਵਰੀ 1988 ਨੂੰ ਸ਼੍ਰੀ ਇੰਦਰਜੀਤ ਸਿੰਘ ਜੁਡੀਸ਼ਲ ਮੈਜਿਸਟ੍ਰੇਟ ਕਲਾਸ 1 ਨਕੋਦਰ ਦੇ ਹੁਕਮਾਂ ਤੇ ਇਹ ਅਖ਼ਰਾਜ ਰਿਪੋਰਟ ਦਾਖ਼ਲ ਦਫਤਰ ਕੀਤੀ ਗਈ ਸੀ । ਹੈਰਾਨਗੀ ਇਸ ਗੱਲ ਦੀ ਹੈ ਕਿ ਇਹ ਫੈਸਲੇ ਦੀ ਫਾਇਲ ਅਤੇ ਇਸ ਨਾਲ ਨੱਥੀ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਅਦਾਲਤ ਦੇ ਰਿਕਾਰਡ ਵਿਚੋਂ ਗਾਇਬ ਹੈ । ਸ਼੍ਰੀ ਇੰਦਰਜੀਤ ਸਿੰਘ ਅੱਜ ਕਲ ਹਾਈਕੋਰਟ ਦੇ ਜੱਜ ਹਨ ।

ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਪਿਤਾ ਸਰਦਾਰ ਬਲਦੇਵ ਸਿੰਘ ਨੇ 12 ਦਸੰਬਰ 2018 ਨੂੰ ਪੰਜਾਬ ਰਾਜਪਾਲ ਕੋਲ ਸ਼ਿਕਾਇਤ ਨੰਬਰ GRHPB/E/2018/00224 ਦਰਜ਼ ਕਰਵਾਈ ਸੀ ਕਿ ਪੰਜਾਬ ਸਰਕਾਰ ਪੀੜਤ ਪਰਿਵਾਰਾਂ ਨੂੰ 1986 ਵਿਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਜੋ ਕਿ ਪੰਜਾਬ ਸਰਕਾਰ ਕੋਲ 31 ਅਕਤੂਬਰ 1986 ਤੋਂ ਹੈ ਨਹੀਂ ਦੇ ਰਹੀ। ਰਾਜ ਭਵਨ ਦੇ ਰਿਕਾਰਡ ਅਨੁਸਾਰ ਇਹ ਸ਼ਿਕਾਇਤ ਅਜੇ ਵੀ ਵਿਚਾਰ ਅਧੀਨ ਹੈ ।

8 ਮਈ 2019 ਨੂੰ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੇ ਇੰਡੀਆ ਨਿਊਜ਼ ਪੰਜਾਬ ਟੀ ਵੀ ਚੈਨਲ ਨਾਲ ਗੱਲ ਕਰਦਿਆਂ ਘੋਸ਼ਣਾ ਕੀਤੀ ਸੀ ਕਿ ਪੰਜਾਬ ਸਰਕਾਰ ਨੇ 1986 ਵਿਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦੇ ਇਨਸਾਫ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਕਾਰਵਾਈ ਕਰਨ ਲਈ ਇਹ ਕੇਸ ਦੋਬਾਰਾ ਖੁਲਵਾ ਦਿੱਤਾ ਗਿਆ ਹੈ । https://youtu.be/ezsaLkd-pPU

16 -17 ਫਰਵਰੀ 2020 ਨੂੰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਲੋਕ ਇਨਸਾਫ ਪਾਰਟੀ ਦੇ ਐੱਮ ਐਲ ਏ ਸਿਮਰਜੀਤ ਸਿੰਘ ਬੈਂਸ ਵੱਲੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਨੂੰ ਇਹ ਸਵਾਲ ਪੁੱਛੇ ਗਏ :

(ੳ) ਕੀ ਇਹ ਠੀਕ ਹੈ, ਕਿ ਮੁੱਖ ਮੰਤਰੀ ਪੰਜਾਬ ਦੁਬਾਰਾ 1986 ਵਿੱਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦਾ ਕੇਸ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਅਨੁਸਾਰ ਕਾਰਵਾਈ ਕਰਨ ਲਈ ਦੋਬਾਰਾ ਖੁਲਵਾ ਦਿੱਤਾ ਗਿਆ ਹੈ, ਜੇਕਰ ਅਜਿਹਾ ਹੋਵੇ, ਤਾਂ ਮਿਤੀ ਅੰਤ ਤੱਕ ਇਸ ਤੇ ਕੀਤੀ ਕਾਰਵਾਈ ਦੇ ਵੇਰਵੇ ਕੀ ਹਨ ?

(ਅ) ਕੀ ਇਹ ਵੀ ਠੀਕ ਹੈ, ਕਿ ਉਪਰੋਕਤ ਭਾਗ (ੳ) ਵਿੱਚ ਵਰਣਨ ਸਾਕਾ ਨਕੋਦਰ ਬੇਅਦਬੀ ਕਾਂਡ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਭਾਗ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਵਿੱਚ ਮੌਜੂਦ ਨਹੀਂ ਹੈ, ਜੇਕਰ ਅਜਿਹਾ ਹੋਵੇ, ਤਾਂ ਇਸਦੇ ਕਾਰਣ ਕੀ ਹਨ ?

(ੳ) ਕੀ ਇਹ ਠੀਕ ਹੈ, ਕਿ 1986 ਵਿੱਚ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਦਾ ਕੇਸ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਦੂਸਰਾ ਭਾਗ ਗ੍ਰਿਹ ਵਿਭਾਗ, ਪੰਜਾਬ ਦੇ ਰਿਕਾਰਡ ਵਿੱਚੋਂ ਗਾਇਬ ਹੈ, ਜੇਕਰ ਅਜਿਹਾ ਹੋਵੇ, ਤਾਂ ਕੀ ਪੰਜਾਬ ਸਰਕਾਰ ਦੁਆਰਾ ਇਸ ਸੰਬੰਧੀ ਕੋਈ ਜਾਂਚ ਕਰਵਾਈ ਗਈ ਹੈ ?

(ਅ) ਜੇਕਰ ਉਪਰੋਕਤ ਭਾਗ (ੳ) ਵਿੱਚ ਵਰਣਨ ਗੁੰਮ ਹੋਏ ਰਿਕਾਰਡ ਦੇ ਸੰਬੰਧ ਵਿੱਚ ਪੰਜਾਬ ਸਰਕਾਰ ਦੁਆਰਾ ਕੋਈ ਜਾਂਚ ਕਰਵਾਈ ਗਈ ਹੈ, ਤਾਂ ਇਸਦੇ ਨਤੀਜੇ ਕੀ ਹਨ ?

(ੳ) ਕੀ ਇਹ ਠੀਕ ਹੈ, ਕਿ 4 ਫ਼ਰਵਰੀ, 1986 ਨੂੰ ਵਾਪਰੇ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਪੁਲਿਸ ਥਾਣਾ ਨਕੋਦਰ ਵਿਖੇ ਲਿਖੀ ਗਈ ਰਿਪੋਰਟ ਨੂੰ 4 ਜਨਵਰੀ 1988 ਨੂੰ ਜੁਡੀਸ਼ਲ ਮੈਜਿਸਟ੍ਰੇਟ ਕਲਾਸ 1 ਦੇ ਹੁਕਮਾਂ ਅਨੁਸਾਰ ਦਾਖ਼ਲ ਦਫਤਰ ਕਰ ਦਿੱਤਾ ਗਿਆ ਸੀ ?

(ਅ) ਕੀ ਇਹ ਵੀ ਠੀਕ ਹੈ, ਕਿ ਉਪਰੋਕਤ ਭਾਗ (ੳ) ਵਿੱਚ ਵਰਣਨ ਰਿਪੋਰਟ ਨੂੰ ਦਾਖ਼ਲ ਦਫਤਰ ਕਰਨ ਦੇ ਫੈਸਲੇ ਅਤੇ ਇਸ ਨਾਲ ਨੱਥੀ ਸਾਕਾ ਨਕੋਦਰ ਬੇਅਦਬੀ ਕਾਂਡ ਸੰਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਵੀ ਅਦਾਲਤ ਦੇ ਰਿਕਾਰਡ ਵਿੱਚੋਂ ਗਾਇਬ ਹੈ ; ਕੀ ਰਿਪੋਰਟ ਦੇ ਅਦਾਲਤੀ ਰਿਕਾਰਡ ਵਿੱਚੋਂ ਗੁੰਮ ਹੋਣ ਸੰਬੰਧੀ ਸਰਕਾਰ ਨੇ ਕੋਈ ਜਾਂਚ ਕਾਰਵਾਈ ਹੈ, ਜੇਕਰ ਅਜਿਹਾ ਹੋਵੇ, ਤਾਂ ਇਸਦੇ ਸਿੱਟੇ ਕੀ ਹਨ ?

(ੲ) ਕੀ ਪੰਜਾਬ ਸਰਕਾਰ ਸਾਕਾ ਨਕੋਦਰ ਬੇਅਦਬੀ ਕਾਂਡ ਦੇ ਪੀੜਤਾਂ ਨੂੰ ਪਹਿਲ ਦੇ ਅਧਾਰ ਤੇ ਇਨਸਾਫ ਦਿਵਾਉਣ ਲਈ ਕਾਰਵਾਈ ਕਰੇਗੀ ?

ਸਾਕਾ ਨਕੋਦਰ ਦੇ ਕੇਸ ਨੂੰ ਦਬਾਉਣ ਲਈ ਪੁਲਿਸ, ਪ੍ਰਸ਼ਾਸ਼ਨ, ਏਜੰਸੀਆਂ ਅਤੇ ਸਰਕਾਰਾਂ ਨੇ ਹਰ ਹੀਲਾ ਵਰਤਿਆ ।

ਗੁਰਦਵਾਰੇ ਦੇ ਗ੍ਰੰਥੀ ਨੂੰ ਬੇਅਦਬੀ ਲਈ ਜਿੰਮੇਵਾਰ ਠਹਿਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ।

ਪੁਰਅਮਨ, ਸਤਿਨਾਮ ਵਾਹਿਗੁਰੂ ਕਰਦੀ ਸੰਗਤ ਤੇ ਬਿਨਾਂ ਕਿਸੇ ਭੜਕਾਹਟ ਜਾਂ ਚਿਤਾਵਨੀ ਦੇ ਗੋਲੀਆਂ ਦਾ ਮੀਂਹ ਵਰਸਾਇਆ ਗਿਆ।

ਤਿੰਨ ਬੇਕਸੂਰੇ ਸਿੱਖ ਨੌਜਵਾਨਾਂ ਨੂੰ ਛਾਤੀਆਂ ਵਿੰਨਕੇ ਸ਼ਹੀਦ ਕਰ ਦਿੱਤਾ ਗਿਆ ।

ਇੰਸਪੈਕਟਰ ਜਸਕੀਰਤ ਚਾਹਲ ਤੇ ਡੀ ਐੱਸ ਪੀ ਸਵਰਨ ਘੋਟਣੇ ਨੇ ਚੌਥੇ ਸ਼ਹੀਦ ਦੇ ਮੂੰਹ ਵਿਚ ਗੋਲੀਆਂ ਮਾਰਕੇ ਜਿਉਂਦੇ ਨੂੰ ਹੀ ਲਾਸ਼ ਘਰ ਵਿਚ ਪੋਸਟ ਮਾਰਟਮ ਲਈ ਸੁੱਟ ਦਿੱਤਾ ।

ਸਿੱਖ ਨੌਜਵਾਨਾਂ ਨੂੰ ਘਰਾਂ ਤੇ ਫ਼ਸਲਾਂ ਵਿਚੋਂ ਕੱਢ ਕੇ ਤਸ਼ੱਦਦ ਕੀਤਾ ਗਿਆ ।

ਘੋੜਸਵਾਰ ਪੁਲਿਸ ਨੇ ਘਟਨਾ ਸਥਾਨ ਤੋਂ ਕਈ ਕਿਲੋਮੀਟਰ ਦੂਰ ਤੱਕ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ।

ਪੋਸਟ ਮਾਰਟਮ 4/5 ਫਰਵਰੀ 1986 ਅੱਧੀ ਰਾਤ ਨੂੰ ਤਤਕਾਲੀ ਏ ਡੀ ਸੀ ਦਰਬਾਰਾ ਸਿੰਘ ਗੁਰੂ ਦੇ ਹੁਕਮਾਂ ਤੇ ਕੀਤੇ ਗਏ ।

ਅਸਲ ਪਹਿਚਾਣ ਹੋਣ ਦੇ ਬਾਵਜੂਦ ਸ਼ਹੀਦਾਂ ਦੇ ਸਰੀਰਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਕਰਾਰ ਦੇ ਕੇ ਪੁਲਿਸ ਨੇ ਸਾੜ ਦਿੱਤਾ ।

ਸਾਕਾ ਨਕੋਦਰ ਬੇਅਦਬੀ ਕਾਂਡ ਸਬੰਧੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਨੂੰ 33 ਸਾਲ ਨੱਪੀ ਰੱਖਿਆ ਰਿਪੋਰਟ ਦਾ ਦੂਸਰਾ ਭਾਗ ਅਜੇ ਤੱਕ ਗੁੰਮ ਹੈ ।

ਪਿਛਲੇ 34 ਸਾਲਾਂ ਤੋਂ ਸਮੇ ਦੀਆਂ ਸਰਕਾਰਾਂ ਨੇ ਕਾਤਲਾਂ ਨੂੰ ਬਚਾਉਣ ਦੀਆਂ ਹੀ ਕੋਸ਼ਿਸ਼ਾਂ ਕੀਤੀਆਂ ਹਨ ।

ਸਰਕਾਰਾਂ ਤੋਂ ਰਿਪੋਰਟ ਤੇ ਕਾਰਵਾਈ ਦੀ ਕੋਈ ਆਸ ਨਹੀਂ, ਹਾਲਾਂ ਕੇ ਸਿਆਸੀ ਪਾਰਟੀਆਂ ਇਸ ਤੇ ਬਾਰ ਬਾਰ ਸਿਆਸਤ ਕਰਦੀਆਂ ਰਹੀਆਂ ਨੇ ।

## ਦਿੱਲੀ ਵਿਧਾਨ ਸਭਾ ਦੀਆਂ ਚੋਣਾ...

ਫਿਰ ਵੀ ਕਿਹਾ ਜਾ ਸਕਦਾ ਹੈ ਕਿ ਕੁਝ ਮੁੱਢਲੀਆਂ ਗ਼ਲਤੀਆਂ ਤੋਂ ਬਾਅਦ ਕੇਜਰੀਵਾਲ ਦੀ ਟੀਮ ਨੇ ਪੂਰੀ ਮਿਹਨਤ ਨਾਲ ਦਿੱਲੀ ਸਰਕਾਰ ਚਲਾਈ। ਬਿਨਾਂ ਸ਼ੱਕ ਆਮ ਆਦਮੀ ਪਾਰਟੀ ਕਿਸੇ ਵਿਸ਼ੇਸ਼ ਧਰਮ, ਜਾਤੀ, ਇਲਾਕੇ ਦੀ ਥਾਂ ਉੱਤੇ ਸੁਚੱਜਾ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੇ ਨਾਅਰੇ ਨਾਲ ਹੋਂਦ ਵਿੱਚ ਆਈ ਸੀ। ਇਸ ਵਾਰ ਵੋਟਾਂ ਵੀ ਸਿਹਤ, ਸਿੱਖਿਆ, ਬਿਜਲੀ, ਪਾਣੀ ਦੇ ਖੇਤਰ ਵਿੱਚ ਕੰਮਾਂ ਕੀਤੇ ਕੰਮਾਂ ਦੇ ਆਧਾਰ ਉੱਤੇ ਮੰਗ ਰਹੀ ਹੈ। ਨਿਸ਼ਚੇ ਹੀ ਜੇ ਭਾਰਤੀ ਜਨਤਾ ਪਾਰਟੀ ਦੇ ਮੁਕਾਬਲੇ ਆਮ ਆਦਮੀ ਪਾਰਟੀ ਜਿੱਤ ਜਾਂਦੀ ਹੈ ਤਾਂ ਇਹ ਜਿੱਤ ਕਈ ਪੱਖਾਂ ਤੋਂ ਮਹੱਤਵਪੂਰਨ ਹੋਵੇਗੀ। ਇਹ ਸਥਾਪਿਤ ਹੋਣਾ ਚੰਗਾ ਸ਼ਗਨ ਹੋਵੇਗਾ ਕਿ ਲੋਕ ਚੰਗੇ ਕੰਮਾਂ ਨੂੰ ਵੀ ਵੋਟ ਦਿੰਦੇ ਹਨ।

ਇੱਕ ਹੋਰ ਬੜੀ ਦਿਲਚਸਪ ਗੱਲ ਹੈ ਕਿ ਪਿਛਲੀਆਂ ਲੋਕ ਸਭਾ ਵਿੱਚ ਭਾਰਤੀ ਜਨਤਾ ਪਾਰਟੀ ਨੂੰ 54% ਵੋਟ ਹਾਸਲ ਹੋਏ ਹਨ ਜਦੋਂ ਕਿ ਆਮ ਆਦਮੀ ਪਾਰਟੀ ਨੂੰ 18 ਪ੍ਰਤੀਸ਼ਤ ਵੋਟ ਹੀ ਮਿਲੇ ਹਨ ਅਤੇ ਕਾਂਗਰਸ ਪਾਰਟੀ 22 ਪ੍ਰਤੀਸ਼ਤ ਵੋਟ ਲੈ ਗਈ ਹੈ। ਪਹਿਲਾਂ ਵੀ ਅਜਿਹਾ ਹੀ ਹੋਇਆ ਸੀ ਕਿ ਦਿੱਲੀ ਵਾਸੀਆਂ ਨੇ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਭਾਰਤੀ ਜਨਤਾ ਪਾਰਟੀ ਨੂੰ ਦੇ ਦਿੱਤੀਆਂ ਸਨ ਅਤੇ ਵਿਧਾਨ ਸਭਾ ਦੀਆਂ ਲਗਭਗ ਸਾਰੀਆਂ ਹੀ ਸੀਟਾਂ ਆਮ ਆਦਮੀ ਪਾਰਟੀ ਨੂੰ ਦੇ ਦਿੱਤੀਆਂ ਸਨ। ਇਹ ਵਿਚਾਰ ਬਣਦਾ ਜਾ ਰਿਹਾ ਹੈ ਕਿ ਭਾਰਤੀ ਵੋਟਰ ਦਾ ਵਿਵਹਾਰ ਲੋਕ ਸਭਾ ਚੋਣਾਂ ਵਿੱਚ ਹੋਰ ਅਤੇ ਵਿਧਾਨ ਸਭਾ ਚੋਣਾਂ ਵਿੱਚ ਹੋਰ ਹੁੰਦਾ ਹੈ।

ਇਹ ਵੀ ਮਹੱਤਵਪੂਰਨ ਗੱਲ ਹੈ ਕਿ ਦਿੱਲੀ ਵਿੱਚ ਫਲੋਟਿੰਗ ਵੋਟ ਬਹੁਤ ਹੈ। ਇਨਾਂ ਚੋਣਾਂ ਵਿੱਚ ਇਹ ਵੀ ਮਹੱਤਵਪੂਰਨ ਰਹੇਗਾ ਕਿ ਕੀ ਕਾਂਗਰਸ ਪਾਰਟੀ ਦਿੱਲੀ ਵਿੱਚ ਆਪਣੇ ਕੱਦਾਵਾਰ ਨੇਤਾ ਸ਼ੀਲਾ ਦੀਕਸ਼ਤ ਦੀ ਗ਼ੈਰ ਹਾਜ਼ਰੀ ਵਿੱਚ ਕੁਝ ਕਰ ਪਾਉਂਦੀ ਹੈ।

ਜੇ ਆਮ ਆਦਮੀ ਪਾਰਟੀ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਅਤੇ ਚੇਤਨ ਆਦਰਸ਼ਵਾਦੀ ਮੱਧ ਵਰਗ ਨੂੰ ਨਾਲ ਜੋੜਨ ਵਿੱਚ ਸਫਲ ਰਹੀ ਅਤੇ ਇਸ ਵਾਰ ਵੀ ਚੋਣਾਂ ਜਿੱਤ ਜਾਂਦੀ ਹੈ ਤਾਂ ਕੁਝ ਗੱਲਾਂ ਸਪਸ਼ਟ ਹੋ ਜਾਣਗੀਆਂ। ਪਹਿਲੀ, ਕੇਜਰੀਵਾਲ ਪਾਰਟੀ ਦਾ ਨਿਰਵਿਵਾਦ ਲੀਡਰ ਹੈ ਅਤੇ ਉਹ ਦੂਜੀਆਂ ਪਾਰਟੀਆਂ ਦੇ ਸੁਪਰੀਮੋ ਵਰਗਾ ਸੁਪਰੀਮੋ ਬਣ ਜਾਵੇਗਾ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਹੁਲਾਰਾ ਮਿਲੇਗਾ, ਬਾਗੀ ਸੁਰਾਂ ਸ਼ਾਂਤ ਹੋ ਜਾਣਗੀਆਂ, ਕੇਜਰੀਵਾਲ ਪ੍ਰਤੀ ਸਤਿਕਾਰ ਵਧ ਜਾਵੇਗਾ। ਰਾਸ਼ਟਰੀ ਪੱਧਰ ਉੱਪਰ ਵੀ ਪਾਰਟੀ ਇੱਕ ਰਾਸ਼ਟਰੀ ਬਦਲ ਦੇ ਤੌਰ ਉੱਤੇ ਉੱਭਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਇਸਦੇ ਨਾਲ ਹੀ ਉਸਦੇ ਸਿਰ ਵੱਡੀਆਂ ਜ਼ਿੰਮੇਵਾਰੀਆਂ ਪੈਣਗੀਆਂ। ਉਸ ਨੂੰ ਦਿੱਲੀ ਦੇ ਸਥਾਨਕ ਮੁੱਦਿਆਂ ਦੇ ਨਾਲ ਨਾਲ ਰਾਸ਼ਟਰੀ ਮੁੱਦਿਆਂ ਉੱਪਰ ਵੀ ਆਪਣੇ ਵਿਚਾਰ ਰੱਖਣੇ ਪੈਣਗੇ। ਇਹ ਵੇਖਣ ਵਾਲੀ ਗੱਲ ਹੈ ਕਿ ਆਖਰ ਭਾਜਪਾ ਕਿਹੜੀ ਨਵੀਂ ਚਾਲ ਚੱਲਦੀ ਹੈ ਜਿਸ ਨਾਲ ਉਹ ਅੱਖ ਦੀ ਕਿਰਕਿਰੀ ਬਣੇ ਕੇਜਰੀਵਾਲ ਨੂੰ ਹਰਾ ਸਕੇ ਕਿਉਂਕਿ ਆਮ ਆਦਮੀ ਪਾਰਟੀ ਦਾ ਦੁਬਾਰਾ ਜਿੱਤਣਾ ਭਾਜਪਾ ਲਈ ਉਲਟੀ ਗਿਣਤੀ ਸ਼ੁਰੂ ਹੋਣ ਦਾ ਸੰਕੇਤ ਹੋਵੇਗਾ।

## ਲੋਕਤੰਤਰ ਦੇ ਪੈਮਾਨੇ ਤੇ ਭਾਰਤ ਦ

ਪੁਲੀਸ ਦੇ ਲਾਠੀਚਾਰਜ ਨਾਲ ਭਜਦੜ ਮਚ ਗਈ ਤੇ ਪੁਲੀਸ ਨੇ ਗੋਲੀ ਚਲਾਈ। ਪੁਲੀਸ ਨੇ ਇਸ ਤੋਂ ਬਾਅਦ ਉਸ ਇਲਾਕੇ ਨੂੰ ਨਿਸ਼ਾਨਾ ਬਣਾਇਆ, ਜਿੱਥੇ ਪ੍ਰਦਰਸ਼ਨ ਹੀ ਨਹੀਂ ਹੋਏ ਸਨ। 14 ਲੋਕਾਂ ਨੂੰ ਗੋਲੀਆਂ ਲੱਗੀਆਂ, ਜਿਸ ਵਿਚ 7 ਦੀ ਮੌਤ ਹੋਈ। ਇਸ ਰਿਪੋਰਟ ਵਿਚ ਦੱਸਿਆ ਕਿ ਯੂਪੀ ਭਰ ਵਿਚ ਪੁਲੀਸ ਕਾਰਵਾਈ ਵਿਚ ਗਰੀਬ ਤਬਕੇ ਦੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਸਰਕਾਰੀ ਹਸਪਤਾਲ ਦਾ ਡਾਕਟਰ ਕਿਵੇਂ ਇਨਾਂ ਮੁਸਲਮਾਨਾਂ ਦੇ ਇਲਾਜ ਨੂੰ ਮਨਾ ਕਰ ਸਕਦਾ ਹੈ ? ਜੇਕਰ ਅਜਿਹਾ ਹੋਇਆ ਹੈ ਤਾਂ ਬੇਹੱਦ ਗੰਭੀਰ ਗੱਲ ਹੈ। ਇਨਾਂ ਗੱਲਾਂ ਦੀ ਪ੍ਰੈੱਸ ਵਿਚ ਰਿਪੋਟਿੰਗ ਘੱਟ ਹੈ, ਕਿਉਂਕਿ ਤੁਸੀਂ ਜਾਣਦੇ ਹੋ ਟੀਵੀ ਚੈਨਲਾਂ ਦਾ ਸਾਰਾ ਹਿੱਸਾ ਡਿਬੇਟ ਨਾਲ ਭਰਿਆ ਰਹਿੰਦਾ ਹੈ। ਸੁਪਰੀਮ ਕੋਰਟ ਨੇ ਵੀ ਨਾਗਰਿਕਤਾ ਸੋਧ ਕਾਨੂੰਨ ’ਤੇ ਰੋਕ ਲਗਾਉਣ ਨੂੰ ਫਿਲਹਾਲ ਮਨਾ ਕਰ ਦਿੱਤਾ ਹੈ। ਕੋਰਟ ਨੇ ਸਰਕਾਰ ਤੋਂ ਚਾਰ ਹਫਤਿਆਂ ਦੇ ਅੰਦਰ ਰਿੱਟਾਂ ’ਤੇ ਜੁਆਬ ਮੰਗਿਆ ਹੈ। ਕੇਂਦਰ ਸਰਕਾਰ ਨੇ ਜਵਾਬ ਦਾਖਲ ਨਹੀਂ ਕੀਤਾ ਹੈ। ਕੇਂਦਰ ਦੇ ਵਕੀਲਾਂ ਦਾ ਕਹਿਣਾ ਹੈ ਕਿ 60 ਨਵੀਆਂ ਰਿੱਟਾਂ ਨਵੀਆਂ ਆ ਗਈਆਂ ਹਨ, ਜਿਨਾਂ ਦੇ ਜਵਾਬ ਦੀ ਤਿਆਰੀ ਲਈ ਵਕਤ ਚਾਹੀਦਾ ਹੈ। ਅੱਜ ਜਦ ਇਨਾਂ ਰਿੱਟਾਂ ਦੀ ਸੁਣਵਾਈ ਲਈ ਤਿੰਨ ਜੱਜਾਂ ਦਾ ਬੈਂਚ ਬੈਠਾ ਹੈ ਤਾਂ ਸੁਣਨ ਲਈ ਭਾਰੀ ਗਿਣਤੀ ਵਿਚ ਲੋਕ ਪਹੁੰਚ ਗਏ। ਮੁਖ ਜੱਜ ਨੂੰ ਸੁਰੱਖਿਆ ਕਰਮਚਾਰੀ ਬੁਲਾਣੇ ਪਏ। ਇਸ ’ਤੇ ਬਹਿਸ ਹੋਣ ਲੱਗੀ ਕਿ ਜੋ ਭੀੜ ਆਈ ਹੈ, ਉਸ ਨੂੰ ਕਿਵੇਂ ਰੋਕਿਆ ਜਾਵੇ ? ਕਾਂਗਰਸ ਦੇ ਸੀਨੀਅਰ ਨੇਤਾ ਕਪਿਲ ਸਿੱਬਲ ਨੇ ਕਿਹਾ ਕਿ ਜਲਦੀ ਸੁਣਵਾਈ ਹੋਣੀ ਚਾਹੀਦੀ ਹੈ। ਅਭਿਸ਼ੇਖ ਮਨੂ ਸਿੰਘਵੀ ਨੇ ਕਿਹਾ ਕਿ ਯੂਪੀ ਵਿਚ ਨਾਗਰਿਕਤਾ ਸੋਧ ਕਾਨੂੰਨ ਦੇ ਤਹਿਤ ਕੰਮ ਵੀ ਸ਼ੁਰੂ ਹੋ ਗਿਆ ਹੈ, ਜਿਸ ’ਤੇ ਰੋਕ ਲੱਗਣੀ ਚਾਹੀਦੀ ਹੈ, ਕਿਉਂਕਿ ਨਿਯਮਾਂ ਦਾ ਪਤਾ ਨਹੀਂ ਹੈ। ਸਿੱਬਲ ਤੇ ਸਿੰਘਵੀ ਨੇ ਸੰਵਿਧਾਨ ਬੈਂਚ ਨੂੰ ਮਾਮਲਾ ਭੇਜੇ ਜਾਣ ਦੀ ਮੰਗ ਕੀਤੀ। ਕੋਰਟ ਨੇ ਸਾਫ ਕਿਹਾ ਹੈ ਕਿ ਉਹ ਇਕ ਪੱਖੀ ਰੋਕ ਨਹੀਂ ਲਗਾ ਸਕਦਾ। ਇਸ ਸੁਣਵਾਈ ਨੂੰ ਦੇਖਦੇ ਹੋਏ ਗੁਹਾਟੀ ਯੂਨੀਵਰਸਿਟੀ ਪੂਰੀ ਤਰਾਂ ਠੱਪ ਸੀ। 10 ਦਸੰਬਰ ਦੇ ਬਾਅਦ ਪਹਿਲੀ ਵਾਰੀ ਯੂਨੀਵਰਸਿਟੀ ਬੰਦ ਹੋਈ ਸੀ। ਇਹੀ ਨਹੀਂ ਪੂਰਬ-ਉਤਰ ਦੀਆਂ 10 ਯੂਨੀਵਰਸਿਟੀਆਂ ਬੰਦ ਰਹੀਆਂ। ਸ਼ਿਲਾਂਗ ਦੀ ਨੇਹੂ ਤੇ ਇਟਨਾਗਰ ਦੀ ਰਾਜੀਵ ਗਾਂਧੀ ਯੂਨੀਵਰਸਿਟੀ ਬੰਦ ਰਹੀ। ਸੁਪਰੀਮ ਕੋਰਟ ਨੇ ਕਿਹਾ ਕਿ ਅਸਾਮ, ਤ੍ਰਿਪੁਰਾ ਦੀਆਂ ਰਿੱਟਾਂ ਨੂੰ ਅਲੱਗ ਕੈਟਾਗਿਰੀਆਂ ਵਿਚ ਸੁਣਿਆ ਜਾਵੇਗਾ। ਇਸ ਨੂੰ ਇਹ ਵਿਦਿਆਰਥੀ ਆਪਣੀ ਨੈਤਿਕ ਜਿੱਤ ਦੇ ਰੂਪ ਵਿਚ ਦੇਖ ਰਹੇ ਹਨ। ਦੋ ਮਹੀਨਿਆਂ ਤੋਂ ਪੂਰਬ ਉੱਤਰ ਦੇ ਵਿਦਿਆਰਥੀ ਅੰਦੋਲਨ ਕਰ ਰਹੇ ਹਨ। ਅਮਿਤ ਸ਼ਾਹ ਨੇ ਕਿਹਾ ਸੀ ਕਿ ਨਾਗਰਿਕਤਾ ਕਾਨੂੰਨ ਵਾਪਸ ਨਹੀਂ ਲਿਆ ਜਾਵੇਗਾ। ਇਸ ਕਾਰਨ ਵਿਦਿਆਰਥੀ ਗੁੱਸੇ ਵਿਚ ਭਾਜਪਾ ਵਾਪਸ ਜਾਓ ਦੇ ਨਾਅਰੇ ਲਗਾ ਰਹੇ ਹਨ।

## ਸੰਤ ਅਤਰ ਸਿੰਘ ਮਸਤੂਆਣਾ...

ਬਾਦਲ ਅਕਾਲੀ ਦਲ ਨੂੰ ਜੋ ਸਭ ਤੋਂ ਵੱਡਾ ਝਟਕਾ ਅੰਦਰੂਨੀ ਬਗਾਵਤ ਟਕਸਾਲੀ ਅਕਾਲੀਆਂ ਦਾ ਲੱਗਾ ਹੈ ਤੇ ਹੁਣ ਢੀਂਡਸਾ ਪਰਿਵਾਰ ਵੀ ਇਸ ਨਾਲ ਜਾ ਰਲੇ ਹਨ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਵਜੂਦ ਖਤਰੇ ਵਿਚ ਪੈਣ ਦੀ ਸੰਭਾਵਨਾ ਬਣੀ ਹੋਈ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਇਸ ਬਗਾਵਤ ਪਿੱਛੇ ਭਾਜਪਾ ਦਾ ਹੀ ਹੱਥ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਉਨਾਂ ਦਾ ਪੰਥਕ ਕੇਡਰ ਗੁਆਚ ਰਿਹਾ ਹੈ ਤੇ ਨਾਲ ਉਹ ਭਾਜਪਾ ਦਾ ਆਸਰਾ ਵੀ ਲੈਣਾ ਚਾਹੁੰਦੀ ਹੈ। ਇਹੀ ਬਾਦਲ ਅਕਾਲੀ ਦਲ ਦਾ ਦੁਖਾਂਤ ਬਣਿਆ ਹੋਇਆ ਹੈ। ਹੁਣੇ ਜਿਹੇ ਸੁਖਦੇਵ ਸਿੰਘ ਢੀਂਡਸਾ ਵੱਲੋਂ ਟਕਸਾਲੀਆਂ ਨੂੰ ਨਾਲ ਲੈ ਕੇ ਜਿਸ ਤਰਾਂ ਦਿੱਲੀ ਵਿੱਚ ਆਪਣੀ ਤਾਕਤ ਦਾ ਮੁਜ਼ਾਹਰਾ ਕੀਤਾ ਗਿਆ, ਉਹ ਸਪੱਸ਼ਟ ਤੌਰ ਉੱਤੇ ਭਾਜਪਾ ਨੂੰ ਇਹ ਯਕੀਨ ਦਿਵਾਉਣਾ ਹੀ ਸੀ ਕਿ ਦਿੱਲੀ ਦੇ ਸਿੱਖ ਹੁਣ ਉਨਾਂ ਨਾਲ ਹਨ। ਅਸੀਂ ਸਮਝਦੇ ਹਾਂ ਕਿ ਭਾਜਪਾ ਵਲੋਂ ਬਾਦਲ ਅਕਾਲੀ ਦਲ ਨੂੰ ਅੰਗੂਠਾ ਦਿਖਾਉਣ ਪਿੱਛੇ ਇਹ ਵੀ ਕਾਰਨ ਹੋ ਸਕਦਾ ਹੈ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਲ ਬਾਦਲ ਦਿੱਲੀ ਵਿਚ ਵੀ ਆਪਣਾ ਪ੍ਰਭਾਵ ਗੁਆ ਰਿਹਾ ਹੈ। ਪੰਜਾਬੀਆਂ ਦੀ ਅਰਦਾਸ ਇਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਿਰਜਣਾ ਹੋਵੇ ਜਿਸ ਦਾ ਆਧਾਰ ਸਾਡੇ ਬਜ਼ੁਰਗਾਂ ਨੇ ਪੰਜਾਬ ਦੇ ਹਿੱਤਾਂ ਲਈ ਬੁਣਿਆ ਸੀ। ਅਕਾਲੀ ਦਲ ਦਾ ਇਤਿਹਾਸਕ ਕੁਰਬਾਨੀ ਵਾਲਾ ਰਵਾਇਤੀ ਜਜ਼ਬਾ, ਸਰਬੱਤ ਦਾ ਭਲਾ, ਪੰਜਾਬੀਆਂ ਦੀ ਪਹਿਰੇਦਾਰੀ, ਖ਼ਾਸ ਤੌਰ ਉੱਤੇ ਘੱਟ ਗਿਣਤੀਆਂ ਅਤੇ ਮਜ਼ਲੂਮਾਂ ਅਤੇ ਮਨੁੱਖੀ ਬਰਾਬਰੀ ਵਾਲਾ ਏਜੰਡਾ ਅਤੇ ਕੁਰਬਾਨੀ ਵਾਲੀ ਲੀਡਰਸ਼ਿਪ ਕਾਇਮ ਹੋਵੇ।

## ਖਾਲਿਸਤਾਨ ਲਿਬਰੇਸ਼ਨ ਫੋਰਸ...

### ਪਰਿਵਾਰ ਵੱਲੋਂ ਮ੍ਰਿਤਕ ਦੇਹ ਦੀ ਮੰਗ

ਬੀਤੇ ਕੱਲ ਲਾਹੌਰ ਦੇ ਬਾਹਰਵਾਰ ਗੁਰਦੁਆਰਾ ਡੇਰਾ ਚਾਹਲ ਸਾਹਬ ਨੇੜੇ ਦੋ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਹਰਮੀਤ ਸਿੰਘ ਪੀਐਚਡੀ ਦੇ ਪਰਿਵਾਰ ਨੇ ਮੰਗ ਕੀਤੀ ਹੈ ਕਿ ਉਹਨਾਂ ਦੀ ਮ੍ਰਿਤਕ ਦੇਹ ਨੂੰ ਭਾਰਤ ਭੇਜਿਆ ਜਾਵੇ ਤਾਂ ਜੋ ਪਰਿਵਾਰ ਉਹਨਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰ ਸਕੇ।

ਹਰਮੀਤ ਸਿੰਘ ਦੇ ਪਿਤਾ ਅਵਤਾਰ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਮੀਡੀਆ ਰਾਹੀਂ ਹੀ ਇਸ ਘਟਨਾ ਦਾ ਪਤਾ ਲੱਗਿਆ ਹੈ ਤੇ ਜੇ ਇਹ ਸੱਚ ਹੈ ਤਾਂ ਉਹਨਾਂ ਦੇ ਪੁੱਤਰ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੇ ਘਰ ਲਿਆਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਉਹਨਾਂ ਦੱਸਿਆ ਕਿ ਹਰਮੀਤ ਸਿੰਘ ਨਵੰਬਰ 2008 ਵਿਚ ਘਰ ਛੱਡ ਕੇ ਚਲੇ ਗਿਆ ਸੀ ਅਤੇ ਉਸ ਤੋਂ ਬਾਅਦ ਹੁਣ ਤੱਕ 11 ਸਾਲਾਂ ਵਿਚ ਉਸ ਨੇ ਕਦੇ ਵੀ ਪਰਿਵਾਰ ਨਾਲ ਸੰਪਰਕ ਨਹੀਂ ਕੀਤਾ। ਇਸ ਤੋਂ ਪਹਿਲਾਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਧਾਰਮਕ ਅਧਿਐਨ ਵਿਸ਼ੇ ਵਿਚ ਪੀਐੱਚਡੀ ਕਰ ਰਿਹਾ ਸੀ, ਜੋ ਕਿ ਅਧੂਰੀ ਰਹਿ ਗਈ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

***Additional Services with our Fuel Card***

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com